
13ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -13 ISSUE - 25
September 25, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



ਦੀ ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਯੂਬਾ ਸਿਟੀ ਵਿਖੇ 'ਮੇਲਾ ਗਦਰੀ ਬਾਬਿਆਂ ਦਾ' 5 ਅਕਤੂਬਰ 2024 ਨੂੰ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਦੇਖੋ ਸਫਾ 7 'ਤੇ।

September 28
INTERNATIONAL
SAFE ABORTION DAY



28 ਸਤੰਬਰ ਅੰਤਰਰਾਸ਼ਟਰੀ ਸੁਰੱਖਿਅਤ ਗਰਭ ਸਮਾਪਨ ਦਿਵਸ ਸਬੰਧੀ ਐਡਵੋਕੇਟ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਅਮਰੀਕਾ ਦੇ ਸਿੱਖ ਵਫ਼ਦ ਨਾਲ ਮੋਦੀ ਨੇ ਕੀਤੀ ਮੁਲਾਕਾਤ



**ਵਾਸ਼ਿੰਗਟਨ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਫੇਰੀ ਦੇ ਤੀਜੇ ਤੇ ਆਖਰੀ ਦਿਨ ਨਿਊ ਯਾਰਕ ਵਿਚ ਸਿੱਖਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ। ਸਿੱਖ ਵਫ਼ਦ ਨੇ ਮੋਦੀ ਸਰਕਾਰ ਵੱਲੋਂ ਸਿੱਖਾਂ ਵਾਸਤੇ ਕੀਤੇ ਕੰਮਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ। 'ਸਿੱਖਸ ਆਫ਼ ਅਮਰੀਕਾ' ਜਥੇਬੰਦੀ ਦੇ ਜਸਦੀਪ ਸਿੰਘ ਜੱਸੀ ਨੇ ਸ੍ਰੀ ਮੋਦੀ ਨਾਲ ਮੁਲਾਕਾਤ ਮਗਰੋਂ ਕਿਹਾ, 'ਅਸੀਂ ਬਹੁਤ ਖ਼ੁਸ਼ ਹਾਂ ਤੇ ਬੈਠਕ ਉਪਰੰਤ ਸਾਨੂੰ ਸਕਾਰਾਮਤਕ ਅਹਿਸਸ ਹੋਇਆ ਹੈ। ਜਿਵੇਂ ਹੀ ਪ੍ਰਧਾਨ ਮੰਤਰੀ ਤੁਰ ਕੇ ਕਮਰੇ ਵਿਚ ਆਏ ਅਸੀਂ ਸਿੱਖਾਂ ਦੇ ਰਵਾਇਤੀ ਜੈਕਾਰੇ 'ਜੋ ਬੋਲੇ ਸੋ ਨਿਹਾਲ' ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਸਤਿ ਸ੍ਰੀ ਅਕਾਲ ਨਾਲ ਇਸ ਦਾ ਜਵਾਬ ਦਿੱਤਾ।' ਵਿਸਕੌਨਸਿਨ ਤੋਂ ਉੱਘੇ ਸਿੱਖ ਆਗੂ ਦਰਸ਼ਨ ਸਿੰਘ ਧਾਲੀਵਾਲ ਨੇ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ। ਜੱਸੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, 'ਸਾਡੀ ਉਨ੍ਹਾਂ ਨਾਲ ਬਹੁਤ ਵਧੀਆ ਗੱਲਬਾਤ ਹੋਈ। ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਮੈਨੂੰ ਨਹੀਂ ਲੱਗਦਾ ਕਿ ਭਾਰਤ ਦੇ ਇਤਿਹਾਸ ਵਿਚ ਕਿਸੇ ਹੋਰ ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਇੰਨਾ ਕੁਝ ਕੀਤਾ ਹੋਵੇਗਾ, ਜਿੰਨਾ ਸ੍ਰੀ ਮੋਦੀ ਕਰ ਰਹੇ ਹਨ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਮਨਾਏ, ਸਿੱਖਾਂ, ਜੋ ਭਾਰਤ ਨਹੀਂ ਜਾ ਸਕਦੇ ਸਨ, ਦੀ ਕਾਲੀ ਸੂਚੀ ਖ਼ਤਮ ਕੀਤੀ, ਕਾਂਗਰਸ ਸਰਕਾਰ ਵੇਲੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਯਕੀਨੀ ਬਣਾਇਆ।' ਜੱਸੀ ਨੇ ਕਿਹਾ, 'ਸਿੱਖਾਂ ਲਈ ਕੀਤੇ ਕੰਮਾਂ ਵਾਸਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਅਸੀਂ ਜਲਦੀ ਹੀ ਇਕ ਹੋਰ ਵਫ਼ਦ ਲੈ ਕੇ ਭਾਰਤ ਜਾਵਾਂਗੇ ਤੇ ਉਨ੍ਹਾਂ ਨਾਲ ਹੋਰ ਕਈ ਮੁੱਦੇ ਵਿਚਾਰਾਂਗੇ।'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਤਿੰਨ ਦਿਨਾਂ ਅਮਰੀਕਾ ਦੌਰੇ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਅਤੇ ਪਹਿਲੀ ਮਹਿਲਾ ਜਿਲ ਬਿਡੇਨ ਨੂੰ ਕੀਮਤੀ ਤੋਹਫ਼ੇ ਦਿੱਤੇ। ਮੋਦੀ ਨੇ ਰਾਸ਼ਟਰਪਤੀ ਬਿਡੇਨ ਨੂੰ ਸਿਲਵਰ ਵਿੰਟੇਜ ਟ੍ਰੇਨ ਦਾ ਮਾਡਲ ਦਿੱਤਾ।

ਅਮਰੀਕਾ ਨੇ ਭਾਰਤ ਨੂੰ 297 ਪ੍ਰਾਚੀਨ ਕੀਮਤੀ ਕਲਾਕ੍ਰਿਤੀਆਂ ਸੌਂਪੀਆਂ ਹਨ। ਇਹ ਵਸਤੂਆਂ ਭਾਰਤ ਤੋਂ ਵਿਦੇਸ਼ਾਂ ਵਿੱਚ ਤਸਕਰੀ ਕੀਤੀਆਂ ਜਾਂਦੀਆਂ ਸਨ। ਅਮਰੀਕਾ ਨੇ ਪਿਛਲੇ 10 ਸਾਲਾਂ ਵਿੱਚ ਭਾਰਤ ਨੂੰ ਅਜਿਹੀਆਂ 578 ਇਤਿਹਾਸਕ ਵਸਤਾਂ ਦਿੱਤੀਆਂ ਹਨ।

## ਭਗਵੰਤ ਮਾਨ ਵਜ਼ਾਰਤ ਵਿਚ 5 ਨਵੇਂ ਮੰਤਰੀ ਸ਼ਾਮਲ



**ਚੰਡੀਗੜ੍ਹ (ਬਿਊਰੋ)–** ਵਜਾਰਤ ਵਿਚੋਂ 4 ਮੰਤਰੀਆਂ ਦੀ ਛਾਂਟੀ ਕਰਕੇ ਸਰਕਾਰ ਦਾ ਅਕਸ ਸੁਧਾਰਨ ਦੀ ਕੋਸਿਸ ਕਰ ਰਹੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਵਜਾਰਤ ਵਿਚ 5 ਮੰਤਰੀ ਹੋਰ ਸਾਮਲ ਕੀਤੇ ਹਨ। ਪੰਜਾਬ ਮੰਤਰੀ ਮੰਡਲ ਵਿੱਚ ਫੇਰਬਦਲ ਤੋਂ ਬਾਅਦ ਨਵੇਂ ਵਜ਼ੀਰਾਂ ਨੇ ਚੰਡੀਗੜ੍ਹ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸੂਬੇ ਦੇ ਵਿਕਾਸ ਅਤੇ ਲੋਕ ਹਿੱਤ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਚਰਚਾ ਕੀਤੀ ਗਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੇਂ ਵਜ਼ੀਰਾਂ ਨੂੰ ਸਲਾਹ ਦਿੱਤੀ ਕਿ ਉਹ ਆਪਣਾ ਕੰਮ ਪੂਰੀ ਦਿਆਨਤਦਾਰੀ, ਸਮਰਪਣ, ਸੰਜੀਦਗੀ ਤੇ ਵਚਨਬੱਧਤਾ ਨਾਲ ਕਰਨ ਤਾਂ ਕਿ ਲੋਕ-ਪੱਖੀ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਉੱਤੇ ਲੋਕਾਂ ਤੱਕ ਯਕੀਨੀ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਨੇ ਵੱਡਾ ਫਤਵਾ ਦੇ ਕੇ ਵੱਡੀ ਜ਼ਿੰਮੇਵਾਰੀ ਦਿੱਤੀ ਹੈ, ਇਸ ਲਈ ਹਰੇਕ ਵਜ਼ੀਰ ਦਾ ਫ਼ਰਜ਼ ਬਣਦਾ ਹੈ ਕਿ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਮਿਹਨਤ ਕਰਨ। ਉਨ੍ਹਾਂ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨਾ ਅਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਸਮੇਂ ਦੀ ਲੋੜ ਹੈ।

## ਇਜ਼ਰਾਈਲ ਨੇ ਲਿਬਨਾਨ 'ਚ ਕੀਤਾ ਵੱਡਾ ਹਮਲਾ, ਮਚੀ ਤਬਾਹੀ

**ਬੇਰੂਤ– (ਬਿਊਰੋ)–** ਇਜ਼ਰਾਈਲ ਨੇ ਲਿਬਨਾਨ ਵਿੱਚ ਹਿਜ਼ਬੁੱਲਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। IDF ਨੇ ਲਿਬਨਾਨ ਵਿੱਚ ਭਾਰੀ ਤਬਾਹੀ ਮਚਾਈ ਹੈ। ਸੋਮਵਾਰ ਨੂੰ ਇਜ਼ਰਾਈਲ ਨੇ ਹਿਜ਼ਬੁੱਲਾ ਦੇ ਖ਼ਿਲਾਫ਼ ਆਪਣਾ ਸਭ ਤੋਂ ਘਾਤਕ ਹਮਲਾ ਕੀਤਾ। ਇਸ ਹਮਲੇ ਵਿੱਚ 90 ਤੋਂ ਵੱਧ ਔਰਤਾਂ ਅਤੇ ਬੱਚਿਆਂ ਸਮੇਤ 500 ਤੋਂ ਵੱਧ ਲੋਕ ਮਾਰੇ ਗਏ ਹਨ। ਲਿਬਨਾਨ ਦੇ ਸਿਹਤ ਮੰਤਰੀ ਮੁਤਾਬਕ ਹਮਲੇ 'ਚ 500 ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿੱਚ 35 ਬੱਚੇ ਅਤੇ 58 ਔਰਤਾਂ ਸ਼ਾਮਲ ਹਨ। ਜ਼ਖ਼ਮੀਆਂ ਦੀ ਗਿਣਤੀ 1600 ਤੋਂ ਵੱਧ ਹੈ।



ਇਜ਼ਰਾਈਲ ਨੇ ਕਿਹਾ ਹੈ ਕਿ ਉਸ ਨੇ ਹਿਜ਼ਬੁੱਲਾ ਦੇ 1600 ਤੋਂ ਵੱਧ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿੱਥੋਂ ਇਜ਼ਰਾਈਲ 'ਤੇ ਹਮਲੇ ਕੀਤੇ ਜਾਂਦੇ ਸਨ ਜਾਂ ਉੱਥੇ ਹਮਲਿਆਂ ਦੀ ਤਿਆਰੀ ਕੀਤੀ ਜਾਂਦੀ ਸੀ। ਅਮਰੀਕਾ ਨੇ ਵੀ ਇਸ ਹਮਲੇ 'ਤੇ ਚਿੰਤਾ ਪ੍ਰਗਟਾਈ ਹੈ। ਅਮਰੀਕਾ ਨੇ ਮੱਧ ਪੂਰਬ ਵਿੱਚ ਵਾਧੂ ਸੈਨਿਕ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਹੈ। ਭਾਵੇਂ ਇਜ਼ਰਾਇਲੀ ਫ਼ੌਜ ਲਗਾਤਾਰ ਲਿਬਨਾਨ 'ਤੇ ਹਵਾਈ ਹਮਲੇ ਕਰ ਰਹੀ ਹੈ ਪਰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਕਹਿਣਾ ਹੈ ਕਿ ਇਹ ਜੰਗ ਲਿਬਨਾਨ ਦੇ ਖ਼ਿਲਾਫ਼ ਨਹੀਂ ਹੈ। ਜਦੋਂ ਕਿ ਹਿਜ਼ਬੁੱਲਾ ਨੇ ਕਿਹਾ ਹੈ ਕਿ ਉਹ ਇਜ਼ਰਾਈਲ ਅਤੇ ਕਬਜ਼ੇ ਵਾਲੇ ਪੱਛਮੀ ਕੰਢੇ ਦੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

## ਡੋਨਾਲਡ ਟਰੰਪ ਨੇ ਕਮਲਾ ਹੈਰਿਸ ਨਾਲ ਇਕ ਹੋਰ ਬਹਿਸ ਤੋਂ ਕੀਤਾ ਇਨਕਾਰ

ਵਾਸ਼ਿੰਗਟਨ– ਡੋਨਾਲਡ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਇਕ ਹੋਰ ਬਹਿਸ ਨੂੰ ਸ਼ਨਿੱਚਵਾਰ ਨੂੰ ਖ਼ਾਰਜ ਕਰ ਦਿੱਤਾ। ਟਰੰਪ ਨੇ ਕਿਹਾ ਹੈ ਕਿ ਪੰਜ ਨਵੰਬਰ ਦੀਆਂ ਚੋਣਾਂ ਵਿਚ ਪੋਲਿੰਗ ਤੋਂ ਪਹਿਲਾਂ ਕੋਈ ਹੋਰ ਬਹਿਸ ਨਹੀਂ ਹੋਵੇਗੀ। ਕਮਲਾ ਨੇ ਟਰੰਪ ਨਾਲ 23 ਅਕਤੂਬਰ ਨੂੰ ਹਣ ਵਾਲੀ ਇਕ ਹੋਰ ਬਹਿਸ ਵਿਚ ਭਾਗ ਲੈਣ ਲਈ ਸੀਐੱਨਐੱਨ ਦੀ ਤਰਫੋਂ ਮਿਲੇ ਸੱਦੇ ਨੂੰ ਪ੍ਰਵਾਨ ਕਰ ਲਿਆ ਸੀ। ਇਸ ਤੋਂ ਪਹਿਲਾਂ ਦੋਵਾਂ ਵਿਚਾਲੇ ਪ੍ਰੈਜ਼ੀਡੈਂਸ਼ੀਅਲ ਡਿਬੇਟ 10 ਸਤੰਬਰ ਨੂੰ ਹੋਈ ਸੀ। ਦੋਵਾਂ ਨੇ ਆਪਣੀ ਜਿੱਤ ਲਈ ਦਾਅਵੇ ਕੀਤੇ ਸਨ। ਅਮਰੀਕਾ ਵਿਚ ਪੰਜ ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਕ ਪਾਸੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਹੈ ਤਾਂ ਦੂਜੇ ਪਾਸੇ ਰਿਪਬਲਿਕਨ ਪਾਰਟੀ ਨੇ ਟਰੰਪ ਨੂੰ ਉਮੀਦਵਾਰ ਵਜੋਂ ਬਣਾਇਆ ਹੋਇਆ ਹੈ। ਕਮਲਾ ਹੈਰਿਸ ਦੇ ਪ੍ਰਚਾਰ ਮੁਹਿੰਮ ਦੀ ਕਮਾਨ ਸੰਭਾਲ ਰਹੇ ਜ਼ੈਨ ਓਮਾਲੇ ਡਿਲਨ ਨੇ ਸ਼ਨਿੱਚਰਵਾਰ ਨੂੰ ਇਕ ਬਿਆਨ ਵਿਚ ਕਿਹਾ ਸੀ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਡੋਨਾਲਡ ਟਰੰਪ ਨਾਲ ਮੰਚ ਸਾਂਝਾ ਕਰਨ ਲਈ ਤਿਆਰ ਹੈ। ਟਰੰਪ ਨੂੰ ਵੀ ਇਸ ਬਹਿਸ ਲਈ ਸਹਿਮਤੀ ਦੇਣ ਵਿਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ।





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY




Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## 2024-2025 Committee of Sri Guru Ravidass Sabha Pittsburg (CA)







New committee was peacefully elected on September 22, 2024, for Sri Guru Ravidass Sabha (CA) in Pittsburg, according to bylaws of the Sabha. Chairman Ramesh Suman and the selection panel did an excellent job of forming a new Board of Directors. Board members are elected for 2 years term. Every year some Sewadars finish their term on the board, and they are replaced by New Sewadars. The New Committee appreciates the services of the previous committee and the selection panel. New committee is looking forward to continued support, guidance and cooperation of the previous committee members and entire sangat.

## 2024-2025 Committee of Sri Guru Ravidass Sabha Pittsburg (CA)

### DIRECTORS

1. Bimal Rani (For 1 year)
2. Dilbag Singh (Asst. Secretary) (For 1 year)
3. Gurnam Rattu (For 1 year)
4. Harbans Kalu (For 1 year)
5. Harbans Singh Rattu (For 2 years)
6. Hardial Singh (For 1 year)
7. Harmesh Bangar (For 2 years)
8. Hemraj Rattu (For 1 year)
9. Jagir Singh (For 1 year)
10. Jagtar Bhatia (For 1 year)
11. Kiran Banga (For 2 years)
12. Naresh Kumar (Asst. Treasurer) (For 1 year)
13. Prem Lal Saroya (For 2 years)
14. Ramesh Suman (1st Vice-President) (For 1 year)
15. Rashpal Rattu (For 1 year)
16. Salinder Bhatia (2nd Vice -President) (For 1 year)
17. Santokh Madhar (For 2 years)
18. Satwinder Rahl (For 1 year)
19. Shinder Pal Narebat (Treasure) (For 1 year)
20. Sohan Lal (For 1 year)
21. Som Nath Bhatia (Vice-Chairman) (For 1 year)
22. Sunita Bangar (President) (For 1 year)
23. Surjit Kaur (For 1 year)
24. Upinder Pal Ricky (Gen. Secretary) (For 1 year)
25. Vinod Kumar Jakhu (Chairman) (For 1 year)

### Co-Opt Members

1) Harbans Kalu (For 1 year)
2) Dilbag Singh (For 1 year)
3) Rashpal Rattu (For 1 year)
4) Gurnam Rattu (For 1 year)
5) Surjit Kaur (For 1 year)

**Advisory committee**

1) O.P Balley (For 1 year)
2) Gurmail Ujagar (For 1 year)
3) Kulwant Kaur Banga (For 1 year)

**Legal Committee**

1) Narinder Kumar Chahal (For 1 year)
2) Shashi K Paul (For 1 year)

**"NANAK NAM CHARDI KALA TERE BHANE SARBAT DA BHALA"**

Sangat Sewadars www.sriguruavidasstemple.com



Chairman
Vinod Kumar Jakhu



President
Sunita Bangar




Gen. Secretary
Upinder Pal Ricky



Treasurer
Shinder Pal Narabut

# ਸਿਟੀ ਆਫ ਨਿਊਯਾਰਕ ਦੁਆਰਾ ਸ੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣ ਦੀਆਂ ਲੱਖ-ਲੱਖ ਵਧਾਈਆਂ



Mr. & Mrs. Ram Murti Saroay

ਚੇਅਰਮੈਨ, ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ), ਉਘੇ ਸਮਾਜ ਸੇਵਕ, ਭਾਰਤੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਰਾਮ ਮੂਰਤੀ ਸਰੋਏ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਵੱਲੋਂ ਕੀਤੇ ਸਲਾਹੁਣਯੋਗ ਉਪਰਾਲੇ ਰਾਹੀਂ ਸਿਟੀ ਆਫ ਨਿਊਯਾਰਕ ਦੁਆਰਾ ਰੋਡ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣਾ ਇਕ ਇਤਿਹਾਸਕ ਕਾਰਜ ਹੈ। ਇਸ ਤੋਂ ਪਹਿਲਾਂ ਇਹਨਾਂ ਸਭਾਵਾਂ ਨੇ ਡਾ. ਬੀ. ਆਰ. ਅੰਬੇਦਕਰ ਵੇਅ ਸਟ੍ਰੀਟ ਦਾ ਨਾ ਰੱਖ ਕੇ ਪਹਿਲਾਂ ਵੀ ਨਾਮਣਾ ਖੱਟਿਆ ਹੈ। ਇਹਨਾਂ ਮਹਾਂਪੁਰਸ਼ਾਂ ਦੇ ਨਾਵਾਂ 'ਤੇ ਸੜਕਾਂ ਦੀ ਕੌਰਨਰ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਸਥਿਤ ਹੈ। ਇਹਨਾਂ ਸੁਸਾਇਟੀਆਂ ਦੇ ਪ੍ਰਬੰਧਕਾਂ ਨੂੰ ਸਲਾਮ ਅਤੇ ਸਿਟੀ ਆਫ ਨਿਊਯਾਰਕ ਦਾ ਧੰਨਵਾਦ ਕਰਦੇ ਹਾਂ।

## ਰਾਮ ਮੂਰਤੀ ਸਰੋਏ ਅਤੇ ਸਮੂਹ ਸਰੋਏ ਪਰਿਵਾਰ

### ਉਘੇ ਸਮਾਜ ਸੇਵਕ, ਭਾਰਤੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਅਤੇ ਚੇਅਰਮੈਨ, ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ)

# ਸਿਟੀ ਆਫ ਨਿਊਯਾਰਕ ਦੁਆਰਾ ਸ੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣ ਦੀਆਂ ਲੱਖ-ਲੱਖ ਵਧਾਈਆਂ







ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਵੱਲੋਂ ਕੀਤੇ ਸਲਾਹੁਣਯੋਗ ਉਪਰਾਲੇ ਰਾਹੀਂ ਸਿਟੀ ਆਫ ਨਿਊਯਾਰਕ ਦੁਆਰਾ ਰੋਡ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣਾ ਇਕ ਇਤਿਹਾਸਕ ਕਾਰਜ ਹੈ। ਇਸ ਤੋਂ ਪਹਿਲਾਂ ਇਹਨਾਂ ਸਭਾਵਾਂ ਨੇ ਡਾ. ਬੀ. ਆਰ. ਅੰਬੇਦਕਰ ਵੇਅ ਸਟ੍ਰੀਟ ਦਾ ਨਾ ਰੱਖ ਕੇ ਪਹਿਲਾਂ ਵੀ ਨਾਮਣਾ ਖੱਟਿਆ ਹੈ। ਇਹਨਾਂ ਮਹਾਂਪੁਰਸ਼ਾਂ ਦੇ ਨਾਵਾਂ 'ਤੇ ਸੜਕਾਂ ਦੀ ਕੌਰਨਰ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਸਥਿਤ ਹੈ। ਇਹਨਾਂ ਸੁਸਾਇਟੀਆਂ ਦੇ ਪ੍ਰਬੰਧਕਾਂ ਨੂੰ ਸਲਾਮ ਅਤੇ ਸਿਟੀ ਆਫ ਨਿਊਯਾਰਕ ਦਾ ਧੰਨਵਾਦ ਕਰਦੇ ਹਾਂ।




Surjit Momi, Lali Momi, Prem Sodhi Momi, Harminder, Rajinder Momi

**Momi Brothers**

DAYS INN

Holiday Inn EXPRESS HOTEL & SUITES

momi

# ਸਿਟੀ ਆਫ ਨਿਊਯਾਰਕ ਦੁਆਰਾ
# ਸ਼੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣ ਦੀਆਂ ਲੱਖ-ਲੱਖ ਵਧਾਈਆਂ







ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ, ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਵੱਲੋਂ ਕੀਤੇ ਸਲਾਹੁਣਯੋਗ ਉਪਰਾਲੇ ਰਾਹੀਂ ਸਿਟੀ ਆਫ ਨਿਊਯਾਰਕ ਦੁਆਰਾ ਰੋਡ ਦਾ ਨਾਂ ਸ਼੍ਰੀ ਗੁਰੂ ਰਵਿਦਾਸ ਮਾਰਗ ਨਾਂ ਰੱਖੇ ਜਾਣਾ ਇਕ ਇਤਿਹਾਸਕ ਕਾਰਜ ਹੈ। ਇਸ ਤੋਂ ਪਹਿਲਾਂ ਇਹਨਾਂ ਸਭਾਵਾਂ ਨੇ ਡਾ. ਬੀ. ਆਰ. ਅੰਬੇਦਕਰ ਵੇਅ ਸਟ੍ਰੀਟ ਦਾ ਨਾ ਰੱਖ ਕੇ ਪਹਿਲਾਂ ਵੀ ਨਾਮਣਾ ਖੱਟਿਆ ਹੈ। ਇਹਨਾਂ ਮਹਾਂਪੁਰਸ਼ਾਂ ਦੇ ਨਾਵਾਂ 'ਤੇ ਸੜਕਾਂ ਦੀ ਕੌਰਨਰ 'ਤੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਸਥਿਤ ਹੈ। ਇਹਨਾਂ ਸੁਸਾਇਟੀਆਂ ਦੇ ਪ੍ਰਬੰਧਕਾਂ ਨੂੰ ਸਲਾਮ ਅਤੇ ਸਿਟੀ ਆਫ ਨਿਊਯਾਰਕ ਦਾ ਧੰਨਵਾਦ ਕਰਦੇ ਹਾਂ।



**Shri Amardeep Chahal with his Wife, Mother & Father** (File Photo)

## ਸਮੂਹ ਸ਼੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

ਦੇਸ਼ ਦੁਆਬਾ

# ਗੁਰੂ ਨਾਨਕ ਦੇਵ ਜੀ ਦਾ ਉਪਦੇਸ਼

ਵਿਸ਼ਵ ਚੇਤਨਾ ਲਈ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਅੰਧ-ਵਿਸ਼ਵਾਸਾਂ, ਕੱਟੜਤਾ, ਜਾਤੀਵਾਦੀ ਵਿਵਸਥਾ ਤੇ ਨਸਲਵਾਦ ਤੇ ਸੰਕੀਰਣਤਾ ਤੋਂ ਬਾਹਰ ਆਵੇ। ਦੂਜੇ ਧਰਮਾਂ ਦੇ ਲੋਕਾਂ ਨਾਲ ਸੰਵਾਦ ਕਰੇ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣੇ ਅਤੇ ਆਪਣੇ ਵਿਚਾਰ ਉਨ੍ਹਾਂ ਨੂੰ ਦੱਸੇ। ਗੁਰੂ ਨਾਨਕ ਸਾਹਿਬ ਨੇ ਆਪਣਾ ਨਿਸਚਾ ਪ੍ਰਗਟਾਉਂਦੇ ਹੋਏ ਕਿਹਾ ਸੀ-

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।।

ਗੁਰੂ ਨਾਨਕ ਦੇਵ ਜੀ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਨਾਉਂਦਿਆਂ, ਸਾਂਝੀਵਾਲਤਾ ਦਾ ਸੰਕਲਪ ਪ੍ਰਗਟਾਇਆ। ਉਹ ਪੰਡਤਾਂ, ਜੋਗੀਆਂ, ਸੂਫ਼ੀਆਂ, ਭਗਤਾਂ ਅਤੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ ਤੇ ਸੱਚ ਦਾ ਮਾਰਗ ਦਿਖਾਇਆ। ਉਹ ਆਮ ਲੋਕਾਂ ਨੂੰ ਮਿਲੇ, ਉਨ੍ਹਾਂ ਦਾ ਦੁੱਖ-ਦਰਦ ਸਮਝਿਆ, ਕੋਹੜੀਆਂ ਦਾ ਆਪਣੇ ਹੱਥੀਂ ਇਲਾਜ ਕੀਤਾ। ਇਹ ਕੋਹੜੀ ਦੱਬੇ ਕੁਚਲੇ ਸਮਾਜ 'ਚੋਂ ਸਨ, ਜਿਨ੍ਹਾਂ ਨੂੰ ਅਖੌਤੀ ਉਚ ਜਾਤਾਂ ਤੇ ਸਰਮਾਏਦਾਰਾਂ ਨੇ ਹਾਸ਼ੀਏ ਤੋਂ ਬਾਹਰ ਧਕੇਲ ਦਿੱਤਾ ਸੀ। ਉਨ੍ਹਾਂ ਨਾਲ ਮਾਨਵਤਾ ਵਾਲਾਂ ਸਲੂਕ ਨਹੀਂ ਕੀਤਾ ਜਾਂਦਾ ਸੀ।

ਬਾਬੇ ਨਾਨਕ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਸੰਗੀ ਸਾਥੀ ਦੱਸਿਆ ਤੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਗਾਇਆ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਮੈਂ ਅਜਿਹੇ ਲੋਕਾਂ ਦੇ ਨਾਲ ਖੜ੍ਹਾ ਹਾਂ ਤੇ ਮੇਰੀ ਉਨ੍ਹਾਂ ਲੋਕਾਂ ਨਾਲ ਕੋਈ ਰੀਸ ਨਹੀਂ ਜਿਹੜੇ ਆਪਣੇ-ਆਪ ਨੂੰ ਉੱਚਾ ਸਮਝਦੇ ਹਨ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।

ਬਾਬੇ ਨਾਨਕ ਨੇ ਮਲਿਕ ਭਾਗੋ ਨੂੰ ਤਿਆਗਿਆ ਤੇ ਭਾਈ ਲਾਲੋ ਨੂੰ ਸਵੀਕਾਰਿਆ, ਜੋ ਕਿਰਤੀ ਸਮਾਜ 'ਚੋਂ ਸੀ। ਇਥੋਂ ਤੱਕ ਕਿ ਉਹ ਅਜਿਹੇ ਆਦਿਵਾਸੀ ਲੋਕਾਂ ਕੋਲ ਗਏ ਜਿਹੜੇ ਸਦੀਆਂ ਤੋਂ ਜੰਗਲਾਂ-ਪਹਾੜਾਂ ਵਿੱਚ ਰਹਿੰਦੇ ਸਨ। ਜਿਸ ਕੌਡਾ ਰਾਕਸ਼ ਨਾਲ ਗੁਰੂ ਸਾਹਿਬ ਦੇ ਮਿਲਣ ਦਾ ਜ਼ਿਕਰ ਇਤਿਹਾਸ ਵਿੱਚ ਆਉਂਦਾ ਹੈ, ਉਹ ਇਕ ਆਦਿਵਾਸੀ ਹੀ ਸੀ। ਉਹ ਜਾਤੀਵਾਦੀ ਸਮਾਜ ਵੱਲੋਂ ਨਫ਼ਰਤ ਦੇ ਸ਼ਿਕਾਰ ਲੋਕ ਸਨ, ਜਿਨ੍ਹਾਂ ਨੂੰ ਮਨੂੰਵਾਦੀ ਸਿਸਟਮ ਅਨੁਸਾਰ "ਜਾਤੀ ਦੀਆਂ ਬਸਤੀਆਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਸੀ। ਬਾਬੇ ਨੇ ਇਨ੍ਹਾਂ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਤੇ ਉਨ੍ਹਾਂ ਦੀ ਮੁਕਤੀ ਦਾ ਰਾਹ ਦੱਸਿਆ।

ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ। ਇਨ੍ਹਾਂ ਉਦਾਸੀਆਂ ਵਿੱਚ ਉਹ ਇਸ ਦੇਸ਼ ਦੇ ਹਰ ਹਿੱਸੇ ਵਿੱਚ ਗਏ। ਸੁਮੇਰ ਪਰਬਤ 'ਤੇ ਜਾ ਕੇ ਸਿੱਧਾਂ ਨਾਲ ਗੋਸ਼ਟੀ ਕੀਤੀ। ਜਗਨਨਾਥ ਪੁਰੀ ਪੁੱਜ ਕੇ ਉਥੇ ਦੀ ਆਰਤੀ ਦੇਖੀ ਅਤੇ ਅਜਿਹੀ ਆਰਤੀ ਗਾਈ ਜਿਹੜੀ ਵਿਸ਼ਵ ਆਰਤੀ ਸੀ। ਗੁਰੂ ਨਾਨਕ ਦੇਵ ਜੀ ਨੇ ਸਮੁੰਦਰ ਯਾਤਰਾ ਦੀ ਹਿੰਦੂ ਮਿਥ ਨੂੰ ਤੋੜ ਦਿੱਤਾ ਕਿ ਸਮੁੰਦਰ ਯਾਤਰਾ ਨਾਲ ਬੰਦਾ ਭਿੱਟਿਆ ਜਾਂਦਾ ਹੈ। ਉਹ ਲੰਕਾ ਵੀ ਗਏ ਅਤੇ ਮੱਕਾ, ਮਦੀਨਾ, ਬਗਦਾਦ ਵੀ ਗਏ। ਉਹ ਕਾਜੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਕੀਤਾ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦਾ ਹੀ ਇਹ ਉਪਰਾਲਾ ਸੀ ਕਿ ਇਕ ਪਾਸੇ ਪਾਕਪਟਨ (ਮੁਲਤਾਨ) ਜਾ ਕੇ ਉਹ ਸ਼ੇਖ ਬਾਬਾ ਫਰੀਦ ਦੇ ਜਾਨਸ਼ੀਨਾਂ ਕੋਲੋਂ ਬਾਬਾ ਫਰੀਦ ਦੀ ਬਾਣੀ ਲੈ ਕੇ ਆਏ, ਦੂਜੇ ਪਾਸੇ ਪੂਰਬੀ ਬੰਗਾਲ ਦੇ 21ਵੀਂ ਸਦੀ ਦੇ ਸੰਤ ਜੈਦੇਵ ਜੀ ਦੇ ਉਹਨਾਂ ਕੋਲੋਂ ਉਨ੍ਹਾਂ ਦੇ ਕੁਝ ਸ਼ਬਦ ਲਿਖ ਲਿਆਏ। ਆਪਣੀ ਮਹਾਂਰਾਸ਼ਟਰ ਦੀ ਉਦਾਸੀ ਵੇਲੇ ਉਨ੍ਹਾਂ ਨੇ ਭਗਤ ਨਾਮਦੇਵ, ਤਿਰਲੋਚਨ ਅਤੇ ਪਰਮਾਨੰਦ ਦੇ ਵੰਸ਼ਜਾਂ ਕੋਲੋਂ ਉਨ੍ਹਾਂ ਦੀ ਕੁਝ ਬਾਣੀ ਇਕੱਤਰ ਕੀਤੀ ਅਤੇ ਰਾਜਸਥਾਨ ਵਿੱਚ ਧੰਨੇ ਭਗਤ ਨੂੰ ਆਪ ਮਿਲੇ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਤਾਂ ਸੰਤਾਂ-ਭਗਤਾਂ ਦੀ ਉਹ ਸਾਰੀ ਬਾਣੀ ਉਸ ਵਿੱਚ ਸ਼ਾਮਿਲ ਕੀਤੀ, ਜਿਹੜੀ ਗੁਰੂ ਨਾਨਕ ਸਾਹਿਬ ਨੇ ਆਪ ਇਕੱਠੀ ਕੀਤੀ ਸੀ। ਸਾਰਾ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਧਰਮਾਂ ਵਿੱਚ ਆਪਣੀ ਉੱਚੀ ਥਾਂ ਰੱਖਣ ਵਾਲਾ ਪੁਜਾਰੀ, ਮੁੱਲਾਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਨਾ ਸਿਰਫ਼ ਸਮਾਜ ਵਿੱਚ ਵੰਡੀਆਂ ਪਾਉਂਦਾ ਹੈ, ਸਗੋਂ ਮਨੁੱਖ ਦੀ ਸੋਚ ਨੂੰ ਛੋਟਾ ਬਣਾ ਦਿੰਦਾ ਹੈ।

ਉਹ ਲੋਕਾਂ ਨੂੰ ਅਜਿਹੇ ਕਰਮ-ਕਾਂਡਾਂ ਵਿੱਚ ਜਕੜ ਦਿੰਦਾ ਹੈ ਕਿ ਉਸ ਦੀ ਹੋਂਦ ਜ਼ਰੂਰੀ ਬਣ ਜਾਂਦੀ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਅਜਿਹੇ ਪਰੋਹਿਤਾਂ ਤੋਂ ਮੁਕਤੀ ਦੁਆਈ। ਉਨ੍ਹਾਂ ਨੇ ਕਿਹਾ ਕਿ ਪੰਡਤ ਤਾਂ ਆਪ ਬੜੇ ਜੰਜਾਲਾਂ ਵਿੱਚ ਫਸਿਆ ਹੁੰਦਾ ਹੈ, ਉਹ ਕਿਸੇ ਨੂੰ ਸਹੀ ਰਾਹ ਦਿਖਾਉਣ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ- ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ।। ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ।।

ਸੋ ਗੁਰੂ ਨਾਨਕ ਸਾਹਿਬ ਦਾ ਫਲਸਫਾ ਅਜੋਕੇ ਯੁੱਗ ਵਿੱਚ ਪ੍ਰਸੰਗਿਕ ਹੈ, ਜਦੋਂ ਕਿ ਹੁਣ ਵੀ ਪੁਜਾਰੀਵਾਦ ਦੇ ਭ੍ਰਿਸ਼ਟਾਚਾਰ, ਜ਼ਾਲਮਾਨਾ ਰਾਜ, ਨਸਲਵਾਦ ਤੇ ਜਾਤੀਵਾਦ ਦਾ ਬੋਲਬਾਲਾ ਹੈ। ਕੱਟੜਵਾਦ ਦੇ ਨਾਮ 'ਤੇ ਦੰਗੇ ਹੋ ਰਹੇ ਨੇ। ਲੋੜ ਇਸ ਗਲ ਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਅਪਨਾਇਆ ਜਾਵੇ ਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇ।

**-ਪ੍ਰੇਮ ਕੁਮਾਰ ਚੁੰਬਰ**

# ਡਰ ਰਹਿਤ ਰਾਜਨੀਤੀ- (ਗੁਰੂ ਨਾਨਕ ਦੇਵ ਜੀ)

## (ਅਜੋਕੇ ਸਮੇਂ ਨਾਲ ਤੁਲਨਾਤਿਮਕ ਅਧਿਆਨ)

ਮੁੱਢਲੇ ਤੋਰ ਤੇ ਗੁਰੁ ਨਾਨਕ ਦੇਵ ਦੀ ਸਿੱਧੇ ਜਾਂ ਅਸਿੱਧੇ ਤੋਰ ਤੇ ਰਾਜਨੀਤਕ ਭਾਗੀਦਾਰੀ ਦਿਖਾਈ ਨਹੀ ਦਿੰਦੀ ਪਰ ਜੇ ਇਤਹਾਸ ਨੂੰ ਦੇਖਦੇ ਹਾਂ ਤਾਂ ਜਦੋਂ ਗੁਰੁ ਨਾਨਕ ਦੇਵ ਧਰਤੀ ਤੇ ਆਏ ਉਸ ਸਮੇ ਸਮਾਜ ਵਿੱਚ ਸਥਾਪਿਤ ਸਮਾਜਿਕ ਬੁਰਾਈਆਂ ਗਰੀਬਾਂ ਦਾ ਸ਼ੋਸਣ, ਅੰਧ ਵਿਸ਼ਵਾਸ, ਜਾਤ-ਪਾਤ ਅਤੇ ਔਰਤਾਂ ਦੀ ਤਰਸਯੋਗ ਹਲਾਤ ਸਨ ਧਰਤੀ ਪੂਰੀ ਤਰਾਂ ਪਾਪਾਂ ਨਾਲ ਲੱਦੀ ਹੋਈ ਸੀ। ਉਸ ਸਮੇਂ ਦੇਸ਼ ਸਮਾਜਿਕ, ਧਾਰਮਿਕ।ਆਰਿਥਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਉਥਲ-ਪੁਥਲ ਵਾਲੀ ਸਥਿਤੀ ਸੀ। ਉਸ ਸਥਿਤੀ ਦਾ ਵਰਨਣ ਭਾਈ ਲਾਲੋ ਜੀ ਨੂੰ ਮੁਖਾਤਿਬ ਹੋ ਕੇ ਨਿਡਰ ਭਾਸ਼ਾ ਵਿਚ ਕਹਿੰਦੇ ਹਨ। :



ਪਾਪ ਕੀ ਜੰਞ ਲੈ ਕਾਬਲਓ ਧਾਇਆ ਜੋਰੀਂ ਮੰਗੈ ਦਾਨ ਵੇ ਲਾਲੋ॥
ਸਰਮ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਗੁਰੁ ਨਾਨਕ ਦੇਵ ਜੀ ਇੱਕਲੇ ਹੀ ਅਜਿਹੀ ਸ਼ਖਸ਼ੀਅਤ ਸਨ ਜਿਸ ਨੂੰ ਹਿੰਦੂ,ਮੁਸ਼ਲਮਾਨ ਅਤੇ ਸਿੱਖ ਆਪਣਾ ਮਾਰਦਰਸ਼ਕ ਅਤੇ ਰਹਿਬਰ ਮੰਨਦੇ ਹਨ। ਜਦੋਂ ਉਹ ਜੈਨਊ ਨਾ ਧਾਰਨ ਕਰਨ ਬਾਰੇ ਜਾਂ ਸੂਰਜ ਵੱਲੋ ਪਾਣੀ ਸੁੱਟ ਕੇ ਪਿੱਤਰਾਂ ਨੂੰ ਖੁਸ਼ ਕਰਨ ਦਾ ਵਿਰੋਧ ਕਰਦੇ ਇੱਕ ਸਾਰਥਿਕ ਅਤੇ ਡੂੰਘੀ ਤਰਕਸ਼ੀਲ ਵਾਲਾ ਵਿਅਕਤੀ ਹੀ ਕਰ ਸਕਦਾ। ਉਸ ਸਮੇਂ ਦੇ ਹਾਕਮਾਂ ਦੇ ਵਿਰੋਧ ਵਿੱਚ ਬੋਲਣਾ ਉਹਨਾਂ ਦੀ ਰਾਜਨੀਤਕ ਸੂਝ-ਬੂਝ ਦਾ ਪ੍ਰਤੀਕ ਹੈ। ਜਦੋਂ ਕੋਈ ਸੁਧਾਰ ਲਹਿਰ ਚਲਾਉਣ ਜਾਂ ਜਾਲਮ ਹਾਕਮਾਂ ਖਿਲਾਫ ਅਵਾਜ ਚੱਕਣ ਨੂੰ ਕਹਿੰਦੇ ਹਨ ਤਾਂ ਅਸੀ ਕੋਈ ਸਾਥ ਨਹੀ ਦਿੰਦਾਂ ਜਾਂ ਕੋਈ ਨਹੀ ਖੜ੍ਹਦਾ ਕਹਿ ਕੇ ਖਹਿੜ੍ਹਾ ਛਡਾਉਣਾਂ ਚਾਹੁੰਦੇ ਹਾਂ।

ਬਾਬਰ ਦੇ ਜੁਲਮਾਂ ਖ਼ਿਲਾਫ ਕਿਸੇ ਵਿੱਚ ਬੋਲਣ ਦੀ ਹਿੰਮਤ ਨਹੀ ਸੀ ਪਰ ਬਾਬਰ ਨੂੰ ਜਾਬਰ ਅਤੇ ਬਾਬਰ ਦੇ ਅਨਿਆਂ ਪ੍ਰਤੀ ਲਿੱਖੇ ਸ਼ਬਦ ਅਤੇ ਕਵਿਤਾਵਾਂ ਨੂੰ ਅੱਜ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਮਹਿਸੂਸ ਹੁੰਦਾਂ ਕਿ ਇਹ ਕੇਵਲ ਉਹ ਹੀ ਲਿਖ ਸਕਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 360-361) ਤੇ ਗੁਰੂ ਨਾਨਕ ਦੇਵ ਜੀ ਦੀਆਂ ਬਾਬਰ ਬਾਣੀ ਦੀਆਂ ਕੁਝ ਪ੍ਰਮੁੱਖ ਕਵਿਤਾਵਾਂ ਵਿੱਚ ਉਹਨਾਂ ਦਾ ਰਾਜਨੀਤਕ ਦ੍ਰਿਸ਼ਟੀਕੋਣ ਸ਼ੀਸ਼ੇ ਵਾਂਗ ਸਪੱਸ਼ਟ ਹੈ।

**ਮੂਲ ਸ਼ਬਦ**

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

ਬਾਬਰ, ਜੋ ਕਿ ਜਮ (ਮੌਤ ਦਾ ਦੂਤ) ਵਾਂਗ ਆਇਆ, ਉਸ ਨੇ ਅਣਗਿਣਤ ਹੱਤਿਆਵਾਂ ਕੀਤੀਆਂ। ਇੰਨੀ ਮਾਰ ਦੇ ਬਾਵਜੂਦ ਤੈਨੂੰ (ਸੁਲਤਾਨ ਨੂੰ) ਕੋਈ ਦੁੱਖ ਨਹੀਂ ਹੋਇਆ?

ਇਹ ਸ਼ਬਦ ਬਾਬਰ ਦੀਆਂ ਫੌਜਾਂ ਦੁਆਰਾ ਕੀਤੀਆਂ ਹੱਤਿਆਵਾਂ ਅਤੇ ਜ਼ੁਲਮਾਂ ਦਾ ਦਰਸਾਉਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਬੇਗੁਨਾਹ ਲੋਕਾਂ ਦੀਆਂ ਜਾਨਾਂ ਲਈ ਰਾਜਕਰਤਾ ਨੂੰ ਕੋਈ ਦਰਦ ਮਹਿਸੂਸ ਨਹੀਂ ਹੋਇਆ।



ਡਾ. ਸੰਦੀਪ ਘੰਡ
94782-31000

ਜਿਵੇਂ ਬਾਬਰ ਦੀਆਂ ਫੌਜਾਂ ਦੁਆਰਾ ਕੀਤੀਆਂ ਹੱਤਿਆਵਾਂ ਅਤੇ ਜ਼ੁਲਮਾਂ ਬਾਰੇ ਗੁਰੂ ਜੀ ਕਹਿੰਦੇ ਹਨ ਕਿ ਬੇਗੁਨਾਹ ਲੋਕਾਂ ਦੀਆਂ ਜਾਨਾਂ ਲੈਣੀਆਂ ਸੂਰਬੀਰਤਾ ਨਹੀ ਕਾਇਰਤਾ ਦੀ ਨਿਸ਼ਾਨੀ ਹੈ।

ਗੁਰੁ ਨਾਨਕ ਨੇ ਕੇਵਲ ਆਪਣੇ ਦੋ ਸਾਥੀਆਂ ਦੀ ਮਦਦ ਨਾਲ 36ਹਜਾਰ ਕਿਲੋਮੀਟਰ ਦੇ ਕਰੀਬ ਸਫਰ ਪੈਦਲ ਚੱਲ ਕੇ ਕੀਤਾ। ਗੁਰੁ ਨਾਨਕ ਦੇਵ ਨੇ ਆਪਣੀਆਂ ਯਾਤਰਾਵਾਂ (ਉਦਾਸੀਆਂ) ਦੋਰਾਨ ਜਿੰਨੇ ਵੀ ਲੋਕਾਂ ਨੂੰ ਸਿੱਧੇ ਰਾਹ ਪਾਇਆ ਆਪਣੇ ਸ਼ਾਤੀ ਅਤੇ ਪ੍ਰੇਮ ਨਾਲ। ਕਾਸ਼ ਸਾਡੇ ਆਜੋਕੇ ਸ਼ਾਸ਼ਕ ਉਹਨਾਂ ਤੋਂ ਅਧਿਆਤਮਕ, ਸਮਾਜਿਕ, ਤਰਕਸ਼ੀਲ ਅਤੇ ਧਾਰਮਿਕ ਸੋਚ ਦੇ ਨਾਲ ਉਹਨਾਂ ਤੋਂ ਕ੍ਰਾਤੀਕਾਰੀ ਯੋਧੇ ਦੀ ਸਿੱਖਿਆ ਵੀ ਲੈਣ। ਸੱਚਾਈ ਦੇ ਮਾਰਗ 'ਤੇ ਚੱਲਦੇ ਹੋਏ ਜੇ ਸਿਰ ਵੀ ਦੇਣਾ ਪਵੇ ਤਾਂ ਬਿਲਕੁਲ ਵੀ ਢਿੱਲ ਨਹੀ ਕਰਨੀ ਚਾਹੀਦੀ।ਆਪਣੇ ਆਦਰਸ਼ਾਂ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।ਸਮਾਜ ਦੀ ਸੇਵਾ ਅਤੇ ਸੱਚ ਦੇ ਮਾਰਗ 'ਤੇ ਚੱਲ ਕੇ ਆਪਣੇ ਮਨ ਦੀ ਸ਼ੁੱਧਤਾ ਨਾਲ ਕੁਝ ਵੀ ਹਾਸਲ ਕੀਤਾ ਜਾ ਸਕਦਾ ਹੈ।ਜਦੋਂ ਉਹ ਸਿਰ ਦੇਣ ਦੀ ਗੱਲ ਕਰਦੇ ਤਾਂ ਇੱਕ ਕ੍ਰਾਤੀਕਾਰੀ ਯੋਧਾ ਜਾਪਦੇ।

"ਇਤੁ ਮਾਰਗਿ ਪੈਰੀਐ ਸਿਰੁ ਦੀਜੈ ਕਾਣਿ ਨ ਕੀਜੈ।
"ਕਹਿ ਨਾਨਕੁ ਸਚ ਧੜਿਆ ਜਿੰਨ ਘਾਲਿ ਘਟਾ ਘਟਾ ਦੀਜੈ।

ਉਨ੍ਹਾਂ ਦੀਆਂ ਸਿੱਖਿਆਵਾਂ ਰਾਜਨੀਤਿਕ ਦ੍ਰਿਸ਼ਟੀਕੋਣਾਂ ਤੋਂ ਬਿਨਾਂ ਨਹੀਂ ਰਹੀਆਂ, ਜੋ ਕਿ ਉਨ੍ਹਾਂ ਨੇ ਸਮੇਂ ਦੇ ਸਮਾਜਕ ਰਾਜਨੀਤਕ ਸੰਕਟਾਂ ਤੇ ਕਾਲਪਨਿਕ ਸਥਿਤੀਆਂ ਨਾਲੋਂ ਬਹੁਤ ਅੱਗੇ ਦੀਆਂ ਗੱਲਾਂ ਸਨ। ਉਹਨਾਂ ਦਾ ਰਾਜਨੀਤਕ ਦ੍ਰਿਸਟੀਕੋਣ ਉਹਨਾਂ ਦੇ ਨੇਤਿਕ ਵਿਚਾਰਾਂ ਨਾਲ ਜੁੜਿਆ ਹੋਇਆ ਸੀ। ਉਹ ਅਕਸਰ ਨੇਤਿਕ ਵਿਚਾਰ ਦੇ ਸਮਰਥਨ ਵਿੱਚ ਰਾਜਨੀਤੀ ਤੋਂ ਅੰਲਕਾਰਾਂ ਦੀ ਵਰਤੋਂ ਕਰਦਾ ਹੈ।ਉਹਨਾਂ ਦੀ ਸਿੱਧੀ ਸਿਆਸੀ ਟਿੱਪਣੀ ਹੋਰ ਵੀ ਪ੍ਰਭਾਵਸ਼ਾਲੀ ਹੈ।

ਗੁਰੁ ਨਾਨਕ ਦੇਵ ਜੀ ਦੇ ਇਤਿਹਾਸਕ ਸਦਰੰਭ ਵਿੱਚ ਉਹਨਾਂ ਦੇ ਨਿੱਜੀ ਅਨੁਭਵ ਘੇਰੇ ਦਾ ਉਹਨਾਂ ਦੇ ਰਾਜਨੀਤਕ ਦ੍ਰਿਸ਼ਟੀਕੋਣ ਵੱਲ ਅਸਰ ਗਿਆ ਜਾਪਦਾ ਹੈ। 1469 ਵਿੱਚ ਉਹਨਾਂ ਜਦੋਂ ਉਹ ਧਰਤੀ ਤੇ ਆਏ ਉਦੋਂ ਦਿੱਲੀ ਦੇ ਤਿੰਨ ਲੋਧੀ ਸੁਲਤਾਨ ਬਹਿਲੋਲ, ਸਿਕੰਦਰ ਅਤੇ ਇਬਰਾਹੀਮ (1451-1526) ਦੇ ਸ਼ਾਸ਼ਨ ਅਤੇ ਫੇਰ ਉਹਨਾਂ ਮੁਗਲ ਸ਼ਾਸਨ ਦੀ ਸ਼ੁਰੂਆਤ ਅਤੇ ਬਾਬਰ ਨੂੰ ਦੇਖਿਆ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਸੱਚਾਈ, ਸਦਾਚਾਰ ਅਤੇ ਲੋਕਾਂ ਦੀ ਭਲਾਈ ਨੂੰ ਰਾਜਨੀਤਕ ਫੈਸਲਿਆਂ ਦਾ ਕੇਂਦਰ ਬਣਾਉਣਾ ਸੀ। ਗੁਰੂ ਨਾਨਕ ਦੇਵ ਜੀ ਦੀਆਂ ਰਾਜਨੀਤਕ ਸਿੱਖਿਆਵਾਂ ਦੀ ਜੇਕਰ ਅਸੀਂ ਸਮਕਾਲੀ ਰਾਜਨੀਤਕ ਸਥਿਤੀ ਨਾਲ ਤੁਲਨਾ ਕਰੀਏ ਤਾਂ ਦੇਖਦੇ ਹਾਂ ਕਿ ਅੱਜ ਜਿੱਥੇ ਰਾਜਨੀਤਿਕ ਭ੍ਰਿਸ਼ਟਾਚਾਰ, ਨੈਤਿਕਤਾ ਦੀ ਕਮੀ ਅਤੇ ਅਸਮਾਨਤਾ ਵਧ ਰਹੀ ਹੈ। ਬਾਬਰ ਦੇ ਅਤਿਆਚਾਰ, ਅਨਿਆਂ,ਬੇ-ਇਨਸਾਫੀ ਅਤੇ ਜੁਲਮ ਖਿਲਾਫ ਜੋ ਸ਼ਬਦ ਗੁਰੁ ਨਾਨਕ ਦੇਵ ਜੀ ਹੀ ਲਿਖ ਸਕਦੇ ਸਨ। ਉਹ ਕੋਈ ਹੋਰ ਨਹੀਂ ਪਾਪ ਕੀ ਜੰਞ ਲਾਇ ਕੈ ਦਿਲੀ ਕੂ ਤੋਹਿ ਮੁਗਲ ਪਠਾਣਾ।"

### ਗੁਰੂ ਨਾਨਕ ਦੇਵ ਜੀ ਦੀਆਂ ਰਾਜਨੀਤਕ ਸਿੱਖਿਆਵਾਂ ਸਮਾਨਤਾ ਅਤੇ ਆਮ ਲੋਕਾਂ ਦੀ ਭਲਾਈ

ਉਸ ਸਮੇਂ ਦੇ ਮੁਗਲ ਹਕੂਮਤ ਅਤੇ ਸਥਾਨਿਕ ਰਾਜਿਆਂ ਵੱਲੋਂ ਅਮਲ ਕੀਤੀ ਜਾਣ ਵਾਲੀ ਜ਼ੋਰ-ਜ਼ਬਰਦਸਤੀ ਅਤੇ ਜਨਤਾ ਨਾਲ ਹੋ ਰਹੇ ਅਨਿਆਂ ਦੇ ਵਿਰੋਧ ਵਿੱਚ ਗੁਰੂ ਨਾਨਕ ਸਾਹਿਬ ਖੁੱਲ ਕੇ ਸਾਹਮਣੇ ਆਏ ਅਤੇ ਵਿਰੋਧ ਕੀਤਾ।

ਉਨ੍ਹਾਂ ਨੇ ਇਹ ਸਿੱਖਿਆ ਦਿੱਤੀ ਕਿ ਸਮਾਨਤਾ ਹਰ ਇਨਸਾਨ ਦਾ ਮੂਲ ਅਧਿਕਾਰ ਹੈ ਅਤੇ ਰਾਜਨੀਤਿਕ ਸਿਸਟਮ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਹਰ ਕੋਈ ਇੱਜ਼ਤਦਾਰ ਜ਼ਿੰਦਗੀ ਬਿਤਾ ਸਕੇ। "ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ" ਇਹ ਕਹਿ ਕੇ ਉਨ੍ਹਾਂ ਨੇ ਧਾਰਮਿਕ ਸਮਾਨਤਾ ਦਾ ਸੰਦੇਸ਼ ਦਿੱਤਾ।

### ਨੈਤਿਕਤਾ ਅਤੇ ਸੱਚਾਈ:

ਗੁਰੂ ਨਾਨਕ ਦੇਵ ਜੀ ਨੇ ਰਾਜਨੀਤਕ ਸਿਸਟਮ ਵਿੱਚ ਸੱਚਾਈ ਅਤੇ ਨੈਤਿਕਤਾ ਦੇ ਮਹੱਤਵ ਨੂੰ ਉਜਾਗਰ ਕੀਤਾ। ਉਹ ਇਹ ਮੰਨਦੇ ਸਨ ਕਿ ਰਾਜਾ ਹੋਵੇ ਜਾਂ ਕੋਈ ਆਮ ਇਨਸਾਨ, ਸੱਚਾਈ ਦਾ ਰਾਹ ਹੀ ਸਭ ਤੋਂ ਸਹੀ ਰਾਹ ਹੈ।

**ਅਨਿਆਂ ਦਾ ਵਿਰੋਧ:** ਗੁਰੂ ਨਾਨਕ ਦੇਵ ਜੀ ਨੇ ਆਪਣੇ ਜ਼ਮਾਨੇ ਦੇ ਰਾਜਨੀਤਕ ਸਿਸਟਮ ਵਿੱਚ ਚੱਲ ਰਹੇ ਅਨਿਆਂ ਨੂੰ ਖਤਮ ਕਰਨ ਲਈ ਕਿਹਾ। ਉਨ੍ਹਾਂ ਦੀਆਂ ਬਾਣੀਆਂ ਵਿੱਚ ਅਨਿਆਂ ਦੇ ਵਿਰੋਧ ਦੀ ਝਲਕ ਹੈ। ਅੱਜ ਦੀ ਰਾਜਨੀਤਿਕ ਸਥਿਤੀ ਵਿੱਚ ਜਿੱਥੇ ਅਨਿਆਂ ਨੂੰ ਦੇਖ ਕੇ ਵੀ ਅੱਖਾਂ ਬੰਦ ਕਰ ਲਈਆਂ ਜਾਂਦੀਆਂ ਹਨ।

ਆਧੁਨਿਕ ਰਾਜਨੀਤੀ ਵਿੱਚ ਭ੍ਰਿਸ਼ਟਾਚਾਰ, ਧਰਮ ਦੇ ਨਾਮ ਤੇ ਰਾਜਨੀਤੀ ਦੀ ਖੇਡ ਅਤੇ ਧਰਮ ਦੀ ਵਰਤੋਂ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਅਤੇ ਲੋਭ/ਲਾਲਚ ਮਨੁੱਖ ਨੂੰ ਉਸ ਦੇ ਅਸਲ ਮੰਤਵ ਤੋਂ ਦੂਰ ਕਰਦਾ ਹੈ। ਰਾਜਨੀਤੀ ਵਿੱਚ ਸਮਾਜ ਦੀ ਸੇਵਾ ਮੁੱਖ ਮੰਤਵ ਹੋਣਾ ਚਾਹੀਦਾ।

ਉਹਨਾਂ ਨੇ ਰਾਜਾ, ਮੋਲਵੀ, ਪੰਡਤ ਅਤੇ ਬਾਦਸ਼ਾਹਾਂ ਦੇ ਲਾਭਖੋਰੀ ਅਤੇ ਧ੍ਰਿਸ਼ਟ ਕਰਮਾਂ ਨੂੰ ਸਖ਼ਤ ਅਲਫ਼ਾਜ਼ਾਂ ਵਿੱਚ ਨਿੰਦਾ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਰਾਜਿਆਂ ਦੀ ਲਾਲਚ, ਅਨੈਤਿਕ ਕਿਰਦਾਰ ਅਤੇ ਜ਼ੁਲਮਾਂ ਬਾਰੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਇਸ ਵਿੱਚ ਉਹ ਕਹਿੰਦੇ ਹਨ ਕਿ ਜੋ ਰਾਜੇ ਹਨ, ਉਹ ਲੋਕਾਂ 'ਤੇ ਜ਼ੁਲਮ ਕਰਦੇ ਹਨ ਅਤੇ ਸਿਰਫ ਆਪਣੇ ਫਾਇਦੇ ਲਈ ਕੰਮ ਕਰਦੇ ਹਨ। ਉਹਨਾਂ ਨੇ ਦਰਬਾਰਾਂ ਦੇ ਸਿੰਘਾਸਨਾਂ 'ਤੇ ਬੈਠੇ ਹਾਕਮਾਂ ਦੇ ਪਾਪਾਂ ਨੂੰ ਵੀ ਬੇਨਕਾਬ ਕੀਤਾ।

ਮੂਲ ਸ਼ਬਦ:
ਰਾਜੇ ਸੀਹ ਮੁਕਦਮ ਕੁਤੇ।
ਜਾਇ ਜਗਾਇਨਿ ਬੈਠੇ ਸੁਤੇ॥

ਗੁਰੁ ਨਾਨਕ ਜੀ ਕਹਿੰਦੇ ਹਨ ਕਿ ਰਾਜੇ ਸ਼ੇਰਾਂ ਵਾਂਗ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹਨ, ਪਰ ਉਹ ਬੇਰਹਮ ਹਨ। ਮੁਕਦਮ (ਜਿਲਾ ਹਾਕਮ) ਕੁਤਿਆਂ ਵਾਂਗ ਹਨ, ਜੋ ਰਾਜਿਆਂ ਦੇ ਆਦੇਸ਼ਾਂ ਦਾ ਪਾਲਣ ਕਰਦੇ ਹਨ। ਇਹਨਾਂ ਹਾਕਮਾਂ ਦੀਆਂ ਕਰਤੂਤਾਂ ਬਿਲਕੁਲ ਕੁਤਿਆਂ ਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਰਾਜਿਆਂ ਅਤੇ ਸਾਸਕਾਂ ਦੀਆਂ ਬੇਨਿਆਜ਼ੀ, ਲਾਲਚ, ਅਨੈਤਿਕਤਾ, ਅਤੇ ਜ਼ੁਲਮਾਂ ਦੀ ਤਿੱਖੀ ਨਿੰਦਾ ਕੀਤੀ।

ਉਹਨਾਂ ਨੇ ਸਿਆਸਤ ਵਿੱਚ ਧਰਮ ਦੀ ਥਾਂ ਲਾਲਚ ਨੂੰ ਦਿਖਾ ਕੇ, ਸਮਾਜ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ। ਇੰਝ ਅਸੀਂ ਕਹਿ ਸਕਦੇ ਹਾਂ ਕਿ ਗੁਰੁ ਨਾਨਕ ਦੇਵ ਜੀ ਨੇ ਜਿਥੇ ਅਧਿਆਤਮਕ, ਸੂਫੀਵਾਦ, ਤਰਕਸ਼ੀਲ, ਸਮਾਜਿਕ ਸਮਾਨਤਾ ਤੋਂ ਇਲਾਵਾ ਉਹਨਾਂ ਨੇ ਰਾਜਨੀਤਕ ਜੁਲਮਾਂ ਵਿਰੁੱਧ ਖੜ੍ਹੇ ਹੋਣ ਦੀ ਜਿੰਮੇਵਾਰੀ ਹਰ ਵਿਅਕਤੀ ਉੱਤੇ ਪਾਈ। ਅਜੋਕੇ ਸਮੇਂ ਵਿੱਚ ਵੀ ਉਨਾਂ ਦਾ ਰਾਜਨੀਤਕ ਪ੍ਰਸੰਗ ਬਹੁਤ ਅਹਿਮ ਹੈ ਉਹਨਾਂ ਸੰਦੇਸ਼ ਤੋਂ ਸਾਨੂੰ ਰਾਜਨੀਤਕ ਜੁਲਮ ਅਤੇ ਬੇਇਨਸਾਫੀ ਖਿਲਾਫ ਡੱਟ ਕੇ ਖੜ੍ਹਨਾ ਚਾਹੀਦਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਊਚ ਨੀਚ ਦੀ ਗੱਲ ਨਾ ਛਿੜੇ ਕਿਧਰੇ , ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ।
ਹੱਕ ਹੋਵੇ ਇੱਕੋ ਜਿਹਾ ਸਾਰਿਆਂ ਦਾ, ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ।








ਮੇਲਾ
.ਗਦਰੀ ਬਾਬਿਆਂ ਦਾ
5 ਅਕਤੂਬਰ 2024,
ਸ਼ਨੀਵਾਰ
01:00 ਵਜੇ ਤੋਂ ਸ਼ਾਮ 5 ਵਜੇ ਤੱਕ

MELA
GADARI BABBEYAN DA
05 OCTOBER, 2024,
SATURDAY
01:00 P.M. to 05:00 P.M.

Location: ANDEROS KARPEROS SCHOOL, 1666 CAMINO DE FLORES, YUBA CITY, CA, 95993

# ਮੇਲਾ .ਗਦਰੀ ਬਾਬਿਆਂ ਦਾ

ਵਲੋਂ

The Gadar Heritage Foundation & Indian Educational And Culture Organization
ਦੀ .ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜ਼ੇਸ਼ਨ

.ਗਦਰ ਪਾਰਟੀ ਦੇ ਸ਼ਹੀਦਾਂ ਦੀਆਂ ਫੋਟੋਜ਼ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ

ਨਾਟਕ
ਧੰਨ ਲੇਖਾਰੀ ਨਾਨਕਾ
(DHAN LEKHARI NANKA)

ਸਾਹਿਤਕ ਅਤੇ ਇਨਕਲਾਬੀ ਕਿਤਾਬਾਂ ਦਾ ਬੁੱਕ ਸਟਾਲ ਵੀ ਹੋਵੇਗਾ

Guest of Honor



Prof. Manjit Singh
(Social Activist and Scholor)

Writer, Director, Actor



Dr. Sahib Singh

Stage Secretory



Asha Sharma

ਸਮੂਹ ਭਾਰਤੀ ਅਤੇ ਭਰਾਤਰੀ ਭਾਈਚਾਰੇ ਨੂੰ ਪਹੁੰਚਣ ਦਾ ਖੁੱਲਾ ਸੱਦਾ ਹੈ
All Are Invited To Attend The Program
Free Entry, Free Parking

ਗਿੱਧਾ, ਭੰਗੜਾ, ਗੀਤ, ਸੰਗੀਤ ਅਤੇ ਚਾਹ ਪਾਣੀ ਦਾ ਲੰਗਰ ਹੋਵੇਗਾ

ਹੋਰ ਜਾਣਕਾਰੀ ਲਈ ਤੁਸੀਂ ਥੱਲੇ ਦਿੱਤੇ ਨੰਬਰਾਂ 'ਤੇ ਗੱਲ ਕਰ ਸਕਦੇ ਹੋ

Makhan Basi (530) 415-1680, Tarlok Johal (209) 595-8767, Kulwant Singh (916) 584-2827
Amrik (925) 787-3890, Raghbir Sandhu (279) 977-2466, Baldev Raj (916) 330-8632

VOTE

# Vinod Kumar

## Newark City Council

www.Vinodkumarfornewark.org



## Championing Equality and Diversity in our City Government

**VOTE BY MAIL by November 5!**

### Dear Newark Neighbor,

*As a longtime resident of Newark, and proud parent to children who attended Newark public schools, I am ready to serve our City and champion the needs of residents just like you! Representation Matters in this Election! So, I invite you to join me to bring fresh leadership and community-rooted service to City Hall!*
*Vote VINOD KUMAR for NEWARK CITY COUNCIL!*

Thank you,

**Vinod Kumar**

**VinodKumarforNewark.org**

*Paid for by Vinod Kumar for Newark City Council 2024 I FPPC: 1473599*



**Father, Husband, Small Businessman, and Problem Solver.**

**Ready to Serve OUR CITY of Newark!**

Vinod Kumar has called Newark home over the past 30 years. It is where he raised his 3 children, who all attended Newark public schools.

For more than two decades Vinod has been actively involved in community service leading numerous initiatives that support our neighborhoods and foster inclusivity. As a business owner with experience across the East Bay, he is well versed in the challenges of city planning and economic development

Vinod will bring the "community-oriented leadership" and collaboration that our City Council needs, and our residents deserve.

**Vinod believes in a more livable and affordable Newark. He'll bring fresh leadership and focus to City Hall.**

**RESPONSIVE + EFFICIENT GOVERNMENT SERVICES**
Simplifying permits and supporting city staff to deliver the resources and high quality services that residents deserve. And, building greater trust and relationships between residents, the community, and our city leadership.

**HOUSING AFFORDABILITY**
Fighting for housing of all types, for all incomes through thoughtful planning. Ensuring that Newark can grow in a way that doesn't compromise the things that make it a great place to live.

**PUBLIC SAFETY**
Re-Investing in responsive public safety, restoring fire protection services, and keeping Newark a safe place for residents of all ages.

**CLIMATE + the ENVIRONMENT**
Renewed focus on preserving our wetlands, electrifying our grid, and lowering our carbon footprint as a City and as a community.

**EXCELLENT SCHOOLS, RETAIL, and NEIGHBORHOODS**
Establishing great partnership between city hall and our schools, supporting small businesses, attracting quality retail and restaurant experiences, and maintaining our strong sense of community!

VOTE Vinod Kumar Newark City Council

Learn more at: **VinodKumarForNewark.org**

**VOTE BY MAIL by Election Day NOVEMBER 5, 2024!**

# ਕਰਮਨ ਸ਼ਹਿਰ ਦੇ ਸਲਾਨਾ ਹਾਰਵੈਸਟਰ ਫੈਸਟੀਵਲ ਲੱਗੀ ਸਟੇਜ ਤੋਂ ਪੰਜਾਬੀਆਂ ਕਰਾਈ ਬੱਲੇ-ਬੱਲੇ

**ਫਰਿਜ਼ਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ "ਹਾਰਵੈਸਟ ਫਿਸ਼ਟੀਵਲ" (Harvest Fesitval) ਦੀ ਸੁਰੂਆਤ ਹਮੇਸ਼ਾ ਪਰੇਡ ਨਾਲ ਹੋਈ। ਜਿਸ ਦਾ ਮਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸੱਕ ਇੱਥੇ ਲੋਕ ਵੱਡੇ ਸ਼ਹਿਰਾ ਰਹਿ ਰਹੇ ਹਨ, ਪਰ ਫਿਰ ਵੀ ਲੋਕ ਆਪਣੀ ਪੱਕੀ ਫਸ਼ਲ ਦੀ ਕਟਾਈ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿੱਚ ਮਨਾਉਂਦੇ ਆ ਰਹੇ ਹਨ। ਜਿਸ ਦੀ ਸੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾਂ ਪਰਦਰਸ਼ਨ ਕਰਦੇ ਹਨ। ਇਨ੍ਹਾਂ ਫਲੋਟਾ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਜਿਸ ਵਿੱਚ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਖੁੱਲ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆ ਦੀ ਹੌਸ਼ਲਾ ਅਫਜ਼ਾਈ ਵੀ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲੇ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆ ਦਾ ਅਨੰਦ ਮਾਣਦੇ ਹਨ।



ਮੇਲੇ ਦੌਰਾਨ ਹਰ ਸਾਲ ਸਟੇਜ਼ ਲੱਗਦੀ ਹੈ। ਜਿੱਥੋ ਵੱਖ-ਵੱਖ ਬੁਲਾਰੇ ਜਾਂ ਕਲਾਕਾਰ ਰਿਵਾਇਤੀ ਤੌਰ 'ਤੇ ਆਪਣੇ ਵਿਚਾਰ ਜਾਂ ਕਲਾ ਦਾ ਖੁੱਲ ਕੇ ਪ੍ਰਦਰਸਨ ਕਰਦੇ ਹਨ। ਇਸੇ ਹੀ ਸਟੇਜ਼ ਤੋਂ ਗਾਇਕੀ ਦਾ ਖੁੱਲਾ ਅਖਾੜਾ ਵੀ ਲੱਗਦਾ ਹੈ। ਜਿਸ ਵਿੱਚ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੀ ਕਲਾ ਦਾ ਖੁੱਲ ਕੇ ਪ੍ਰਗਟਾ ਕਰਦੇ ਹੋਏ, ਦੂਸਰੇ ਭਾਈਚਾਰਿਆਂ ਨਾਲ ਸੱਭਿਆਚਾਰ ਦੀ ਸਾਂਝ ਪਾਉਦੇ ਹਨ। ਕਰਮਨ ਸ਼ਹਿਰ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਇਸੇ ਲੜੀ ਤਹਿਤ ਸੁਰੂਆਤ ਦੇ ਦੂਸਰੇ ਸਾਲ ਕਿਰਨਜੋਤ ਕੌਰ ਢੇਸੀ ਦੇ ਉੱਦਮ ਸਦਕਾ, ਗੁਲਬਿੰਦਰ ਗੈਰੀ ਢੇਸੀ ਅਤੇ ਕੁਲਵੰਤ ਧਾਲੀਆਂ ਨੇ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਦਾ ਪ੍ਰੋਗਰਾਮ ਸਟੇਜ਼ ਸਫਲਤਾ ਨਾਲ ਪੇਸ਼ ਕੀਤਾ। ਜਿਸ ਵਿੱਚ ਹਰਜੀਤ ਗਰੇਵਾਲ, ਰਣਮੇਘ ਢੇਸੀ, ਅਵਤਾਰ ਗਰੇਵਾਲ, ਸਤਬੀਰ ਹੀਰ, ਕਮਲਜੀਤ ਬਾਸੀ, ਤਾਰਾ ਤਾਜਪੁਰ ਵਾਲਾ ਅਤੇ ਹੋਰ ਸਹਿਯੋਗੀਆਂ ਨੇ ਸਹਿਯੋਗ ਦਿੱਤਾ।

ਇਸ ਦੀ ਸੁਰੂਆਤ ਕੁਲਵੰਤ ਊਭੀ ਨੇ ਸਭ ਨੂੰ "ਜੀ ਆਇਆਂ" ਕਹਿੰਦੇ ਹੋਏ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸੱਭਿਆਚਾਰਕ ਪ੍ਰੋਗਰਾਮ ਦਾ ਆਰੰਭ ਕੀਤਾ। ਇਸ ਬਾਅਦ ਗਾਇਕੀ ਦੇ ਲੱਗੇ ਖੁੱਲੇ ਅਖਾੜੇ ਵਿੱਚ ਗਾਇਕ ਕਲਾਕਾਰ ਕਮਲਜੀਤ ਬੈਨੀਪਾਲ, ਦਿਲਦਾਰ ਬ੍ਰਦਰਜ਼ ਗਰੁੱਪ ਦੇ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਂਤਾ ਸਹੋਤਾ ਨੇ ਆਪਣੇ ਪੁਰਾਣੇ ਅਤੇ ਨਵੇਂ ਗੀਤ ਗਾਉਂਦੇ ਹੋਏ ਖੂਬ ਰੌਣਕਾਂ ਲਾਈਆਂ। ਜਦ ਕਿ ਵਿਸ਼ੇਸ਼ ਤੌਰ 'ਤੇ 'ਧੀ ਪੰਜਾਬ ਦੀ' ਗਿੱਧਾ ਅਤੇ ਭੰਗੜਾ ਅਕੈਡਮੀਂ ਦੀ ਮੁੱਖ ਸੰਚਾਲਕਾ ਅਤੇ ਕੋਚ ਤਰਨਜੀਤ ਕਲੇਰ ਨੇ ਆਪਣੀ ਡਾਂਸ ਦੀ ਪੇਸ਼ਕਾਰੀ ਰਾਹੀ ਸਭ ਨੂੰ ਕੀਲ ਰੱਖਿਆ। ਇਸੇ ਦੌਰਾਨ ਸਥਾਨਿਕ ਦੋਗਾਣਾ ਜੋੜੀ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਨੇ ਆਪਣੇ ਨੋਕ-ਝੋਕ ਵਾਲੇ ਦੋਗਾਣੇ ਗਾਉਂਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜ਼ਨ ਕੀਤਾ।

ਇਸ ਪ੍ਰੋਗਰਾਮ ਦੌਰ ਮੁੱਖ ਪ੍ਰਬੰਧਕ ਗੁਲਬਿੰਦਰ ਗੈਰੀ ਢੇਸੀ ਨੇ ਅਮੈਰੀਕਨ ਭਾਈਚਾਰੇ ਦੇ ਸਿਟੀ ਅਧਿਕਾਰੀਆਂ ਅਤੇ ਕਰਮਨ ਰੋਟਰੀ ਕਲੱਬ ਦੇ ਮੈਂਬਰਾਂ ਨਾਲ ਹਾਜ਼ਰੀਨ ਦੀ ਜਾਣ-ਪਹਿਚਾਣ ਕਰਾਉਂਦੇ ਹੋਏ ਅਗਲੇਰੇ ਪ੍ਰੋਗਰਾਮਾਂ ਵਿੱਚ ਹੋਰ ਸਹਿਯੋਗ ਲੈਣ ਦੀ ਵਚਨਬੱਧਤਾ ਪ੍ਰਗਟਾਈ। ਇਸ ਮੇਲੇ ਵਿੱਚ ਸਮੁੱਚੇ ਭਾਈਚਾਰੇ ਤੋਂ ਇਲਾਵਾ ਵੱਖ-ਵੱਖ ਸਥਾਨਿਕ ਸੰਸਥਾਵਾਂ ਦੇ ਨੁਮਾਇੰਦੇ ਅਤੇ ਸਥਾਨਿਕ ਮੀਡੀਏ ਨੇ ਹਾਜ਼ਰੀ ਭਰੀ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਸੇਵਾ ਕੁਲਵੰਤ ਊਭੀ ਧਾਲੀਆਂ ਨੇ ਬਾ-ਖੂਬੀ ਨਿਭਾਈ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਕਲਾਕਾਰਾਂ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਉੱਥੇ ਅਮਰੀਕਨਾਂ ਨੂੰ ਵੀ ਮੇਲੇ ਵਿੱਚ ਨੱਚਣ ਲਾ ਦਿੱਤਾ। ਮੇਲੇ ਦੇ ਪ੍ਰਬੰਧਕਾਂ ਵਿੱਚੋਂ ਮਿਸ। ਸੂਸਨ ਨੇ ਪੰਜਾਬੀ ਭਾਈਚਾਰੇ ਨੂੰ ਅਗਲੇ ਸਾਲ ਦਾ ਸੱਦਾ ਦਿੰਦੇ ਹੋਏ, ਇਸ ਸਫਲ ਪੇਸ਼ਕਾਰੀ ਦੀ ਵਧਾਈ ਵੀ ਦਿੱਤੀ। ਅੰਤ ਆਪਣੀਆਂ ਯਾਦਗਾਰੀ ਪੈੜਾਂ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਕਮਲਜੀਤ ਬੈਨੀਪਾਲ ਦੇ ਗੀਤ 'ਮੇਰੀ ਮੇਰੀ ਨਾ ਕਰਿਆ ਕਰ ਯਾਰ' ਦਾ ਪੋਸਟਰ ਫਰਿਜਨੋ ਵਿਖੇ ਰਲੀਜ਼

**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)**– ਗਾਇਕ ਕਲਾਕਾਰ ਅਤੇ ਅੰਤਰ-ਰਾਸ਼ਟਰੀ ਖਿਡਾਰੀ ਸੁਰੀਲੇ, ਬੁਲੰਦ ਆਵਾਜ਼ ਦੇ ਮਾਲਕ ਕਮਲਜੀਤ ਸਿੰਘ ਬੈਨੀਪਾਲ ਦਾ ਬਹੁਤ ਪਿਆਰਾ ਗੀਤ "ਮੇਰੀ-ਮੇਰੀ ਨਾ ਕਰਿਆ ਕਰ ਯਾਰ" ਦਾ ਪੋਸਟਰ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਅਤੇ ਇੰਡੋ ਯੂ. ਐਸ. ਹੈਰੀਟੇਜ਼ ਵੱਲੋ ਖਾਲੜਾ ਪਾਰਕ ਵਿੱਚ ਰਲੀਜ਼ ਕੀਤਾ ਗਿਆ। ਬਹੁਤ ਹੀ ਮਿਆਰੀ ਗੀਤ ਦੇ ਬੋਲ ਗੀਤਕਾਰ ਗੈਰੀ ਢੇਸੀ ਵੱਲੋ ਲਿਖੇ ਗਏ ਨੇ। ਇਸ ਗੀਤ ਦਾ ਮਿਊਜਕ ਅਮਰਜੀਤ ਦੁਆਰਾ ਕੀਤਾ ਗਿਆ ਹੈ। ਵੀਡੀਓ ਵੀ



ਬਹੁਤ ਅੱਛੀ ਬਣੀ ਹੈ। ਪੋਸਟ ਪ੍ਰੋਡੰਕਸ਼ਨ ਤੇ ਸਕਾਈ ਪ੍ਰੋਡੰਕਸ਼ਨ ਦੁਆਰਾ ਤਿਆਰ ਇਹ ਗੀਤ ਜਲਦ ਸਰੋਤਿਆਂ ਦੀ ਕਚਿਹਰੀ ਵਿੱਚ ਹੋਵੇਗਾ। ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਵੱਲੋ ਕਮਲਜੀਤ ਬਾਨੀਪਾਲ ਨੂੰ ਨਵੇਂ ਗੀਤ ਲਈ ਬਹੁਤ ਬਹੁਤ ਮੁਬਾਰਕਵਾਦ। ਕੱਲ ਕੈਲੇਫੋਰਨੀਆਂ ਦੇ ਸ਼ਹਿਰ ਕਰਮਨ ਦੇ ਮੇਲੇ (Kerman Harvester Fesitval) ਦੌਰਾਨ ਸਮੁੱਚੇ ਪੰਜਾਬੀ ਅਤੇ ਅਮੈਰੀਕਨ ਭਾਈਚਾਰੇ ਵੱਲੋਂ ਗੀਤ ਰਿਲੀਜ਼ ਕੀਤਾ ਗਿਆ। ਇਸ ਗੀਤ ਦੇ ਗੀਤਕਾਰ ਗੁਲਬਿੰਦਰ ਗੈਰੀ ਢੇਸੀ ਹਨ। ਜਿੰਨ੍ਹਾਂ ਦੇ ਬਹੁਤ ਸਾਰੇ ਗੀਤ ਨਾਮਵਰ ਗਾਇਕ ਗਾ ਚੁੱਕੇ ਹਨ। ਇਸ ਦੇ ਬੋਲ ਬਹੁਤ ਪਿਆਰੇ ਅਤੇ ਵੀਡੀਓ ਵੀ ਸੋਹਣੀ ਹੈ।



# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 29 ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ













**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜਨੋ ਵਿਖੇ ਸ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮ੍ਰਪਿਤ, ਮਨੁੱਖੀ ਅਧਿਕਾਰ ਦਿਵਸ' ਮਨਾਇਆ ਗਿਆ। ਵੱਖ ਵੱਖ ਬੁਲਾਰਿਆਂ ਨੇ ਦੁਨੀਆ ਭਰ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ ਚਿੰਤਾ ਜ਼ਾਹਰ ਕੀਤੀ।

ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 29ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ ਕਿਸਾਨਾਂ ਅਤੇ 911 ਦੀ 23ਵੀਂ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਕੁਲਵੰਤ ਸਿੰਘ ਖਹਿਰਾ ਨੇ ਸੁਖਮਨੀ ਸਹਿਬ ਦੇ ਪਾਠ ਕਰਕੇ ਕੀਤੀ। ਉਪਰੰਤ ਅਮੈਰਕਿਨ ਫਲੈਗ ਨੂੰ ਸਲਿਊਟ ਕੀਤਾ ਗਿਅ। ਪਿਛੋਂ ਸਟੇਜ ਦੀ ਸ਼ੁਰੂਆਤ ਰਾਜ ਸਿੱਧੂ ਮੋਗਾ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਸਟੇਜ਼ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ।

ਇਸ ਪਿੱਛੋਂ ਗਾਇਕ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਸਟੇਜ਼ ਨੂੰ ਅੱਗੇ ਤੋਰਿਆ। ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਜੋਤ ਰਣਜੀਤ ਕੌਰ ਅਤੇ ਜਗਦੇਵ ਸਿੰਘ ਧੰਜ਼ਲ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾਂ, ਪਰਮਪਾਲ ਸਿੰਘ ,ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ, ਸੁਰਿੰਦਰ ਮੰਡਾਲੀ, ਕਾਕਾ ਏਕਨੂਰ ਸਿੰਘ ਬੇਕਰਸਫੀਲਡ, ਸੁੱਖਦੇਵ ਸਿੰਘ ਸਿੱਧੂ, ਨੈਂਣਦੀਪ ਸਿੰਘ ਚੰਨ, ਰਣਜੀਤ ਗਿੱਲ, ਸਰਬਜੀਤ ਸਿੰਘ, ਸਾਧੂ ਸਿੰਘ ਸੰਘਾ ਅਤੇ ਨਿਰਮਲ ਸਿੰਘ ਧਨੌਲਾ ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ।

ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਉਹਨਾਂ ਵੀ ਆਪਣੇ ਵਿਚਾਰ ਰੱਖੇ ਤੇ ਇਸ ਮੌਕੇ ਬਾਬਿਆ ਦੀ ਪਾਰਕ ਵਾਲੀ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੋਸਟ ਜੋਤ ਰਣਜੀਤ ਕੌਰ, ਪੱਤਰਕਾਰ ਨੀਟਾ ਮਾਛੀਕੇ, ਦਿਲਬੀਰ ਸਿੰਘ ਗਿੱਲ (ਖਾਲੜਾ ਸਹਿਬ ਦੇ ਜਵਾਈ), ਅਮਰੀਕ ਸਿੰਘ, ਸਰਪੰਚ ਅਵਤਾਰ ਸਿੰਘ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ। ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ। ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਗਰ ਵਰਤਾਇਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼, ਸਮੂਹ ਖਾਲੜਾ ਪਾਰਕ ਵਾਲੇ ਬਾਬਿਆ ਅਤੇ ਨੌਜਵਾਨਾ ਦੀ ਪਾਰਕ ਕਮੇਟੀ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ।

ਇਸ ਮੌਕੇ ਇੰਡੋ. ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਂਦੀ ਹੈ, ਉਹਨਾਂ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ।

ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਹਾਕਮ ਸਿੰਘ ਢਿੱਲੋ, ਜਸਪਾਲ ਸਿੰਘ ਬਿਲਾਸਪੁਰ, ਭਰਪੂਰ ਸਿੰਘ ਬਰਾੜ, ਅਮਰਜੀਤ ਸਿੰਘ ਦੌਧਰ, ਰਾਜਪਾਲ ਸਿੰਘ ਬੇਕਰਸਫੀਲ, ਸੁਰਿੰਦਰ ਸਿੰਘ ਬੇਕਰਸਫੀਲਡ ਅਤੇ ਕਲੋਵਿਸ ਪਾਰਕ ਵਾਲੇ ਸੱਜਣਾਂ ਦੀ ਮਜੂਦਗੀ ਵੀ ਅਹਿੰਮ ਰਹੀ।


## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।



## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਵੇਗੀ

**ਜਲੰਧਰ- (ਜਸਪਾਲ ਕੁਮਾਰ)** -ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜ਼ੋਰਸ਼ੋਰ ਨਾਲ ਮਨਾ ਰਹੀ ਹੈ। ਪ੍ਰੈਸ ਬਿਆਨ ਜਾਰੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਤੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਭਗਤ ਸਿੰਘ ਦਾ ਜਨਮ ਦਿਹਾੜਾ ਪਹਿਲਾਂ ਪੰਜਾਬ ਵਿਚ ਨਹੀਂ ਸੀ ਮਨਾਇਆ ਜਾਂਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਸੀ। ਪਹਿਲੀ ਵਾਰ ਭਗਤ ਸਿੰਘ ਦਾ ਜਨਮ ਦਿਹਾੜਾ 28 ਸਿਤੰਬਰ 1997 ਨੂੰ ਦੇਸ਼ ਭਗਤ ਯਾਦਗਾਰ ਹਾਲ ਬਾਬਾ ਜਵਾਲਾ ਸਿੰਘ ਹਾਲ ਵਿੱਚ ਮਨਾਇਆ ਗਿਆ ਸੀ। ਇਸ ਪ੍ਰੋਗਰਾਮ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਨੇ ਭਗਤ ਸਿੰਘ ਦਾ ਕੈਲੰਡਰ ਰਿਲੀਜ਼ ਕਰਨ ਤੋਂ ਬਾਅਦ ਬਹੁਤ ਹੀ ਮਹੱਤਵਪੂਰਨ ਲੈਕਚਰ ਦਿੱਤਾ ਸੀ। ਉਨ੍ਹਾਂ ਕਿਹਾ ਮੁੰਡਿਓ ਅਗਲਾ ਭਗਤ ਸਿੰਘ ਦਾ ਜਨਮ ਦਿਨ ਖੁੱਲ੍ਹੇ ਵਿਹੜੇ ਵਿੱਚ ਮਨਾਉ। ਫਿਰ ਬਾਬਾ ਜੀ ਦੇ ਵਿਚਾਰਾਂ ਤੇ ਪਹਿਰਾ ਦਿੱਤਾ ਗਿਆ। ਇਸ ਵਾਰ ਭਗਤ ਸਿੰਘ ਦੇ ਜਨਮ ਦਿਹਾੜੇ ਤੇ ਹੋ ਰਹੇ ਸਮਾਗਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ, ਡਾਕਟਰ ਪਰਮਿੰਦਰ ਤੇ ਰਮਿੰਦਰ ਸਿੰਘ ਪਟਿਆਲਾ ਆਪਣੇ ਵਿਚਾਰ ਰੱਖਣਗੇ। ਦੇਸ਼ ਭਗਤ ਯਾਦਗਾਰ ਸੰਸਥਾ ਨਾਲ ਜੁੜੇ ਸਾਰੇ ਸੁਨੇਹੀਆਂ ਸਮਾਗਮ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਹੈ।



ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਦੇ ਉਪਰਾਲਿਆਂ ਨਾਲ ਨਿਊਯਾਰਕ ਸਿਟੀ ਦੁਆਰਾ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਨਾਲ ਲੱਗਦੀ ਰੋਡ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਾਰਗ ਰੱਖੇ ਜਾਣ ਮੌਕੇ ਨਾਮਵਰ ਸ਼ਖਸੀਅਤ ਅਤੇ ਉਘੇ ਬਿਜਨਸਮੈਨ ਸ੍ਰੀ ਰਜਿੰਦਰ ਮੋਮੀ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਮੋਮੀ, ਸ੍ਰੀ ਗੁਰੂ ਰਵਿਦਾਸ ਟੈਂਪਲ ਆਫ ਨਿਊਯਾਰਕ ਵਿਖੇ ਨਤਮਸਤਕ ਹੋਏ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਮੌਕੇ ਸ੍ਰੀ ਰਾਜਿੰਦਰ ਮੋਮੀ (ਸਾਬਕਾ ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਨੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਫਰਿਜ਼ਨੋ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਇਸ ਸ਼ੁਭ ਕਾਰਜ ਦੀਆਂ ਵਧਾਈਆਂ ਦਿੱਤੀਆਂ।

## ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਹਰਦੋਖਾਨਪੁਰ ਵਿਖੇ ਨਸ਼ਾਖੋਰੀ ਅਤੇ ਇਲਾਜ਼ ਬਾਰੇ ਜਾਗਰੂਕਤਾ ਮੀਟਿੰਗ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕੋਮਲ ਮਿੱਤਲ ਆਈ.ਏ.ਐਸ. ਡਿਪਟੀ ਕਮਿਸ਼ਨਰ ਕਮ ਚੇਅਰਪਰਸਨ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਹੁਸ਼ਿਆਰਪੁਰ ਅਤੇ ਡਾ। ਹਰਬੰਸ ਕੌਰ ਡੀ.ਐਮ.ਸੀ. ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਗੁਰੂਦੁਆਰਾ ਸਾਹਿਬ ਪਿੰਡ ਹਰਦੋਖਾਨਪੁਰ ਵਿਖੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਇਸਦੇ ਇਲਾਜ਼ ਬਾਰੇ ਜਾਣਕਾਰੀ ਦਾ ਆਯੋਜਨ ਸ਼੍ਰੀ ਅਵਤਾਰ ਲਾਲ ਭੂਟੋ ਜਿਲ੍ਹਾ ਪ੍ਰਧਾਨ ਬੇਗਮਪੁਰਾ ਟਾਈਗਰ ਫੋਰਸ ਹੁਸ਼ਿਆਰਪੁਰ ਅਤੇ ਵਾਇਸ ਪ੍ਰੈਸੀਡੈਂਟ ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਹਰਦੋਖਾਨਪੁਰ ਵਲੋਂ ਸ. ਇੰਦਰਜੀਤ ਲਾਲ ਪ੍ਰੈਸੀਡੈਂਟ ਜੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਜਿਸ ਵਿੱਚ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਤੋਂ ਮੁੱਖ ਬੁਲਾਰੇ ਵਲੋਂ ਪ੍ਰਸ਼ਾਂਤ ਆਦਿਆ ਕਾਊਸਲਰ ਹਾਜ਼ਰ ਹੋਏ।ਇਸ ਮੌਕੇ ਪ੍ਰਸ਼ਾਂਤ ਆਦਿਆ ਨੇ ਨਸ਼ਿਆ ਦੇ ਸ਼ੋਰਟ ਅਤੇ ਲੌਂਗ ਟਰਮ ਇਫ਼ੈਕਟਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਉਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਯੁਵਾ ਸ਼ਕਤੀ ਕਿਸੇ ਵੀ ਰਾਸ਼ਟਰ ਦੀ ਨੀਵ ਹੁੰਦੇ ਹਨ ਅਤੇ ਯੁਵਾ ਸ਼ਕਤੀ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਇਸ ਲਈ ਇਹ ਬਹੁਤ ਜਰੂਰੀ ਹੈ ਕਿ ਨਸ਼ਾ ਮੁਕਤ ਭਾਰਤ ਅਭਿਆਨ ਵਿੱਚ ਨੌਜ਼ਵਾਨ ਵੱਡੀ ਗਿਣਤੀ ਵਿੱਚ ਜੁੜਨ ਅਤੇ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਨਸ਼ਾ ਮੁਕਤ ਭਾਰਤ ਅਭਿਆਨ ਦੇ ਅਧੀਨ ਇਹ ਪ੍ਰਤਿਗਿਆ ਕਰਨ ਕਿ ਮੈਂ ਨਸ਼ਾ ਮੁਕਤ ਜੀਵਨ ਬਤੀਤ ਕਰਾਂਗਾ, ਆਪਣਾ, ਆਪਣੇ ਪਰਿਵਾਰ, ਬੱਚਿਆਂ, ਦੋਸਤਾਂ ਅਤੇ ਸਮਾਜ ਸਾਰਿਆਂ ਨੂੰ ਨਸ਼ਾ ਮੁਕਤ ਰਹਿਣ ਦੀ ਕੋਸ਼ਿਸ਼ ਜਾਰੀ ਰੱਖਾਂਗਾ, ਸਿਹਤ ਵਿਭਾਗ ਵਲੋਂ ਜਾਰੀ ਇਸ ਮੁਹਿੰਮ ਵਿੱਚ ਆਪਣਾ ਪੂਰਾ ਯੋਗਦਾਨ ਦਵਾਂਗਾ, ਜਿਸ ਨਾਲ ਦੇਸ਼, ਸਮਾਜ ਅਤੇ ਕਾਨੂੰਨ ਦੀ ਮਦਦ ਹੋ ਸੱਕੇ।



ਜੇਕਰ ਅਸੀਂ ਆਪਣੇ ਤੋਂ ਬਦਲਾਵ ਤੇ ਜਾਗਰੂਕ ਹੋਵਾਂਗੇ ਤਾਂ ਹੀਂ ਸਮਾਜ਼ ਨੂੰ ਬਦਲ ਸਕਦੇ ਹਾਂ ਕਿਉਂਕਿ ਬਦਲਾਓ ਦੀ ਸ਼ੁਰੂਆਤ ਆਪਣੇ ਆਪ ਤੋਂ ਹੋਣੀ ਚਾਹੀਦੀ ਹੈ। ਇਸ ਲਈ ਆਓ ਅਸੀਂ ਸਭ ਨੂੰ ਰਲ ਮਿਲ ਕੇ ਆਪਣੇ ਜ਼ਿਲ੍ਹੇ, ਰਾਜ ਅਤੇ ਦੇਸ਼ ਨੂੰ ਨਸ਼ਾ ਮੁਕਤ ਬਣਾਈਏ।

ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ ਨਸ਼ਾਖੋਰੀ ਇੱਕ ਵਾਰ ਹੋਣ ਵਾਲੀ, ਲੰਬਾ ਸਮਾਂ ਚਲਣ ਵਾਲੀ ਮਾਨਸਿਕ ਬਿਮਾਰੀ ਹੈਂ ਜਿਸ ਦਾ ਇਲਾਜ਼ ਸਿਹਤ ਵਿਭਾਗ ਪੰਜਾਬ ਵਲੋਂ ਮੁਫ਼ਤ ਕੀਤਾ ਜਾਂਦਾ ਹੈਂ। ਨਸ਼ਾਖੋਰੀ ਵਾਲਾ ਵਿਅਕਤੀ ਭਟਕਿਆ ਹੋਇਆ ਹੈਂ। ਉਸ ਨੂੰ ਨਫਰਤ ਕਰਨ ਜਾਂ ਮਜ਼ਾਕ ਉਡਾਉਣ ਦੀ ਬਜਾਏ ਪਿਆਰ ਨਾਲ ਸਮਝਾ ਕੇ ਉਸਨੂੰ ਸਿੱਧੇ ਰਸਤੇ ਤੇ ਲਿਆਉਣਾ ਚਾਹੀਦਾ ਹੈ। ਕਿਉਂਕਿ ਨਸ਼ਾਖੋਰੀ ਨਾਲ ਗ੍ਰਸਤ ਵਿਅਕਤੀ ਨੂੰ ਸਾਥ ਦੀ ਜ਼ਰੂਰਤ ਹੈਂ। ਇਸ ਦਾ ਇਲਾਜ਼ ਹਰ ਜ਼ਿਲ੍ਹੇ ਦੇ ਸਿਹਤ ਅਦਾਰੇ ਵਿੱਚ ਮੁਫਤ ਕੀਤਾ ਜਾਂਦਾ ਹੈਂ। ਜਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ਾਖੋਰੀ ਦਾ ਇਲਾਜ਼ ਸਿਵਲ ਹਸਪਤਾਲ ਹੁਸ਼ਿਆਰਪੁਰ ਅਤੇ ਦਸੂਹਾ ਤੇ ਸਰਕਾਰੀ ਰੀਹੈਬਲੀਟੇਸ਼ਨ ਸੈਂਟਰ ਹੁਸ਼ਿਆਰਪੁਰ ਵਿੱਚ ਕੀਤਾ ਜਾਂਦਾ ਹੈਂ।ਨਸ਼ਾਖੋਰੀ ਨਾਲ ਗ੍ਰਸਤ ਵਿਅਕਤੀ ਹੈਪਾਟਾਈਟਸੀ (ਕਾਲਾ ਪੀਲੀਆ), ਐਚ।ਆਈ।ਵੀ। ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ। ਇਹਨਾਂ ਬਿਮਾਰੀਆਂ ਦਾ ਵੀ ਇਲਾਜ਼ ਸਿਹਤ ਵਿਭਾਗ ਵਲੋਂ ਮੁਫ਼ਤ ਕੀਤਾ ਜਾਂਦਾ ਹੈਂ। ਆਓ ਇੱਕ ਅਭਿਆਨ ਚਲਾਈਏ ਨਸ਼ਾ ਮੁਕਤ ਪੰਜਾਬ ਬਣਾਈਏ। ਇਸ ਮੌਕੇ ਤੇ ਸਹੁੰ ਚੁਕਾਈ ਗਈ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਦਲਿਤ ਮੁਕਤੀ ਮਾਰਚ ਦਾ ਮੰਡਵੀਂ ਵਿੱਚ ਭਰਵਾਂ ਸਵਾਗਤ



**ਮੂਨਕ, (ਦਲਜੀਤ ਕੌਰ)** ਮਲੇਰਕੋਟਲਾ ਦੇ ਪਿੰਡ ਤੋਲੇਵਾਲ ਤੋਂ ਸ਼ੁਰੂ ਹੋਇਆ ਦਲਿਤ ਮੁਕਤੀ ਮਾਰਚ ਦਾ ਕਾਫਲਾ ਨਾਭਾ, ਪਟਿਆਲਾ ਦਿਹਾਤੀ, ਸਨੌਰ, ਘਨੌਰ, ਪਟਿਆਲਾ, ਸਮਾਣਾ , ਭਵਾਨੀਗੜ੍ਹ, ਦਿੜ੍ਹਬਾ ਹੁੰਦੇ ਹੋਏ ਅੱਜ ਰਾਤ ਮੂਨਕ ਦੇ ਪਿੰਡ ਮੰਡਵੀਂ 'ਚ ਪਹੁੰਚਿਆ ਤਾਂ ਮਜ਼ਦੂਰਾਂ ਵੱਲੋਂ ਨਾਅਰੇ ਲਗਾ ਕੇ ਅਤੇ ਹਾਰ ਪਾਕੇ ਇਸ ਦਾ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜਰਨਲ ਸਕੱਤਰ ਗੁਰਵਿੰਦਰ ਸਿੰਘ ਬੌੜਾਂ ਨੇ ਦੱਸਿਆ ਕਿ ਵੱਖ ਵੱਖ ਪਿੰਡਾਂ ਵਿਚ ਹੁੰਦੇ ਹੋਏ ਕਾਫ਼ਲੇ ਦੌਰਾਨ ਲੋਕਾਂ ਦੀ ਭਾਸ਼ਾ ਵਿਚ ਫ਼ਰਕ ਨਜ਼ਰ ਆਇਆ, ਪਹਿਰਾਵਾ ਥੋੜਾ ਬਦਲਿਆ ਨਜ਼ਰ ਆਇਆ ਪਰ ਆਰਥਿਕ ਹਾਲਤ, ਘਰਾਂ ਦੀ ਹਾਲਤ ਉਹੀ ਆ। ਹਾਲਾਤ ਬਦਲਣ ਲਈ ਮਜ਼ਦੂਰ ਸਖ਼ਤ ਮਿਹਨਤਾਂ ਕਰਦੇ ਹਨ ਸਖ਼ਤ ਮਿਹਨਤ ਕਰਨ ਨਾਲ ਵੀ ਹਾਲਾਤ ਸੁਧਰਦੇ ਨਹੀਂ ਅਗਰ ਜਮੀਨ ਦੀ ਕਾਣੀ ਵੰਡ ਖਤਮ ਕੀਤੀ ਜਾਵੇ ਜਾਤੀ ਵਿਤਕਰੇ ਖਿਲਾਫ ਸਖਤ ਕਾਨੂੰਨ ਬਣਾਏ ਜਾਣ, ਮਜ਼ਦੂਰਾਂ ਕੋਲ ਪੱਕੇ ਘਰ ਹੋਣ, ਪੱਕਾ ਰੁਜ਼ਗਾਰ ਹੋਵੇ ਤਾਂ ਹਾਲਾਤ ਸੁਧਰ ਸਕਦੇ ਹਨ ਆਗੂਆਂ ਇਹ ਵੀ ਕਿਹਾ ਕਿ ਇਸ ਮਾਰਚ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਮਾਰਚ ਦੌਰਾਨ ਇਸ ਮਾਰਚ ਦੌਰਾਨ ਮੰਡਵੀਂ ਮੰਕੋਰੜ ਸਾਹਿਬ, ਫੂਲਦ, ਰਾਮਪੁਰਾ ਤੋਂ ਮੂਨਕ ਪਹੁੰਚਿਆ। ਇਸ ਮੌਕੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਨੇ ਲੋਕਾਂ ਨੂੰ ਆਪਣੇ ਹਾਲਾਤ ਬਦਲਣ ਲਈ ਸੰਘਰਸ਼ਾਂ ਦਾ ਪਿੜ ਮੱਲਣ ਦਾ ਸੱਦਾ ਦਿੱਤਾ।ਪਿੰਡਾਂ ਵਿੱਚ ਸ਼ੀਤਲ ਰੰਗ ਮੰਚ ਸ਼ੇਰਪੁਰ ਦੀ ਟੀਮ ਵੱਲੋਂ ਮਜ਼ਦੂਰਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਨਾਟਕ "ਤੈਂ ਕੀ ਦਰਦ ਨਾ ਆਇਆ" ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਉਪਰੋਕਤ ਤੋਂ ਬਿਨਾਂ ਮਾਰਚ ਦੌਰਾਨ ਗੁਰਦਾਸ ਝਲੂਰ, ਜਸਵਿੰਦਰ ਮੰਡਵੀਂ,ਸੁਭਾਸ ਮੰਡਵੀਂ, ਨਾਥ, ਪ੍ਰੀਤਮ, ਦੇਵ, ਲੀਲਾ, ਹਰਬੰਸ ਦੇਹਲਾ ਆਦਿ ਨੇ ਸੰਬੋਧਨ ਕੀਤਾ ਅਤੇ ਜਸ਼ਨਪ੍ਰੀਤ ਸਿੰਘ ਹਰੀਗੜ੍ਹ ਪਰਮਵੀਰ ਹਰੀਗੜ, ਜਸਵਿੰਦਰ ਸਿੰਘ ਹੇੜੀਕੇ, ਵੀਰਪਾਲ ਦੁੱਲੜ ਅਤੇ ਹੋਰ ਬਹੁਤ ਸਾਰੇ ਵਿਅਕਤੀ ਸ਼ਾਮਲ ਸਨ।

# ਡੇਂਗੂ ਕੰਟਰੋਲ ਕਰਨ ਲਈ ਲੋਕਾਂ ਦੇ ਸਹਿਯੋਗ ਦੀ ਜ਼ਰੂਰਤ - ਡਾ ਜਗਦੀਪ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਦੇ ਨਿਰਦੇਸ਼ਾਂ ਅਨੁਸਾਰ ਜ਼ਿਲਾ ਐਪੀਡੀਮੋਲੋਜਿਸਟ ਡਾ. ਜਗਦੀਪ ਸਿੰਘ ਦੀ ਯੋਗ ਅਗਵਾਈ ਵਿੱਚ ਐਂਟੀ ਲਾਰਵਾ ਟੀਮ ਵੱਲੋਂ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਤਹਿਤ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ ਜਿਸ ਵਿੱਚ ਸ਼ਹਿਰ ਦੇ ਵੱਖ ਵੱਖ ਖੇਤਰਾਂ ਦੇ ਘਰਾਂ ਵਿੱਚ ਵਿਜਿਟ ਕੀਤਾ ਗਿਆ। ਡਾ ਜਗਦੀਪ ਸਿੰਘ ਨੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹੁਸ਼ਿਆਰਪੁਰ ਸ਼ਹਿਰੀ ਖੇਤਰ ਵਿੱਚ ਹੁਣ ਤੱਕ 100545 ਘਰਾਂ ਨੂੰ ਕਵਰ ਕੀਤਾ ਜਾ ਚੁੱਕਾ ਹੈ ਅਤੇ ਇਨ੍ਹਾਂ ਵਿੱਚੋਂ 3527 ਘਰਾਂ ਵਿੱਚ ਮੱਛਰ ਦਾ ਲਾਰਵਾ ਪਾਇਆ ਗਿਆ ਹੈ ਅਤੇ ਸਿਹਤ ਵਿਭਾਗ ਦੀਆਂ ਐਂਟੀ ਲਾਰਵਾ ਟੀਮਾਂ ਵੱਲੋਂ ਪਾਣੀ ਵਾਲੇ ਕੰਟੇਨਰਾਂ ਜਿਨਾਂ ਵਿੱਚ ਮੱਛਰਾਂ ਦਾ ਲਾਰਵਾ ਪਾਇਆ ਜਾ ਰਿਹਾ ਹੈ ਪਾਣੀ ਕੱਢ ਕੇ ਨਸ਼ਟ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਲਾਰਵੀਸਾਈਡ ਸਪਰੇਅ ਵੀ ਕੀਤੀ ਜਾ ਰਹੀ ਹੈ।



ਉਨ੍ਹਾਂ ਦੱਸਿਆ ਕਿ ਸ਼ਹਿਰੀ ਖੇਤਰ ਵਿੱਚੋਂ 25 ਡੇਂਗੂ ਦੇ ਕੇਸ ਜਦੋਂਕਿ ਪੂਰੇ ਜ਼ਿਲ੍ਹੇ ਵਿੱਚ 89 ਕੇਸ ਸਾਹਮਣੇ ਆਏ ਹਨ। ਇਨਾਂ ਕੇਸਾਂ ਦੇ ਸਾਹਮਣੇ ਆਉਣ ਦਾ ਮੁੱਖ ਕਾਰਨ ਹੈ ਘਰਾਂ ਵਿੱਚ ਮੱਛਰਾਂ ਦੀ ਪੈਦਾਵਾਰ। ਜ਼ਿਕਰਯੋਗ ਹੈ ਕਿ ਸਿਹਤ ਟੀਮਾਂ ਵਲੋਂ ਬਾਰ ਬਾਰ ਹਦਾਇਤਾਂ ਕੀਤੀਆਂ ਜਾਣ ਦੇ ਬਾਵਜੂਦ ਅਣਦੇਖੀ ਕਾਰਨ ਘਰਾਂ ਵਿੱਚ ਮੱਛਰਾਂ ਦਾ ਲਾਰਵਾ ਵਾਰ-ਵਾਰ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਡੇਂਗੂ ਤੇ ਕੰਟਰੋਲ ਸੰਭਵ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਬਾਲਗ ਮੱਛਰ ਲਈ ਡੇਂਗੂ ਦੇ ਕੇਸਾਂ ਦੀ ਕਲੱਸਟਰ ਵਿਚ ਫੌਗਿੰਗ ਕੀਤੀ ਜਾ ਰਹੀ ਹੈ ਪਰ ਜੇਕਰ ਲਾਰਵਾ ਦੇ ਸਰੋਤਾਂ ਨੂੰ ਖਤਮ ਨਾ ਕੀਤਾ ਗਿਆ ਤਾਂ ਡੇਂਗੂ ਤੇ ਕੰਟਰੋਲ ਕਰਨਾ ਬਹੁਤ ਮੁਸ਼ਕਲ ਹੈ। ਡੇਂਗੂ ਪ੍ਰਤੀ ਹਰ ਇਕ ਨਾਗਰਿਕ ਦਾ ਜਾਗਰੂਕ ਹੋਣਾ ਬਹੁਤ ਜਰੂਰੀ ਹੈ। ਡੇਂਗੂ ਨੂੰ ਕਾਫ਼ੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ ਜੇਕਰ ਪਰਿਵਾਰ ਆਪਣੇ ਆਪ ਆਪਣੇ ਕੂਲਰਾਂ ਅਤੇ ਹੋਰ ਭਰੇ ਹੋਏ ਡੱਬੇ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਖਾਲੀ ਕਰਨ। ਆਪਣੇ ਘਰ ਵਿੱਚ ਪਾਣੀ ਦੇ ਹਰ ਛੋਟੇ ਤੋਂ ਛੋਟੇ ਅਤੇ ਵੱਡੇ ਸਰੋਤ ਨੂੰ ਹਫ਼ਤੇ ਵਿੱਚ ਇੱਕ ਵਾਰ ਜਰੂਰ ਖਾਲੀ ਕਰਕੇ ਸੁਖਾ ਕੇ ਫੇਰ ਭਰਿਆ ਜਾਵੇ। ਬੁਖਾਰ ਹੋਣ ਦੀ ਸੂਰਤ ਵਿਚ ਜਲਦ ਤੋਂ ਜਲਦ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੋ। ਜਿਕਰਯੋਗ ਹੈ ਕਿ ਬਹੁਤ ਸਾਰੇ ਮਰੀਜ਼ ਸਹੀ ਇਲਾਜ ਲੈ ਕੇ ਘਰ ਵਿੱਚ ਰਹਿ ਕੇ ਹੀ ਠੀਕ ਹੋ ਜਾਂਦੇ ਹਨ। ਡੇਂਗੂ ਹੋਣ ਤੇ ਤੇਜ਼ ਬੁਖਾਰ ਮਾਸਪੇਸ਼ੀਆਂ ਅਤੇ ਜੋੜਾਂ ਅਤੇ ਹੱਡੀਆਂ ਵਿਚ ਦਰਦ ਅੱਖਾਂ ਦੇ ਪਿੱਛੇ ਖਿੱਚ ਅਤੇ ਦਰਦ ਅਤੇ ਉਲਟੀਆਂ ਵਰਗੇ ਲੱਛਣ ਸਾਹਮਣੇ ਆਉਂਦੇ ਹਨ। ਪਰ ਜੇਕਰ ਕਿਸੇ ਵੀ ਮਰੀਜ ਨੂੰ ਇਸ ਤਰ੍ਹਾਂ ਦੇ ਲੱਛਣ ਹਨ ਤੇ ਤੁਰੰਤ ਹਸਪਤਾਲ ਵਿੱਚ ਦਿਖਾ ਕੇ ਇਲਾਜ ਕਰਨ ਦੀ ਤੁਰੰਤ ਲੋੜ ਹੈ ਕਿਉਂਕਿ ਇਲਾਜ ਸਮੇਂ ਖਾਸ ਕਰ ਬਜ਼ੁਰਗ, ਬੱਚੇ, ਗਰਭਵਤੀ ਔਰਤਾਂ, ਮੋਟੇ ਲੋਕਾਂ, ਡਾਇਬਟੀਜ਼, ਦਿਲ ਦੇ ਰੋਗ, ਹਾਈ ਬੀਪੀ ਆਦਿ ਵਰਗੀਆਂ ਪੁਰਾਣੀਆਂ ਬਿਮਾਰੀਆਂ ਦਾ ਖਾਸ ਖਿਆਲ ਰੱਖਣਾ ਪੈਂਦਾ ਹੈ।

# ਜ਼ਿਲ੍ਹਾ ਰੈਵਨਿਊ ਪਟਵਾਰ ਯੂਨੀਅਨ ਹੁਸ਼ਿਆਰਪੁਰ ਦੀ ਸਰਬਸੰਮਤੀ ਨਾਲ ਹੋਈ ਚੋਣ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀਂ ਜ਼ਿਲ੍ਹਾ ਰੈਵੇਨਿਊ ਪਟਵਾਰ ਯੂਨੀਅਨ ਦੀ ਚੋਣ ਕਾਨੂੰਗੋ ਵਰਿੰਦਰ ਕੁਮਾਰ ਰੱਤੀ ਤੇ ਕਾਨੂੰਗੋ ਦਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਨਜੀਤ ਸਿੰਘ ਗਰੇਵਾਲ ਤਹਿਸੀਲ ਪ੍ਰਧਾਨ ਹੁਸ਼ਿਆਰਪੁਰ, ਯੋਗੇਸ਼ ਘਈ ਤਹਿਸੀਲ ਪ੍ਰਧਾਨ ਗੜ੍ਹਸ਼ੰਕਰ, ਅਮਰਜੀਤ ਸਿੰਘ ਤਹਿਸੀਲ ਪ੍ਰਧਾਨ ਦਸੂਹਾ, ਪਰਮਵੀਰ ਸਿੰਘ ਤਹਿ-ਸੀਲ ਪ੍ਰਧਾਨ ਟਾਂਡਾ, ਸੁਰਿੰਦਰ ਕੁਮਾਰ ਤਹਿਸੀਲ ਪ੍ਰਧਾਨ ਮੁਕੇਰੀਆਂ ਅਤੇ ਹੋਰ ਪਟਵਾਰੀ ਵੀ ਹਾਜ਼ਰ ਸਨ। ਸਮੂਹ ਤਹਿਸੀਲ ਪ੍ਰਧਾਨਾਂ ਤੇ ਪਟਵਾਰੀਆਂ ਨੇ ਸਰਬ-ਸੰਮਤੀ ਨਾਲ ਸੰਦੀਪਪਾਲ ਸਿੰਘ ਪਨੇਸਰ ਨੂੰ ਜ਼ਿਲ੍ਹਾ ਪ੍ਰਧਾਨ ਤੇ ਮਨਪ੍ਰੀਤ ਸਿੰਘ ਜ਼ਿਲ੍ਹਾ ਸਕੱਤਰ ਅਤੇ ਹਰਪ੍ਰੀਤ ਪਾਲ ਸਿੰਘ ਨੂੰ ਨੁਮਾਇੰਦਾ ਪੰਜਾਬ, ਚਰਨਜੀਤ ਸਿੰਘ ਨੂੰ ਜ਼ਿਲ੍ਹਾ ਕੈਸ਼ੀਅਰ, ਗੁਰਪ੍ਰੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਨਵੇਂ ਚੁਣੇ ਪ੍ਰਧਾਨ ਸੰਦੀਪਪਾਲ ਸਿੰਘ ਪਨੇਸਰ ਅਤੇ ਸਕੱਤਰ ਮਨਪ੍ਰੀਤ ਸਿੰਘ ਨੇ ਖੁਸ਼ੀ ਜਾਹਰ ਕੀਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।




# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਪਹਿਲਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ




**ਸੈਨਹੋਜ਼ੇ (ਪ੍ਰਵਾਨਾ)–** ਉਪਰੋਕਤ ਵਿਸ਼ੇ ਦੇ ਸਬੰਧ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ ਗਈ। ਉਪਰੰਤ ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਤ੍ਰਿਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਅਮਰਜੀਤ ਸਿੰਘ ਇਬਰਹੀਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ, ਜਿਹਨਾਂ ਨੇ ਗੁਰਮਤਿ ਆਸ਼ੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫਤ ਸਲਾਹ ਵਿਚ ਕਵਿਤਾਵਾਂ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਰਾਜਿੰਦਰ ਸਿੰਘ ਮਘਾਰ ਵੱਲੋਂ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਈ ਗਈ ਅਤੇ ਭਰੋਸਾ ਦਿੱਤਾ ਕਿ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਉਲੀਕੇ ਜਾਣਗੇ।

# ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੇ ਝੰਡੇ ਗੱਡ ਕੇ ਜਿੱਤੇ 11 ਤਗਮੇ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ, ਪਟਿਆਲਾ ਵਿੱਚ ਜ਼ਿਲ੍ਹੇ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 11ਤਗਮੇ ਜਿੱਤ ਕੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਧੀਰਜ ਵਿਸ਼ਿਸ਼ਟ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ 11 ਮੈਡਲ ਜਿੱਤਣਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਲਲਿਤਾ ਅਰੋੜਾ ਨੇ ਦੱਸਿਆ ਕਿ ਸਾਡੀਆਂ ਵਿਦਿਆਰਥਣਾਂ ਨੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਇਸ ਦੇ ਨਾਲ ਹੀ ਅੰਡਰ-19 ਲੜਕੀਆਂ ਦੀ ਕੁਸ਼ਤੀ ਟੀਮ ਨੇ ਵੀ ਕੁਸ਼ਤੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 1 ਸੋਨ ਤਗਮਾ ਜਿੱਤਿਆ। ਅੰਡਰ-19 ਲੜਕਿਆਂ ਨੇ ਵੀ ਆਪਣੀ ਕੁਸ਼ਤੀ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਅਤੇ 1 ਸੋਨ, 1 ਚਾਂਦੀ ਅਤੇ 1 ਕਾਂਸੀ ਦਾ ਤਗਮਾ ਜਿੱਤਿਆ। ਲਲਿਤਾ ਅਰੋੜਾ ਨੇ ਸਾਰੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਕੋਚਾਂ, ਜਿਲ੍ਹਾ ਕੋਆਰਡੀਨੇਟਰ ਖੇਡਾਂ ਜਗਜੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਸਮਾਗਮ ਨਾ ਸਿਰਫ਼ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵਿੱਚ ਸਹਾਈ ਹੁੰਦੇ ਹਨ ਸਗੋਂ ਉਨ੍ਹਾਂ ਦੇ ਆਤਮ ਵਿਸ਼ਵਾਸ ਅਤੇ ਟੀਮ ਭਾਵਨਾ ਵਿੱਚ ਵੀ ਵਾਧਾ ਕਰਦੇ ਹਨ। ਖੇਡ ਅਧਿਕਾਰੀਆਂ ਨੇ ਵੀ ਜ਼ਿਲ੍ਹੇ ਦੇ ਵਿਦਿਆਰਥੀਆਂ ਨੂੰ ਇਸ ਸਫ਼ਲਤਾ 'ਤੇ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਣਗੇ।

# ਮਾਨਸਿਕ ਤਣਾਅ ਅਤੇ ਪਰੇਸ਼ਾਨੀਆਂ ਤੋਂ ਬਚਣ ਲਈ ਗੁਰਬਾਣੀ ਤੇ ਭਰੋਸਾ ਅਤੇ ਹਾਂ ਪੱਖੀ ਸੋਚ ਜਰੂਰੀ - ਪ੍ਰੋ: ਸਰਬਜੀਤ ਸਿੰਘ ਰੇਣੁਕਾ

**ਫਗਵਾੜਾ (ਬੀ. ਕੇ. ਰੱਤੂ)–** ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਮਹਾਨ ਕੀਰਤਨ ਦਰਬਾਰ 4, 5 ਅਤੇ 6 ਨਵੰਬਰ ਨੂੰ ਨਵਾਂ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ ਕਰਵਾਏ ਜਾ ਰਹੇ ਹਨ। ਉਸ ਕੀਰਤਨ ਦਰਬਾਰ ਨੂੰ ਸਮਰਪਿਤ ਸੁਸਾਇਟੀ ਵਲੋਂ ਜਿਲੇ ਭਰ ਵਿੱਚ ਪਿੰਡ ਪਿੰਡ ਗੁਰਮਤਿ ਸਮਾਗਮਾਂ ਦੀ ਲੜੀ ਨਿਰੰਤਰ ਜਾਰੀ ਹੈ। ਇਸੇ ਹੀ ਸਬੰਧ ਵਿੱਚ ਸਤਵੇਂ ਸਮਾਗਮ ਸਥਾਨਕ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਬੜੀ ਸ਼ਰਧਾ ਪ੍ਰੇਮ ਅਤੇ ਸਤਿਕਾਰ ਸਹਿਤ ਕਰਵਾਏ ਗਏ। ਸਮਾਗਮ ਦੀ ਆਰੰਭਤਾ ਸ਼ਾਮ ਨੂੰ ਸੋਦਰ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਈ। ਇਸ ਤੋਂ ਬਾਅਦ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਸੁਖਜੀਤ ਸਿੰਘ ਕੁਹਾੜਕਾ ਦੇ ਅੰਮ੍ਰਿਤਮਈ ਬਾਣੀ ਦਾ ਰਸ ਭਿੰਨਾ ਕੀਰਤਨ ਸਰਵਣ ਕਰਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮੁੱਚੀਆਂ ਸੰਗਤਾਂ ਨੇ ਭਾਈ ਸਾਹਿਬ ਨਾਲ ਕੀਰਤਨ ਕਰਨ ਦਾ ਸਾਥ ਦੇ ਕੇ ਮਾਹੌਲ ਨੂੰ ਰੂਹਾਨੀਅਤ ਭਰਪੂਰ ਬਣਾ ਦਿੱਤਾ। ਇਸ ਉਪਰੰਤ ਪੰਥ ਦੇ ਵਿਦਵਾਨ ਅਤੇ ਚਿੰਤਕ ਪ੍ਰੋਫੈਸਰ ਸਰਬਜੀਤ ਸਿੰਘ ਰੇੜਕਾ ਨੇ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਭਾਈ। ਉਹਨਾਂ ਨੇ "ਨਾਨਕ ਭਗਤਾ ਸਦਾ ਵਿਗਾਸੁ" ਵਿਸ਼ੇ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਜ਼ਿੰਦਗੀ ਨੂੰ ਖੁਸ਼ੀਆਂ ਖੇੜਿਆਂ ਭਰਪੂਰ ਬਣਾਉਣ ਲਈ ਗੁਰਬਾਣੀ ਨੂੰ ਪੜਨਾਂ ਅਤੇ ਵਿਚਾਰਨਾ ਬਹੁਤ ਜਰੂਰੀ ਹੈ। ਜ਼ਿੰਦਗੀ ਵਿੱਚ ਹਾਂ ਪੱਖੀ ਸੋਚ ਰੱਖਣ ਵਾਲੇ ਵਿਅਕਤੀ ਮਾਨਸਿਕ ਤਣਾਅ, ਚਿੰਤਾਵਾਂ ਅਤੇ ਪਰੇਸ਼ਾਨੀਆਂ ਤੋਂ ਮੁਕਤ ਹੋ ਸਕਦੇ ਹਨ। ਉਹਨਾਂ ਕਿਹਾ ਕਿ ਗੁਰਬਾਣੀ ਤੇ ਟੇਕ ਰੱਖਣ ਵਾਲੇ ਵਿਅਕਤੀ ਕਦੇ ਨਿਰਾਸ਼ਾ ਦੇ ਆਲਮ ਵਿੱਚ ਨਹੀਂ ਜਾ ਸਕਦੇ। ਉਹਨਾਂ ਨੇ ਗੁਰੂ ਨਾਨਕ ਮਿਸ਼ਨ ਸਸਾਇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਗੁਰਮਤਿ ਸਮਾਗਮਾਂ ਦੀ ਲੜੀ ਅਤੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਸਮਾਪਤੀ ਤੇ ਸੁਸਾਇਟੀ ਵੱਲੋਂ ਬਰਜਿੰਦਰ ਸਿੰਘ ਹੁਸੈਨਪੁਰ ਅਤੇ ਹੋਰ ਮੈਂਬਰਾਂ ਨੇ ਦਰਬਾਰ ਸਾਹਿਬ ਦੇ ਰਾਗੀ ਜਥੇ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਨਮਾਨ ਕੀਤਾ। ਇਸ ਮੌਕੇ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸੰਗਤਾਂ ਵੱਲੋਂ ਦਿੱਤੇ ਜਾ ਰਹੇ ਭਰਪੂਰ ਸਹਿਯੋਗ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਅਤੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ।ਤਰਲੋਚਨ ਸਿੰਘ ਖਟਕੜ ਕਲ ਵਾਲਿਆਂ ਵੱਲੋਂ ਸਟੇਜ ਦਾ ਸੰਜਾਲਨ ਕੀਤਾ ਗਿਆ। ਗੁਰਦੁਆਰਾ ਕਮੇਟੀ ਵੱਲੋਂ ਪ੍ਰਧਾਨ ਸਰਦਾਰ ਤਰਲੋਚਨ ਸਿੰਘ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਅਪੀਲ ਵੀ ਕੀਤੀ। ਇਸ ਮੌਕੇ ਸੰਗਤਾਂ ਵਿੱਚ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਕਮੇਟੀ, ਦਿਲਬਾਗ ਸਿੰਘ ਕਾਹਲੋਂ, ਉੱਤਮ ਸਿੰਘ ਸੇਠੀ, ਦੀਦਾਰ ਸਿੰਘ ਗਹੂੰਣ, ਰਘਵਿੰਦਰ ਸਿੰਘ, ਬਲਜੀਤ ਸਿੰਘ ਬਾਜਵਾ, ਕੁਲਵਿੰਦਰ ਸਿੰਘ ਖੱਖ, ਬਾਲਕ ਅਮਰਜੀਤ ਸਿੰਘ ਪਾਹਵਾ, ਮਾਸਟਰ ਜੋਗਾ ਸਿੰਘ ਸਿਆਣ, ਗੁਰਨਾਮ ਸਿੰਘ, ਬਲਜੀਤ ਸਿੰਘ ਛੀਨਾ, ਮਲਕੀਤ ਸਿੰਘ ਕਾਹਲੋਂ, ਗੁਰਦਿਆਲ ਸਿੰਘ ਸੰਧੂ, ਭਾਈ ਸੰਤੋਖ ਸਿੰਘ ਹੈਡ ਗ੍ਰੰਥੀ, ਜਗਜੀਤ ਸਿੰਘ ਸੈਣੀ, ਜਸਵਿੰਦਰ ਸਿੰਘ ਸੈਣੀ, ਜਗਦੀਪ ਸਿੰਘ, ਪਰਮਿੰਦਰ ਸਿੰਘ ਕੰਵਲ, ਹਕੀਕਤ ਸਿੰਘ, ਕੁਲਜੀਤ ਸਿੰਘ ਖਾਲਸਾ ਦਲਜੀਤ ਸਿੰਘ ਕਰੀਹਾ, ਰਮਨੀਕ ਸਿੰਘ, ਕਮਲਜੀਤ ਸਿੰਘ ਸੈਣੀ, ਗਿਆਨ ਸਿੰਘ ਪਰਮਜੀਤ ਸਿੰਘ ਮੁਸਾਪੁਰ, ਅਵਤਾਰ ਸਿੰਘ ਗਰਚਾ, ਜਗਜੀਤ ਸਿੰਘ ਗਰਚਾ, ਦਲੇਰ ਸਿੰਘ, ਇੰਦਰਜੀਤ ਸਿੰਘ ਬਾਹੜ, ਨਵਦੀਪ ਸਿੰਘ ਬਲਬੀਰ ਸਿੰਘ, ਜੋਗਾ ਸਿੰਘ ਐਸ ਡੀ ਓ, ਜੋਗਿੰਦਰ ਸਿੰਘ ਮਹਾਲੋਂ, ਅਮਰੀਕ ਸਿੰਘ, ਮਾਸਟਰ ਨਰਿੰਦਰ ਸਿੰਘ ਪਾਟਾ, ਜਸਕਰਨ ਸਿੰਘ ਧਰਮਕੋਟ, ਬਖਸ਼ੀਸ਼ ਸਿੰਘ, ਗੁਰਪਾਲ ਸਿੰਘ, ਦਲਜੀਤ ਸਿੰਘ ਸੈਣੀ, ਦਲਜੀਤ ਸਿੰਘ ਬੜਵਾਲ ਅਤੇ ਵਾਸਤ ਹਰਿੰਦਰ ਸਿੰਘ ਦਵਾ ਸ਼ਹਿਰ ਵੀ ਸ਼ਾਮਲ ਸਨ।





HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਸਈਯਦ ਫ਼ਕੀਰ ਬੀਬੀ ਸ਼ਰੀਫਾਂ ਜੀ ਦੀ ਪਾਕ ਮੁਕੱਦਸ ਦੇਹ ਸਪੁਰਦ -ਏ- ਖ਼ਾਕ

**ਵੈਨਕੂਵਰ (ਕੁਲਦੀਪ ਚੁੰਬਰ)-** ਰੂਹਾਨੀਅਤ ਦੇ ਨੂਰੀ ਰੰਗ ਨਾਲ ਸੰਗਤਾਂ ਨੂੰ ਜੋੜਨ ਵਾਲੀ ਮਹਾਨ ਫ਼ਕੀਰੀ ਆਤਮਾ, ਹਰ ਧਰਮ ਦਾ ਸਤਿਕਾਰ ਕਰਨ ਵਾਲੇ ਇਲਾਕੇ ਦੀ ਪ੍ਰਮੁੱਖ ਧਾਰਮਿਕ ਸਖ਼ਸੀਅਤ ਸਈਯਦ ਫ਼ਕੀਰ ਬੀਬੀ ਸ਼ਰੀਫਾਂ ਜੀ ਗੱਦੀ ਨਸ਼ੀਨ ਦਰਬਾਰ ਸਾਈਂ ਜੁੰਮਲੇ ਸ਼ਾਹ ਜੀ ਉਦੇਸੀਆਂ ਜੋ ਬੀਤੇ ਦਿਨੀਂ ਇਸ ਫ਼ਾਨੀ ਸੰਸਾਰ ਤੋ ਸਵਾਸਾਂ ਦੀ ਪੂੰਜੀ ਤਿਆਗ ਰੁਖ਼ਸਤ ਹੋ ਗਏ ਸਨ, ਦੇ ਜਨਾਜ਼ੇ ਦੀ ਨਿਮਾਜ਼ ਉਪਰੰਤ ਕਫ਼ਨ ਦਫ਼ਨ ਦੀ ਰਸਮ (ਸਪੁਰਦ-ਏ- ਖ਼ਾਕ) ਉਹ ਦੇਸੀਆਂ ਦਰਬਾਰ ਵਿਖੇ ਵੱਖ ਵੱਖ ਡੇਰਿਆਂ ਦਰਬਾਰਾਂ ਤੋਂ ਆਏ ਸੰਤ ਮਹਾਂਪੁਰਸ਼ਾਂ, ਫੱਕਰ, ਫਕੀਰਾਂ ਦੀ ਵੱਡੀ ਹਾਜ਼ਰੀ 'ਚ ਅਦਾ ਕੀਤੀ ਗਈ। ਹਜ਼ਰਤ ਬਾਬਾ ਸ਼ਾਹ ਕਮਾਲ ਜੀ, ਸਾਈਂ ਜੁੰਮਲੇ ਸ਼ਾਹ ਜੀ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਅਤੇ ਦਰਬਾਰ ਨਾਲ ਜੁੜੀਆਂ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਕਫ਼ਨ-ਦਫ਼ਨ ਦੀ ਰਸਮ ਅਦਾ ਕਰਨ ਤੋਂ ਪਹਿਲਾਂ ਬੀਬੀ ਸ਼ਰੀਫਾਂ ਜੀ ਦੀ ਪਾਕ ਮੁਕੱਦਸ ਦੇਹ ਨੂੰ ਪਿੰਡ ਹਰੀਪੁਰ ਵਿਖੇ ਹਜ਼ਰਤ ਬਾਬਾ ਸ਼ਾਹ ਕਮਾਲ ਜੀ ਵਿਖੇ ਦਰਸ਼ਨਾਂ ਲਈ ਲੈ ਕੇ ਗਏ ਉਪਰੰਤ ਪਿੰਡ ਉਦੇਸੀਆਂ ਦੀਆਂ ਸੰਗਤਾਂ ਨੂੰ ਬੀਬੀ ਜੀ ਦੇ ਅੰਤਿਮ ਦਰਸ਼ਨ ਕਰਵਾਉਣ ਲਈ ਪੂਰੇ ਪਿੰਡ ਦੀ ਪਰਿਕ੍ਰਮਾ ਕਰਨ ਉਪਰੰਤ ਸੰਤ ਰਣਜੀਤ ਸਿੰਘ ਡਗਾਣਾ, ਸੰਤ ਜਨਕ ਜੀ ਡੇਰਾ ਸੰਤ ਬਾਬਾ ਭਾਗ ਸਿੰਘ ਜੱਬੜ , ਮਹੰਤ ਕਿਰਨਾ, ਸੰਤ ਮਹਿੰਦਰ ਦਾਸ, ਬਾਬਾ ਮੋਹਨ ਸੱਲਾਂ, ਸੰਤ ਮਹਾਂਬੀਰ ਸਿੰਘ, ਸੰਤ ਅਮਰਜੀਤ ਸਿਘ ਹਰਖੋਵਾਲ, ਸੰਤ ਸੁਰਿੰਦਰ ਸਿੰਘ ਸੋਢੀ, ਬਾਬਾ ਮਨਜੂਰ ਅਹਿਮਦ, ਸੰਤ ਅਮਰਜੀਤ ਸਿੰਘ ਅਰਜਨਵਾਲ, ਸੰਤ ਪ੍ਰੀਤਮ ਦਾਸ, ਸੰਤ ਅੰਨਦਮੁਨੀ, ਸੰਤ ਪਰਮਿੰਦਰ ਸਿੰਘ ਡਗਾਣਾ, ਗਿਆਨੀ ਜੋਗਿੰਦਰ ਸਿੰਘ ਬਡਾਲਾ ਮਾਹੀ, ਸੰਤ ਰਾਮ ਜੀ ਬਾਹਟੀਵਾਲ ,ਸੰਤ ਪ੍ਰਦੀਪ ਦਾਸ ਕਠਾਰ, ਸੰਤ ਦਲੀਪ ਦਾਸ, ਬਾਬਾ ਪ੍ਰਿਥੀਪਾਲ ਸਿੰਘ ਬਾਲੀ ਸ਼ਾਮ ਚੁਰਾਸੀ, ਬਾਬਾ ਮੱਖਣ ਦਾਸ, ਬਾਬਾ ਹਰਜਿੰਦਰ ਸਿੰਘ ਅਣਖੀ, ਬਾਬਾ ਬਲਵੰਤ ਸਿੰਘ, ਬਾਬਾ ਸੁਰਿੰਦਰ ਦਾਸ ਅਟਾਰੀ, ਸੰਤ ਧਰਮਜੀਤ ਸਿੰਘ, ਸੰਤ ਸਰਵਣ ਸਿੰਘ ਜੱਬੜ , ਮਹੰਤ ਦੀਪੀਕਾ, ਸਾਂਈਂ ਅਸ਼ੋਕ ਜਲੰਧਰ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਬਾਬਾ ਅਜੀਤ ਸਿੰਘ ਦਿਆਲਪੁਰ, ਸੰਤ ਹਰਚਰਨ ਦਾਸ ਉੱਚਾ, ਸੰਤ ਇੰਦਰ ਦਾਸ ਮੇਘੋਵਾਲ, ਸੰਤ ਕੁਲਵੰਤ ਰਾਮ ਭਰੋਮਾਜਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਪੰਜਾਬ, ਸੰਤ ਨਿਰਮਲ ਦਾਸ ਜੌੜ੍ਹੇ, ਜੋਤੀ ਜੀ, ਬੀਬੀ ਗੰਗਾ ਜੀ ਮੈਲੀ ਵਾਲੇ, ਜਸਵੰਤ ਸਿੰਘ ਠੱਕਰਵਾਲ, ਹੇਮਾ ਮਹੰਤ ,ਰਜਨੀ ਮਹੰਤ ਭੁਲੱਥ, ਸੰਤ ਓਮ ਦਾਸ ਨੂਰਪੁਰ, ਕਿਰਨਾ ਮਾਈ ਰਾਮਾ ਮੰਡੀ, ਸੰਤ ਗੁਰਮੀਤ ਦਾਸ ਡਮੇਲੀ, ਸੰਤ ਸੁਰਿੰਦਰ ਦਾਸ ਅਟਾਰੀ ਦੁੱਧਾਧਾਰੀ ਦਰਬਾਰ, ਬਾਬਾ ਸਾਬੀ ਸ਼ਾਹ, ਰਾਜਾ ਬਾਬਾ, ਸੰਤ ਹਰਮੀਤ ਸਿੰਘ ਬਣਾ ਸਾਹਿਬ , ਸਾਈਂ ਮੁਹੰਮਦ ਪਾਸਲਾ, ਸ਼ੀਲਾ ਮਹੰਤ ਫਗਵਾੜਾ ਦਰਬਾਰ ਤੋਂ ਸੰਤ ਮਹਾਤਮਾ, ਬਾਬਾ ਸੋਨੇ ਸ਼ਾਹ ਜੀ ਖਰਲਾਂ, ਪੂਜਾ ਮਹੰਤ, ਜੋਤੀ ਮਹੰਤ, ਹੇਮਾ ਮਹੰਤ ਸਮੇਤ ਕਈ ਹੋਰ ਸੰਤ ਮਹਾਂਪੁਰਸ਼ਾਂ ਦੀ ਹਾਜ਼ਰੀ 'ਚ ਜਨਾਜ਼ੇ ਦੀ ਨਿਮਾਜ਼ ਉਪਰੰਤ ਕਫ਼ਨ ਦੀ ਰਸਮ ਧਾਰਮਿਕ ਰੀਤੀਆਂ ਮੁਤਾਬਕ ਅਦਾ ਕੀਤੀ ਗਈ । ਇਸ ਮੌਕੇ ਵਿਸ਼ੇਸ਼ ਤੌਰ ਤੇ ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਅਤੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਨੇ ਵੀ ਸਈਅਦ ਫਕ਼ੀਰ ਬੀਬੀ ਸ਼ਰੀਫਾਂ ਜੀ ਉਦੇਸੀਆਂ ਵਾਲਿਆਂ ਨੂੰ ਆਪਣੀਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਦਿੰਦਿਆਂ ਕਿਹਾ ਕਿ ਇਹੋ ਜਿਹੇ ਨੇਕ ਮਹਾਂਪੁਰਸ਼ ਦੁਨੀਆਂ ਤੇ ਵਿਰਲੇ ਆਉਂਦੇ ਹਨ ਜੋ ਆਪਣੇ ਮੁਬਾਰਕ ਬਚਨਾਂ ਨਾਲ ਦੁਨੀਆਂ ਨੂੰ ਸੱਚ ਦਾ ਮਾਰਗ ਦੱਸਦੇ ਹੋਏ ਅੱਲ੍ਹਾ ਪਾਕ ਦੇ ਉਸ ਅਜ਼ੀਮ ਇਸ਼ਕ ਨਾਲ ਜੋੜਦੇ ਹਨ। ਇਸ ਮੌਕੇ ਵੱਡੀ ਗਿਣਤੀ ਵਿੱਚ ਕਵਾਲ , ਨਕਾਲ, ਗੀਤਕਾਰ, ਸ਼ਾਇਰ, ਪੱਤਰਕਾਰ ਅਤੇ ਲੋਕ ਗਾਇਕਾਂ ਨੇ ਵੀ ਬੀਬੀ ਸ਼ਰੀਫਾਂ ਜੀ ਉਦੇਸੀਆਂ ਵਾਲਿਆਂ ਦੇ ਅੰਤਿਮ ਦਰਸ਼ਨ ਕਰਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।



# ‘ਵਾਇਕਾਟੋ ਵੌਰੀਅਰਜ਼’ ਵਾਲਿਆਂ ਦਾ ਪਲੇਠਾ ਦੋ ਦਿਨਾਂ ਖੇਡ ਟੂਰਨਾਮੈਂਟ ਲਾ ਗਿਆ ਰੌਣਕਾਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਵਿਦੇਸ਼ੀ ਵਸਦਿਆਂ ਕੰਮਾਂ ਕਾਰਾਂ ਦੇ ਨਾਲੋ-ਨਾਲ ਜੇਕਰ ਆਪਣੀ ਖੇਡਾਂ ਅਤੇ ਸਭਿਆਚਾਰ ਨਾਲ ਜੁੜੇ ਰਹੀਏ ਤਾਂ ਵਿਰਾਸਤੀ ਗੱਲਾਂ ਅੱਗੇ ਵਧਦੀਆਂ ਰਹਿੰਦੀਆਂ ਹਨ। ਸਾਡੇ ਖੇਡ ਕਲੱਬ ਇਨ੍ਹਾਂ ਕਾਰਜਾਂ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਹਮਿਲਟਨ ਵਿਖੇ ਸਥਾਪਿਤ ਨਵੀਂ ਖੇਡ ਕਲੱਬ ‘ਵਾਈਕਾਟੋ ਵੌਰੀਅਰਜ਼’ ਜਾਂ ਕਹਿ ਲਈਏ ਵਾਇਕਾਟੋ ਵਾਲੇ ਯੋਧਿਆਂ ਨੇ ਆਪਣਾ ਪਲੇਠਾ ਖੇਡ ਟੂਰਨਾਮੈਂਟ ਇਨਸ ਕਾਮਿਨ ਖੇਡ ਮੈਦਾਨ ਦੇ ਵਿਚ ਕਰਵਾਇਆ। ਜਿਸ ਦੇ ਵਿਚ ਹਾਕੀ,



ਫੁੱਟਬਾਲ, ਵਾਲੀਵਾਲ ਸ਼ੂਟਿੰਗ, ਕ੍ਰਿਕਟ, ਖੋ-ਖੋ ਆਦਿ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੇ ਨਾਲ ਖੂਬ ਰੌਣਕ ਲਾਈ। ਮਾਪੇ ਅਤੇ ਦਰਸ਼ਕ ਫੋਨਾਂ ਉਤੇ ਵੀਡੀਓ ਬਣਾ ਕੇ ਬਹੁਤ ਖੁਸ਼ ਹੋਏ। ਇਸ ਖੇਡ ਮੇਲੇ ਵਿਚ ਲਗਪਗ 500 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਰਿਵਰਸਿਟੀ ਪੰਜਾਬੀ ਕੱਲਬ ਵੱਲੋਂ ਸਭਿਆਚਾਰਕ ਪ੍ਰੋਗਰਾਮ। ਲੋਕਗਾਇਕ ਮਨਿੰਦਰ ਕੌਲਗੜੀਆ, ਲਵ ਦੁੱਗਲ ਅਤੇ ਅਮਨਿੰਦਰ ਭੰਗੂ ਨੇ ਗੀਤਾਂ ਨਾਲ ਛਹਿਬਰ ਲਾਈ। ਸ. ਜਰੈਨਲ ਸਿੰਘ ਰਾਹੋਂ, ਸ। ਚਰਨਜੀਤ ਸਿੰਘ ਦੁੱਲਾ ਅਤੇ ਹੈਰੀ 5911 ਨੇ ਕੁਮੈਂਟਰੀ ਕਰਕੇ ਖੇਡਾਂ ਦੌਰਾਨ ਮੇਲੇ ਵਰਗਾ ਮਾਹੌਲ ਬਣਾਈ ਰੱਖਿਆ। ਖੇਡ ਮੇਲੇ ਦੇ ਨਤੀਜੇ ਇਸ ਪ੍ਰਕਾਰ ਰਹੇ।

ਵਾਲੀਵਾਲ ਸ਼ੂਟਿੰਗ ਦੇ ਵਿਚ ਪਹਿਲਾ ਸਥਾਨ ਮਾਲਵਾ ਸਪੋਰਟਸ ਐਂਡਕਲਚਰਲ ਕਲੱਬ ਨੇ ਹਾਸਿਲ ਕੀਤਾ ਅਤੇ ਦੂਜਾ ਸਥਾਨ ਐਸ. ਬੀ. ਐਸ. ਕਲੱਬ ਦੇ ਹਿੱਸੇ ਆਇਆ। ਹਾਕੀ ਅੰਡਰ-10 ਦੇ ਵਿਚ ਜੇਤੂ ਹੇਸਟਿੰਗਜ਼, ਉਪ ਜੇਤੂ ਬੀ.ਓ.ਪੀ., ਅੰਡਰ-13 ਲੜਕੀਆਂ ਦੇ ਵਿਚ ਬੀ.ਓ.ਪੀ. ਜੇਤੂ, ਵਾਇਕਾਟੋ ਵੌਰੀਅਰਜ਼ ਉਪਜੇਤੂ, ਅੰਡਰ-13 ਮਿਕਸ ਦੇ ਵਿਚ ਬੀ.ਓ.ਪੀ. ਜੇਤੂ ਅਤੇ ਐਨ। ਜ਼ੈਡ। ਪੰਜਾਬੀ ਉਪਜੇਤੂ, ਅੰਡਰ-16 ਦੇ ਵਿਚ ਬੀ.ਓ.ਪੀ. ਖਾਲਸਾ ਜੇਤੂ, ਬੀ.ਓ.ਪੀ. ਪੰਜਾਬੀ ਉਪਜੇਤੂ, ਖੋ-ਖੋ ਦੇ ਵਿਚ ਹਮਿਲਟਨ ਗਰਲਜ਼ ਜੇਤੂ ਅਤੇ ਬੀ.ਓ.ਪੀ. ਉਪਜੇਤੂ, ਕ੍ਰਿਕਟ ਸੀਨੀਅਰ ਦੇ ਵਿਚ ਕੈਟੀ-ਕੈਟੀ ਜੇਤੂ, ਭਗਤ ਸਿੰਘ ਟ੍ਰਸਟ ਉਪਜੇਤੂ, ਕ੍ਰਿਕਟ ਜੂਨੀਅਰ ਦੇ ਵਿਚ ਵਾਇਕਾਟੋ ਵੌਰੀਅਰਜ਼ ਜੇਤੂ ਅਤੇ ਕਲੱਚ ਕੋਚਿੰਗ ਉਪਜੇਤੂ, ਸੌਕਰ ਸੀਨੀਅਰ ਦੇ ਵਿਚ ਪੰਜਾਬ ਫੁੱਟਬਾਲ ਕਲੱਬ ਜੇਤੂ, ਔਕਲੈਂਡ ਲਾਇਨਜ਼ ਉਪਜੇਤੂ, ਫੁੱਟਬਾਲ ਜੂਨੀਅਰ ਦੇ ਵਿਚ ਵਾਇਕਾਟੋ ਵੌਰੀਅਰਜ਼ ਜੇਤੂ, ਪੰਜਾਬੀ ਲਾਇਨਜ਼ ਉਪਜੇਤੂ। ਮਿਊਜ਼ੀਕਲ ਚੇਅਰ ਵੀ ਬਹੁਤ ਦਿਲਚਸਪ ਰਹੀ।

# ਦਲਿਤ ਮੁਕਤੀ ਮਾਰਚ ਨੇ ਮਨਾਈ ਸ਼ਹੀਦ ਮਾਤਾ ਗੁਰਦੇਵ ਕੌਰ ਦੀ 8ਵੀਂ ਬਰਸੀ

**ਲਹਿਰਾਗਾਗਾ, (ਦਲਜੀਤ ਕੌਰ)** ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਚੱਲਿਆ ਦਲਿਤ ਮੁਕਤੀ ਮਾਰਚ 36ਵੇਂ ਦਿਨ ਝਲੂਰ ਪਹੁੰਚਿਆ ਜਿੱਥੇ ਕਾਫ਼ਲੇ ਨੇ ਜਮੀਨੀ ਘੋਲ ਦੀ ਸ਼ਹੀਦ ਮਾਤਾ ਗੁਰਦੇਵ ਜੀ ਦੀ 8ਵੀਂ ਬਰਸੀ ਪਿੰਡ ਝਲੂਰ ਵਿਖੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਵੱਖ ਵੱਖ ਪਿੰਡਾਂ ਤੋਂ ਸੈਂਕੜੇ ਲੋਕਾਂ ਇਕੱਠੇ ਹੋ ਕੇ "ਸ਼ਹੀਦ ਮਾਤਾ ਗੁਰਦੇਵ ਕੌਰ ਅਮਰ ਰਹੇ" ਦੇ ਨਾਅਰੇ ਲਾਕੇ ਸ਼ਹੀਦ ਮਾਤਾ ਗੁਰਦੇਵ ਕੌਰ ਜੀ ਦੀ ਲਾਟ ਤੇ ਝੰਡਾ ਚਾੜ੍ਹਕੇ ਮਨਾਈ ਗਈ।



ਬਰਸੀ ਮੌਕੇ ਸੀਤਲ ਰੰਗ ਮੰਚ ਸ਼ੇਰਪੁਰ' ਵੱਲੋਂ "ਤੈਂ ਕੀ ਦਰਦ ਨਾ ਆਇਆ" ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਪੰਚਾਇਤੀ ਜ਼ਮੀਨ ਚੋਂ ਤੀਜਾ ਹਿੱਸਾ ਰਿਜ਼ਰਵ ਜ਼ਮੀਨ ਲੈਣ ਲਈ ਚੱਲੇ ਇਸ ਖ਼ੂਨ ਡੋਲਵੇਂ ਸੰਘਰਸ਼ ਦੌਰਾਨ ਮਾਤਾ ਗੁਰਦੇਵ ਕੌਰ ਜੀ ਸ਼ਹੀਦ ਹੋ ਗਏ ਸਨ। ਮਾਤਾ ਗੁਰਦੇਵ ਕੌਰ ਦੀ ਸ਼ਹਾਦਤ ਤੋਂ ਬਾਅਦ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਪ੍ਰਣ ਕੀਤਾ ਕਿ ਜ਼ਮੀਨੀ ਘੋਲ ਪਿੱਛੇ ਨਹੀਂ ਹਟੇਗਾ ਅੱਗੇ ਜਾਊਗਾ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬਸਪਾ ਵਰਕਰਾਂ ਦੀ ਵੱਡੀ ਜਿੱਤ ਪੁਲਿਸ ਪ੍ਰਸ਼ਾਸਨ ਨੇ ਚਿੱਟੇ ਦੇ ਖਿਲਾਫ ਸਖ਼ਤ ਐਕਸ਼ਨ ਲੈਣ ਦਾ ਕੀਤਾ ਵਾਅਦਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ ਵੱਲੋਂ ਮਿਨੀ ਸਕੱਤਰੇਤ ਵਿਖੇ ਦਿੱਤੇ ਜਾ ਰਹੇ ਧਰਨੇ ਦੇ ਅੱਜ ਚੌਥੇ ਦਿਨ ਦੀ ਅਗਵਾਈ ਬਸਪਾ ਦੇ ਸੀਨੀਅਰ ਆਗੂ ਦਿਨੇਸ਼ ਕੁਮਾਰ ਪੱਪੂ, ਐਡਵੋਕੇਟ ਪਲਵਿੰਦਰ ਮਾਨਾ, ਸੁਖਦੇਵ ਸਿੰਘ ਬਿੱਟਾ, ਸ। ਮਨਿੰਦਰ ਸਿੰਘ ਸ਼ੇਰਪੁਰੀ ਨੇ ਕੀਤੀ ਜਿਸ ਵਿੱਚ ਵਿਸ਼ੇਸ਼ ਤੌਰ ਤੇ ਐਡਵੋਕੇਟ ਰਣਜੀਤ ਕੁਮਾਰ ਇੰਚਾਰਜ ਲੋਕ ਸਭਾ ਹੁਸ਼ਿਆਰਪੁਰ, ਡਾ। ਰਤਨ ਚੰਦ ਜ਼ਿਲ੍ਹਾ ਸੈਕਟਰੀ, ਵਰਿੰਦਰ ਬੱਧਣ ਸ਼ਹਿਰੀ ਪ੍ਰਧਾਨ, ਜਗਮੋਹਣ ਸਿੰਘ ਸੱਜਣਾ ਜ਼ਿਲ੍ਹਾ ਇੰਚਾਰਜ, ਇੰਜੀਨੀਅਰ ਮਹਿੰਦਰ ਸਿੰਘ ਸੰਧਰ, ਮੋਹਨ ਲਾਲ ਭਟੋਆ ਰਾਸ਼ਟਰੀ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ, ਬਿੰਦਰ ਸਰੋਆ ਵਾਈਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ, ਬਿੱਲਾ ਦਿਓਵਾਲ ਕੌਮੀ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ ਪੰਜਾਬ, ਅਵਤਾਰ ਬੱਸੀ ਖਵਾਜੂ ਆਪਣੀ ਪੂਰੀ ਟੀਮ ਨਾਲ, ਅਸ਼ੋਕ ਸੱਲਣ, ਬੀਬੀ ਮਹਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਰੇਨੂ ਲੱਧੜ ਜ਼ਿਲ੍ਹਾ ਮਹਿਲਾ ਵਿੰਗ ਕਨਵੀਨਰ ਬਸਪਾ, ਬੀਬੀ ਕਰਿਸ਼ਣਾ ਦੇਵੀ, ਗੁਰਮੁੱਖ ਪੰਡੋਰੀ, ਗੁਰਦੇਵ ਸਿੰਘ ਬਿੱਟੂ ਸਾਬਕਾ ਜਿਲਾ ਇੰਚਾਰਜ ਹਾਜ਼ਰ ਸਨ। ਬਸਪਾ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹੁਸ਼ਿਆਰਪੁਰ ਵਿੱਚ ਚਿੱਟੇ ਦਾ ਕਾਰੋਬਾਰ ਦਿਨੋਂ ਦਿਨ ਵੱਧ ਰਿਹਾ ਹੈ ਅਤੇ ਪੁਲਿਸ ਪ੍ਰਸ਼ਾਸਨ



ਰਾਜਨੀਤਕ ਦਬਾਅ ਕਾਰਨ ਸਖਤ ਕਾਰਵਾਈ ਨਹੀਂ ਕਰ ਪਾ ਰਹੀ ਇਸ ਨਾਲ ਹੀ ਜੋ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਹਨ ਉਨ੍ਹਾਂ ਵਿੱਚ ਵੀ ਆਮ ਪਬਲਿਕ ਦੀ ਲੁੱਟ ਹੋ ਰਹੀ ਹੈ। ਜਦੋਂ ਅੱਜ ਸਵੇਰੇ ਬਸਪਾ ਵਰਕਰ ਵੱਡੀ ਗਿਣਤੀ ਵਿੱਚ ਇਕੱਠੇ ਹੋਣ ਲੱਗੇ ਤਾਂ ਪੁਲਿਸ ਪ੍ਰਸ਼ਾਸਨ ਵੱਲੋਂ ਐਸ। ਪੀ। ਸਾਹਿਬਾ ਨਵਦੀਪ ਕੌਰ, ਡੀ। ਐਸ। ਪੀ। ਸਿਟੀ ਪਲਵਿੰਦਰ ਸਿੰਘ, ਡੀ। ਐਸ। ਪੀ। ਦੀਪ-ਕਰਨ ਸਿੰਘ, ਐਸ. ਐਚ. ਓ. ਸਦਰ, ਐਸ। ਐਚ। ਓ। ਸਿਟੀ ਆਪਣੀ ਪੁਲਿਸ ਟੀਮ ਨਾਲ ਲੈ ਕੇ ਧਰਨੇ ਵਾਲੀ ਜਗ੍ਹਾ ਤੇ ਬਸਪਾ ਵਰਕਰਾਂ ਨੂੰ ਮਿਲਣ ਲਈ ਪਹੁੰਚੇ ਅਤੇ ਬਸਪਾ ਵਰਕਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਚਿੱਟਾ ਬੇਚਣ ਵਾਲਿਆਂ ਦੇ ਖਿਲਾਫ ਕੋਈ ਵੀ ਢਿੱਲ ਨਹੀਂ ਵਰਤੀ ਜਾਵੇਗੀ । ਜਿਹੜਾ ਵੀ ਨਸ਼ਾ / ਚਿੱਟਾ ਵੇਚਦਾ ਫੜਿਆ ਗਿਆ ਉਸ ਉੱਤੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਐਸ। ਪੀ। ਸਾਹਿਬਾ ਨਵਦੀਪ ਕੌਰ ਨੇ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਕੋਈ ਵੀ ਨਸ਼ਾ ਬੇਚਣ ਵਾਲੇ ਦੀ ਸ਼ਿਕਾਇਤ ਕਰਦਾ ਹੈ ਤਾਂ ਉਸ ਤੇ ਤੁਰੰਤ ਕਾਰਵਾਈ ਕਰਦੇ ਹੋਏ ਉਸ ਨੂੰ ਜ਼ੇਲ੍ਹ ਵਿੱਚ ਛੁੱਟੋ ਅਤੇ ਨਾਲ ਹੀ ਇਹ ਵੀ ਕਿਹਾ ਕਿ ਹੁਸ਼ਿਆਰਪੁਰ ਵਿੱਚ ਪੈਂਦੇ ਨਸ਼ਾ ਛੁਡਾਊ ਕੇਂਦਰਾਂ ਤੇ ਵੀ ਸਖਤੀ ਵਰਤਣ ਲਈ ਕਿਹਾ। ਇਸ ਮੌਕੇ 'ਤੇ ਰਾਕੇਸ਼ ਕਿੱਟੀ ਇੰਚਾਰਜ ਚੱਬੇਵਾਲ ਬਸਪਾ, ਹੈਪੀ ਫੰਬੀਆਂ ਹਲਕਾ ਪ੍ਰਧਾਨ ਸ਼ਾਮਚੁਰਾਸੀ, ਜਸਕਰਨ ਜੱਸੀ ਹਲਕਾ ਯੂਥ ਪ੍ਰਧਾਨ, ਵਿਜੈ ਖਾਨਪੁਰੀ, ਦਰਸ਼ਨ ਲੱਧੜ, ਵਿਜੈ ਮੱਲ, ਹਰਵਿੰਦਰ ਹੀਰਾ, ਮਾਸਟਰ ਹਰੀ ਰਾਮ, ਸਤਪਾਲ ਬੱਡਲਾ, ਸ਼ੁਦੇਸ਼ ਭੱਟੀ, ਨਰਿੰਦਰ ਬੱਸੀ ਬੱਲੋਂ, ਜੈਪਾਲ ਮੱਛਰੀਵਾਲ, ਰਾਕੇਸ਼ ਕੁਮਾਰ, ਹਰਮੇਸ਼ ਸਿੰਘ, ਹੰਸ ਰਾਜ, ਵਿਜੈ ਪਾਲ, ਕੁਲਦੀਪ ਨਸਰਾਲਾ, ਪ੍ਰਿੰਸ ਬਜਵਾੜਾ, ਪੰਮਾ ਖਾਨਪੁਰ, ਕਾਲਾ ਖਾਨਪੁਰ, ਸਤਨਾਮ ਲਾਲਪੁਰ, ਸਤਵਿੰਦਰ ਕਾਲਾ ਜ਼ਿਲ੍ਹਾ ਸੈਕਟਰੀ ਬਸਪਾ, ਦੀਪੂ ਬੂਲਾਂਬਾੜੀ, ਰੇਖਾ ਰਾਣੀ, ਮੱਧੂ ਰਾਣੀ, ਸੰਤੋਸ਼ ਰੱਲ, ਹਰਨਾਮ ਬਹਿਲਪੁਰੀ, ਸੰਤੋਖ ਮਾਨਾ, ਰਮੇਸ਼ ਪਟਵਾਰੀ, ਡਾ. ਜੱਸੀ ਰੰਧਾਵਾ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

# ਧੀਆਂ ਨੂੰ ਸਮਾਜਿਕ ਸੁਰੱਖਿਆ, ਬਰਾਬਰਤਾ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਵਚਨਬੱਧ-ਡਿਪਟੀ ਸਪੀਕਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**-ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸੀ।ਡੀ।ਪੀ।ਓ ਗੜ੍ਹਸ਼ੰਕਰ ਮੰਜੂ ਬਾਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਤਹਿਤ ਨਵਜੰਮੀਆਂ ਬੱਚੀਆਂ ਦੇ ਜਨਮ ਦੀ ਖੁਸ਼ੀ ਮਨਾਉਣ ਲਈ ਇਕ ਬਲਾਕ ਪੱਧਰੀ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਗੁਰੂ ਸੇਵਾ ਕਾਲਜ ਆਫ਼ ਨਰਸਿੰਗ ਪਨਾਮ ਗੜ੍ਹਸ਼ੰਕਰ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਵਜੋਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਨੇ ਨਵਜੰਮੀਆਂ ਬੱਚੀਆਂ ਦੇ ਨਾਂ 'ਤੇ ਪੌਦੇ ਲਗਾ ਕੇ ਕੀਤੀ, ਜੋ ਜੀਵਨ ਦਾ ਪ੍ਰਤੀਕ ਹੈ। ਇਸ ਉਪਰੰਤ ਕੇਕ ਕੱਟ ਕੇ ਬੱਚੀਆਂ ਦੇ ਜਨਮ ਦੀ ਖੁਸ਼ੀ ਮਨਾਈ ਗਈ ਅਤੇ ਸਮਾਜ ਨੂੰ ਇਸ ਅਹਿਮ ਉਪਰਾਲੇ ਬਾਰੇ ਜਾਗਰੂਕ



ਕੀਤਾ ਗਿਆ। ਆਪਣੇ ਸੰਬੋਧਨ ਵਿਚ ਡਿਪਟੀ ਸਪੀਕਰ ਨੇ ਬੇਟੀਆਂ ਦੇ ਸਮਾਜਿਕ ਸੁਰੱਖਿਆ, ਬਰਾਬਰਤਾ, ਸਿੱਖਿਆ ਅਤੇ ਜਨਮ ਦੇ ਅਧਿਕਾਰਾਂ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੇਟੀਆਂ ਦੀ ਤੱਰਕੀ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿਚ ਲਗਾਤਾਰ ਕੰਮ ਹੋ ਰਿਹਾ ਹੈ। ਉਨ੍ਹਾਂ ਸਮਾਜ ਨੂੰ ਮਹਿਲਾਵਾਂ ਦੇ ਪ੍ਰਤੀ ਆਪਣੀ ਸੋਚ ਬਦਲਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਬੇਟੀਆਂ ਨੂੰ ਹਰ ਖੇਤਰ ਵਿਚ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਨਵਜੰਮੀਆਂ ਬੱਚੀਆਂ ਦੀਆਂ 10 ਮਾਵਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀਆਂ 5 ਧੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਵਿੱਚ ਧੀਆਂ ਦੇ ਅਧਿਕਾਰਾਂ ਨੂੰ ਦਰਸਾਉਣ ਲਈ ਰੰਗੋਲੀ ਬਣਾਈ ਗਈ ਅਤੇ ਘਰ ਵਿੱਚ ਘੱਟ ਖਰਚੇ ਵਿੱਚ ਤਿਆਰ ਕੀਤੇ ਜਾ ਸਕਣ ਵਾਲੇ ਪਕਵਾਨਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਗੁਰੂ ਸੇਵਾ ਕਾਲਜ ਆਫ਼ ਨਰਸਿੰਗ ਦੀਆਂ ਵਿਦਿਆਰਥਣਾਂ ਵੱਲੋਂ ਲਿੰਗ ਭੇਦ-ਭਾਵ ਨੂੰ ਖਤਮ ਕਰਨ ਦੇ ਸੰਦੇਸ਼ ਨਾਲ ਇੱਕ ਪ੍ਰੇਰਨਾਦਾਇਕ ਸਕਿੱਟ ਪੇਸ਼ ਕੀਤੀ ਗਈ। ਇਸ ਤੋਂ ਇਲਾਵਾ ਆਂਗਣਵਾੜੀ ਵਰਕਰਾਂ ਨੇ ਬੇਟੀ ਬਚਾਓ, ਬੇਟੀ ਪੜ੍ਹਾਓ ਅਤੇ ਪੋਸ਼ਣ ਅਭਿਆਨ ਬਾਰੇ ਜਾਗਰੂਕ ਕਰਦੇ ਹੋਏ ਗਿੱਧਾ ਪੇਸ਼ ਕੀਤਾ।

# ਪੇਂਡੂ ਮਜ਼ਦੂਰ ਯੂਨੀਅਨ ਵਲੋਂ ਧਰਨਾ ਪ੍ਰਦਰਸ਼ਨ

**ਕਰਤਾਰਪੁਰ (ਸਤਨਾਮ ਸਿੰਘ ਸਹੂੰਗੜਾ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਅੱਜ ਏਥੇ ਅੰਬੇਡਕਰ ਚੌਂਕ ਵਿੱਚ ਧਰਨਾ ਪ੍ਰਦਰਸ਼ਨ ਕਰਕੇ 8 ਸਤੰਬਰ ਨੂੰ ਥਾਣਾ ਕਰਤਾਰਪੁਰ ਅਧੀਨ ਪੈਂਦੇ ਪਿੰਡ ਕਾਲ਼ਾ ਬਾਹੀਆਂ ਵਿਖੇ ਇੱਕ ਕਿਸਾਨ ਪਰਿਵਾਰ ਦੀ ਕੰਧ ਉਸਾਰੀ ਨੂੰ ਲੈ ਕੇ ਜਾਤ ਹੰਕਾਰੀ ਲੋਕਾਂ ਵਲੋਂ ਮੌਤ ਦੇ ਘਾਟ ਉਤਾਰੇ ਦਲਿਤ ਉਸਾਰੀ ਮਜ਼ਦੂਰਾਂ ਦੇ ਮਾਮਲੇ ਵਿੱਚ ਰਹਿੰਦੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੀੜਤਾਂ ਨੂੰ ਨਿਆਂ ਦੇਣ ਦੀ ਮੰਗ ਕੀਤੀ ਗਈ। ਮੌਕੇ ਉੱਤੇ ਧਰਨਾਕਾਰੀਆਂ ਚ ਪੁੱਜ ਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡੀਐੱਸਪੀ ਕਰਤਾਰਪੁਰ ਸੁਰਿੰਦਰਪਾਲ ਧੋਗੜੀ ਨੇ ਦੱਸਿਆ ਕਿ 5 ਨਾਮਜ਼ਦ ਕਸੂਰਵਾਰਾਂ ਸਮੇਤ 6 ਵਿਅਕਤੀਆਂ




ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇੱਕ ਵਿਅਕਤੀ ਖਿਲਾਫ਼ ਐੱਲ ਓ ਸੀ ਜਾਰੀ ਕਰ ਦਿੱਤੀ ਹੈ ਅਤੇ ਉਸਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਨਾਇਬ ਤਹਿਸੀਲਦਾਰ ਕਰਤਾਰਪੁਰ ਅਮਰਜੀਤ ਸਿੰਘ ਨੇ ਦੋ ਦਿਨਾਂ ਦੇ ਅੰਦਰ ਅੰਦਰ 8।50 ਲੱਖ ਰੁਪਏ ਮੁਆਵਜ਼ਾ ਰਾਸ਼ੀ ਚੋਂ ਅੱਧੀ ਰਾਸ਼ੀ ਮ੍ਰਿਤਕ ਸੁਖਦੇਵ ਸਿੰਘ ਵਾਸੀ ਪੱਤੜ ਖ਼ੁਰਦ ਦੇ ਪੀੜਤ ਪਰਿਵਾਰ ਨੂੰ ਮੁਹੱਈਆ ਕਰਵਾਉਣ ਸਮੇਤ ਇਨਸਾਫ਼ ਦਾ ਭਰੋਸਾ ਦਿੱਤਾ। ਜਿਸ 'ਤੇ ਯੂਨੀਅਨ ਨੇ ਧਰਨਾ ਪ੍ਰਦਰਸ਼ਨ ਖ਼ਤਮ ਕਰਕੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨੇ ਆਪਣਾ ਵਾਅਦਾ ਪੂਰਾ ਨਾ ਕੀਤਾ ਤਾਂ ਮਜ਼ਬੂਰਨ ਮ੍ਰਿਤਕ ਦੇਹ ਪ੍ਰਸ਼ਾਸਨ ਦੇ ਦਰਾਂ ਉੱਪਰ ਰੱਖ ਕੇ ਧਰਨਾ ਪ੍ਰਦਰਸ਼ਨ ਕਰਾਂਗੇ। *ਪੀੜਤ ਪਰਿਵਾਰ ਨੇ ਅੱਜ 11 ਵੇਂ ਦਿਨ ਵੀ ਮ੍ਰਿਤਕ ਦਾ ਸੰਸਕਾਰ ਨਹੀਂ ਕੀਤਾ ਅਤੇ ਮੰਗਾਂ ਉੱਪਰ ਅਮਲ ਹੋਣ ਉਪਰੰਤ ਹੀ ਅੰਤਿਮ ਸੰਸਕਾਰ ਕਰਨ ਦਾ ਐਲਾਨ ਕੀਤਾ ਹੈ।*

ਇਸ ਮੌਕੇ ਯੂਨੀਅਨ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਵੀ ਮਜ਼ਦੂਰਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝ ਰਹੀ ਹੈ। ਉਨ੍ਹਾਂ ਕਿਹਾ ਕਿ ਪੀੜਤ ਦਲਿਤ ਪਰਿਵਾਰ ਨੇ ਇਨਸਾਫ਼ ਦੀ ਮੰਗ ਨੂੰ ਲੈਕੇ 8 ਸਤੰਬਰ ਤੋਂ ਅਜੇ ਤੱਕ ਮ੍ਰਿਤਕ ਉਸਾਰੀ ਮਜ਼ਦੂਰ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਪ੍ਰੰਤੂ ਇਸ ਸਰਕਾਰ ਨੇ ਵੀ ਮਜ਼ਦੂਰ ਵਿਰੋਧੀ ਰੁੱਖ਼ ਧਾਰਨ ਕੀਤਾ ਹੋਇਆ ਹੈ। ਨਿੱਤ ਦਿਨ ਕਦੇ ਮਜ਼ਦੂਰਾਂ ਨਾਲ ਮਾੜੀਆਂ ਘਟਨਾਵਾਂ ਵਾਪਰ ਰਹੀਆਂ। ਸੂਬੇ ਅੰਦਰ ਮਜ਼ਦੂਰਾਂ ਦੀ ਸੁਰੱਖਿਆ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਅਤੇ ਨਾ ਹੀ ਸਰਕਾਰ ਮਜ਼ਦੂਰਾਂ ਦੀ ਵਾਲੀ ਵਾਰਿਸ ਬਣਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਕਾਲਾ ਬਾਹੀਆ ਕਤਲ ਕਾਂਡ ਵਿੱਚ ਸਾਰੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਕਾਨੂੰਨ ਅਨੁਸਾਰ ਬਣਦਾ ਢੁੱਕਵਾਂ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਭਾਵੇਂ ਕਿ ਦਲਿਤ ਕਤਲ ਕਾਂਡ ਦੇ ਮਸਲੇ ਵਿੱਚ ਪੋਸਟਮਾਰਟਮ ਤੋਂ ਪਹਿਲਾਂ ਪਹਿਲਾਂ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਵੀ ਲੰਬੀ ਤਾਣ ਕੇ ਸੁੱਤਾ ਪਿਆ ਹੈ ਅਤੇ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ।

ਜ਼ਿਕਰਯੋਗ ਹੈ ਕਿ 8 ਸਤੰਬਰ ਨੂੰ ਪਿੰਡ ਕਾਲਾ ਬਾਹੀਆ ਵਿਖੇ ਇੱਕ ਕਿਸਾਨ ਪਰਿਵਾਰ ਨੇ ਆਪਣੇ ਪਲਾਟ ਦੀ ਕੰਧ ਉਸਾਰਨ ਲਈ ਇੱਕ ਮਿਸਤਰੀ ਅਤੇ ਹੋਰ ਮਜ਼ਦੂਰਾਂ ਨੂੰ ਦਿਹਾੜੀ ਉੱਪਰ ਬੁਲਾਇਆ ਸੀ। ਕੰਧ ਦਾ ਗੁਆਂਢੀਆਂ ਨਾਲ ਕੋਈ ਰੌਲਾ ਸੀ, ਜਦੋਂ ਕੰਧ ਉਸਾਰਨ ਉਪਰੰਤ ਮਿਸਤਰੀ ਤੇ ਮਜ਼ਦੂਰਾਂ ਨੂੰ ਪਰਿਵਾਰ ਅੱਡੇ ਉੱਤੇ ਛੱਡਣ ਜਾ ਰਿਹਾ ਸੀ ਤਾਂ ਦੂਸਰੀ ਧਿਰ ਨੇ ਮਿੱਥੀ ਸਾਜ਼ਿਸ਼ ਤਹਿਤ ਹਮਲਾ ਕਰ ਦਿੱਤਾ ਅਤੇ ਜਾਤ ਦੇ ਹੰਕਾਰ ਵਿੱਚ ਦਲਿਤ ਮਜ਼ਦੂਰ ਸੁਖਦੇਵ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪੱਤੜ ਖ਼ੁਰਦ ਅਤੇ ਇੱਕ ਹੋਰ ਹਿਮਾਚਲ ਪ੍ਰਦੇਸ਼ ਨਿਵਾਸੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਰਤਾਰਪੁਰ ਪੁਲਿਸ ਨੇ ਕਤਲ ਦਾ ਕੇਸ ਦਰਜ ਕਰਕੇ ਕੁੱਝ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 10 ਸਤੰਬਰ ਨੂੰ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਦਖ਼ਲ ਉਪਰੰਤ ਕੇਸ ਵਿੱਚ ਐੱਸ ਸੀ, ਐੱਸ ਟੀ ਐਕਟ ਦੀਆਂ ਧਾਰਾਵਾਂ ਦਾ ਵਾਧਾ ਜ਼ੁਰਮ ਕਰ ਦਿੱਤਾ ਅਤੇ ਰਹਿੰਦੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੀੜਤ ਪਰਿਵਾਰ ਨੂੰ ਕਾਨੂੰਨ ਮੁਤਾਬਕ ਬਣਦਾ ਮੁਆਵਜ਼ਾ ਦਿਵਾਉਣ ਲਈ ਕੇਸ ਭਲਾਈ ਅਫ਼ਸਰ ਭੇਜਣ ਦਾ ਭਰੋਸਾ ਦਿੱਤਾ। ਜਾਣਕਾਰੀ ਮੁਤਾਬਕ ਪੁਲਿਸ ਪ੍ਰਸ਼ਾਸਨ ਵਲੋਂ ਭਲਾਈ ਵਿਭਾਗ ਨੂੰ ਮੁਆਵਜ਼ੇ ਦਾ ਕੇਸ ਤਿਆਰ ਕਰਕੇ ਭੇਜ ਦਿੱਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਿਯਮਾਂ ਦੇ ਉਲਟ ਜਾਣਬੁੱਝ ਕੇ ਦੇਰੀ ਕਰਕੇ ਪੀੜਤ ਦਲਿਤ ਪਰਿਵਾਰ ਦੇ ਜ਼ਖਮਾਂ ਉੱਪਰ ਲੂਣ ਭੁੱਕਣ ਦਾ ਕੰਮ ਕੀਤਾ ਗਿਆ ਹੈ,ਜੋ ਅਤੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਦਲਿਤ ਰਿਜ਼ਰਵੇਸ਼ਨ ਦਾ ਲਾਹਾ ਲੈ ਕੇ ਸੱਤਾ ਦਾ ਸੁੱਖ ਮਾਨਣ ਵਾਲੇ ਸਿਆਸਤਦਾਨਾਂ ਨੇ ਆਮ ਦਲਿਤ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਵਿਸਾਰਿਆਂ ਹੋਇਆ ਹੈ ਅਤੇ ਕਾਲਾ ਬਾਹੀਆ ਮਜ਼ਦੂਰਾਂ ਦੇ ਕਤਲ ਮਾਮਲੇ ਵਿੱਚ ਵੀ ਉਹਨਾਂ ਦੀਆਂ ਜੁਬਾਨਾਂ ਨੂੰ ਤਾਲੇ ਲੱਗੇ ਹੋਏ ਹਨ। ਯੂਨੀਅਨ ਆਗੂਆਂ ਨੇ ਕਿਹਾ ਮਜ਼ਦੂਰਾਂ ਨੂੰ ਜਿਊਂਦੇ ਜੀਅ ਵੀ ਸਰਕਾਰਾਂ ਕੁੱਝ ਨਹੀਂ ਸਮਝਦੀਆਂ ਅਤੇ ਮਰਨ ਉਪਰੰਤ ਵੀ ਲਾਸ਼ਾਂ ਸੜਕਾਂ ਉੱਪਰ ਰੱਖ ਕੇ ਇਨਸਾਫ਼ ਲੈਣਾ ਪੈਂਦਾ ਹੈ। ਉਨ੍ਹਾਂ ਬਿਸ਼ਨਪੁਰਾ ਸੁਨਾਮ ਜ਼ਿਲ੍ਹਾ ਸੰਗਰੂਰ ਦੇ ਕੈਂਟਰ ਹੇਠ ਦਰੜ ਕੇ ਮੌਤ ਦੇ ਘਾਟ ਉਤਾਰੇ ਮਗਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਅਤੇ ਉਹਨਾਂ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਦੀ ਮੰਗ ਵੀ ਕੀਤੀ।

# ਪੰਜਾਬੀ ਵਿਰਸਾ ਟਰਸੱਟ ਵਲੋਂ ਕ੍ਰਾਂਤੀਕਾਰੀ ਪੰਜਾਬੀ ਸ਼ਾਇਰ ਪ੍ਰੀਤਮ ਸਿੰਘ ਆਜ਼ਾਦ ਦਾ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਕੀਤਾ ਸਨਮਾਨ

**ਫਗਵਾੜਾ (ਬੀ. ਕੇ. ਰੱਤੂ)** 99 ਵਿਆਂ ਨੂੰ ਢੁਕੇ ਕ੍ਰਾਂਤੀਕਾਰੀ ਬਜ਼ੁਰਗ ਪੰਜਾਬੀ ਸ਼ਾਇਰ ਪ੍ਰੀਤਮ ਸਿੰਘ ਆਜ਼ਾਦ ਨੂੰ ਉਹਨਾ ਦੀ ਲੋਕ ਪੱਖੀ ਸ਼ਾਇਰੀ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਕੀਤੇ ਗਏ ਨਿਰੰਤਰ ਅਤੇ ਅਣਥੱਕ ਉਪਰਾਲਿਆਂ ਲਈ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਸਨਮਾਨ ਦਿੱਤਾ ਗਿਆ।

ਇਹ ਸਨਮਾਨ ਅੱਜ ਉਹਨਾ ਦੇ ਗ੍ਰਹਿ ਕਪੂਰਥਲਾ ਵਿਖੇ ਪੰਜਾਬੀ ਵਿਰਸਾ ਟਰਸੱਟ (ਰਜਿ:) ਫਗਵਾੜਾ ਜਿਸਦੀ ਅਗਵਾਈ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ: ਜਸਵੰਤ ਸਿੰਘ ਗੰਡਮ ਕਰਦੇ ਹਨ, ਵਲੋਂ ਪ੍ਰਦਾਨ ਕੀਤਾ ਗਿਆ। ਇਹ ਜਾਣਕਾਰੀ ਦਿੰਦਿਆਂ ਟਰੱਸਟ ਦੇ ਜਨਰਲ ਸਕੱਤਰ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਦੱਸਿਆ



ਕਿ ਇਸ ਸਨਮਾਨ ਵਿੱਚ ਇੱਕ ਮੰਮੈਂਟੋ, ਲੋਈ, ਸਨਮਾਨ ਪੱਤਰ ਅਤੇ 5000 ਰੁਪਏ ਦੀ ਨਕਦ ਰਾਸ਼ੀ ਸ਼ਾਮਲ ਹੈ। ਸਨਮਾਨ ਪੱਤਰ ਵਿੱਚ "ਆਜ਼ਾਦ" ਜੀ ਨੂੰ 'ਲੋਕ ਸ਼ਾਇਰ' ਅਤੇ 'ਫਾਈਟਰ ਰਾਈਟਰ' ਕਹਿਕੇ ਸਲਾਹਿਆ ਗਿਆ।

ਪ੍ਰੀਤਮ ਸਿੰਘ ਆਜ਼ਾਦ ਦੇ ਕਾਵਿ-ਸੰਗ੍ਰਹਿ "ਸੂਰਮਿਆਂ ਦੀ ਗਾਥਾ" ਦੂਜਾ ਐਡੀਸ਼ਨ ਪਿਛੇ ਜਿਹੇ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ। 104 ਸਫ਼ਿਆਂ ਦੇ ਇਸ ਕਾਵਿ-ਸੰਗ੍ਰਹਿ ਵਿੱਚ 39 ਕਵਿਤਾਵਾਂ ਹਨ। ਪੰਜਾਬੀ ਵਿਰਸਾ ਟਰੱਸਟ ਦੇ ਲੇਖਕਾਂ ਦੇ ਗਰੁੱਪ ਨਾਲ ਆਪਣੀ ਲਿਖਣ ਅਤੇ ਸੰਘਰਸ਼ ਕਰਨ ਦੀ ਲੰਮੀ ਯਾਤਰਾ ਨੂੰ ਸਾਂਝਾ ਕਰਦਿਆਂ ਪ੍ਰੀਤਮ ਸਿੰਘ ਆਜ਼ਾਦ ਨੇ ਕਿਹਾ ਕਿ ਲੇਖਕ ਨੂੰ ਲੋਕਾਂ ਲਈ ਲਿਖਣਾ ਚਾਹੀਦਾ ਹੈ, ਹਾਕਮਾਂ ਦੇ ਹੱਕ ਵਿੱਚ ਨਹੀਂ। ਉਹਨਾ ਕਿਹਾ ਕਿ 'ਉਹੀ ਲੇਖਣੀ ਸਦੀਵੀ ਹੁੰਦੀ ਹੈ, ਜੋ ਲੋਕਾਂ ਲਈ ਲਿਖੀ ਜਾਵੇ ਨਾ ਕਿ ਲੁਟੇਰਿਆਂ ਲਈ।' ਉਹਨਾ ਹੋਰ ਕਿਹਾ ਕਿ ਨਵੇਂ ਸਮਾਜ ਦੀ ਸਿਰਜਣਾ ਕਰਨ ਦੇ ਨਿਰੰਤਰ ਯਤਨ ਕਰਨਾ, ਲੇਖਣੀ ਦਾ ਕਾਰਜ ਹੈ। ਇਸ ਸਬੰਧੀ ਉਹਨਾ ਨੇ ਆਪਣੀਆਂ ਹੇਠਲੀਆਂ ਕਾਵਿ-ਸਤਰਾਂ ਦਾ ਹਵਾਲਾ ਦਿੱਤਾ :- -"ਖੰਡੇ ਵਰਗੀ ਕਲਮ ਨੂੰ ਕਵੀਓ ਅਪਨਾਓ"; -"ਬਿਖੜਾ ਪੈਂਡਾ ਸਾਥੀਓ, ਕਵਿਤਾ ਦਾ ਪਿੰਗਲ"; -"ਕਵਿਤਾ ਦਾ ਰੂਪ ਮਤਲਾ, ਕਵਿਤਾ ਦਾ ਰੰਗ ਮਕਤਾ"; -"ਰੌਸ਼ਨੀ ਦਾ ਨੇਰ੍ਹਿਆਂ ਨੂੰ ਨਿਗਲਣਾ, ਪਹਿਚਾਣ ਹੈ"; "-ਸਾਡਾ ਸੱਚ ਸਮੇਂ ਦੇ ਹਾਣ ਦਾ, ਇਹਦੀ ਧੁਰੇ ਪਤਾਲੀਂ ਜੜ੍ਹ।" "-ਉਖਲ ਦੇ ਵਿੱਚ ਰੌਣ ਧਰ ਸਾਡੇ ਮੋਹਲਿਆਂ ਦੇਣੇ ਛੜ"।

ਉਹਨਾ ਨੇ ਅੱਗੋਂ ਦੱਸਿਆ ਕਿ ਉਹਨਾ ਦੇ ਕਾਵਿ ਸੰਗ੍ਰਹਿ ਵਿੱਚ ਸ਼ਾਮਲ "ਵੀਅਤਨਾਮ ਦੀ ਵਾਰ" ਪ੍ਰਸਿੱਧ ਪੰਜਾਬੀ ਲਿਖਾਰੀ ਅਤੇ ਆਲੋਚਕ ਪ੍ਰਿੰ: ਸੰਤ ਸਿੰਘ ਸੇਖੋਂ ਵਲੋਂ ਬਹੁਤ ਸਲਾਹੀ ਗਈ ਸੀ। ਸਰਕਾਰੀ ਅਧਿਆਪਕ ਵਜੋਂ ਪੰਜਾਬ ਦੀ ਅਧਿਆਪਕ ਯੂਨੀਅਨ ਅਤੇ ਖੱਬੇ ਪੱਖੀ ਲਹਿਰ ਨਾਲ ਲਗਾਤਾਰ ਜੁੜੇ ਰਹੇ ਪ੍ਰੀਤਮ ਸਿੰਘ ਆਜ਼ਾਦ ਨੂੰ ਅਨੇਕਾਂ ਵਾਰ ਜੇਲ੍ਹ ਵੀ ਜਾਣਾ ਪਿਆ। ਉਹਨਾ ਨੇ ਦਾਅਵਾ ਕੀਤਾ ਕਿ ਲੋਕਾਂ ਲਈ ਅਤੇ ਜਾਬਰਾਂ ਵਿਰੁੱਧ ਲਿਖਕੇ ਉਹਨਾ ਨੂੰ ਨਸ਼ਾ ਮਿਲਦਾ ਹੈ। ਉਹਨਾ ਨੇ ਇਹ ਵੀ ਦੱਸਿਆ ਕਿ ਸੀਮਤ ਸਾਧਨ ਹੋਣ ਕਾਰਨ ਆਪਣੀ ਗੱਲ ਸਧਾਰਨ ਅਤੇ ਲਿਤਾੜੀ ਜਾਂਦੀ ਲੋਕਾਈ ਕੋਲ ਪਹੁੰਚਾਉਣ ਲਈ ਉਹਨਾ ਨੇ ਪੋਸਟਰਾਂ ਉਪਰ ਆਪਣੀਆਂ ਕਵਿਤਾਵਾਂ ਛਪਵਾਕੇ ਸੈਂਕੜੇ ਪੋਸਟਰ ਜਨਤਕ ਸਮਾਗਮਾਂ 'ਚ ਆਪ ਲੋਕਾਂ ਨੂੰ ਮੁਫ਼ਤ ਵੰਡੇ ਅਤੇ ਇਸ ਕਾਰਜ ਵਿੱਚ ਉਹਨਾਂ ਦੇ ਸਾਥੀਆਂ ਤੇ ਪ੍ਰਸ਼ੰਸ਼ਕਾਂ ਨੇ ਉਹਨਾ ਦਾ ਪੂਰਾ ਸਾਥ ਦਿੱਤਾ। ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਕਾਲਮਨਵੀਸ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਪੰਜਾਬੀ ਲੇਖਕ ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ ਅਤੇ ਕਾਮਰੇਡ ਜੈਪਾਲ ਸਿੰਘ ਹਾਜ਼ਰ ਸਨ। ਇਸ ਮੌਕੇ ਉਹਨਾ ਦੇ ਸਪੁੱਤਰ ਰਾਜਪਾਲ ਸਿੰਘ ਅਤੇ ਨੂੰਹ ਬਿਮਲਜੀਤ ਕੌਰ ਜੋ ਪਿਛਲੇਰੇ ਪਹਿਰ ਉਹਨਾ ਦਾ ਖਿਆਲ ਰੱਖ ਰਹੇ ਹਨ, ਵੀ ਮੌਜੂਦ ਸਨ।

# ਈਟੀਟੀ 2364 ਅਧਿਆਪਕ ਵੱਲੋਂ ਨਿਯੁਕਤੀ ਪੱਤਰ ਸੌਂਪੇ ਜਾਣ ਦੀ ਮੰਗ ਨੂੰ ਲੈ ਕੇ ਡੀਪੀਆਈ ਦਫ਼ਤਰ ਦਾ ਘਿਰਾਓ

**ਐੱਸ ਏ ਐੱਸ ਨਗਰ ਮੋਹਾਲੀ (ਦਲਜੀਤ ਕੌਰ)–** 2364 ਈਟੀਟੀ ਟੈਟ ਪਾਸ ਅਧਿਆਪਕਾਂ ਵੱਲੋਂ ਅੱਜ ਨਿਯੁਕਤੀ ਪੱਤਰ ਤੁਰੰਤ ਸੌਂਪੇ ਜਾਣ ਦੀ ਮੰਗ ਨੂੰ ਲੈਕੇ ਕੇ ਡੀਪੀਆਈ ਦਫ਼ਤਰ ਮੋਹਾਲੀ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਆਗੂਆਂ ਨੇ ਕਿਹਾ ਕਿ ਉਹ ਇੱਕ ਮਹੀਨਾ ਪਹਿਲਾਂ 20 ਅਗਸਤ 2024 ਤੋਂ ਈਟੀਟੀ 2364 ਭਰਤੀ ਦੇ ਨਿਯੁਕਤੀ ਪੱਤਰ ਜਾਰੀ ਕਰਵਾਉਣ ਲਈ ਡੀ ਪੀ ਆਈ ਦਫ਼ਤਰ ਮੋਹਾਲੀ ਅੱਗੇ ਪੱਕਾ ਮੋਰਚਾ ਲਗਾਇਆ ਗਿਆ। 14 ਸਤੰਬਰ 2024 ਨੂੰ ਡੀਪੀਆਈ ਮੈਡਮ ਅਤੇ ਸਰਕਾਰ ਵੱਲੋਂ ਮਿਲੇ ਭਰੋਸੇ ਮੁਤਾਬਕ ਪਿਛਲੇ 26 ਦਿਨਾਂ ਤੋਂ ਲੱਗਿਆ ਧਰਨਾ ਸਮਾਪਤ ਕੀਤਾ ਗਿਆ। 14 ਸਤੰਬਰ ਨੂੰ ਡਿਪਾਰਟਮੈਂਟ ਵੱਲੋਂ ਇੱਕ ਨੋਟਿਸ ਜਾਰੀ ਹੁੰਦਾ ਹੈ। ਜਿਸ ਵਿੱਚ ਲਿਖਿਆ ਜਾਂਦਾ ਹੈ ਕਿ 16 ਸਤੰਬਰ ਨੂੰ ਆਫਿਸਲ ਵੈੱਬਸਾਈਟ ਉੱਪਰ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਜਿਸ ਵਿੱਚ 17 ਸਤੰਬਰ ਨੂੰ ਜੁਆਇਨਿੰਗ ਲੈਟਰ ਦੇਣ ਦੀਆਂ ਪੂਰੀਆਂ ਹਦਾਇਤਾਂ ਲਿਖੀਆਂ ਜਾਣਗੀਆਂ,



ਪਰ ਨਾ ਤਾਂ 16 ਸਤੰਬਰ ਨੂੰ ਕੋਈ ਨੋਟੀਫਿਕੇਸ਼ਨ ਜਾਰੀ ਹੋਇਆ ਹੈ ਅਤੇ ਨਾ 17, 18 ਨੂੰ ਕੋਈ ਨੋਟੀਫਿਕੇਸ਼ਨ ਜਾਰੀ ਹੋਇਆ। ਇਹ ਸਾਡੇ ਨਾਲ ਵਾਅਦਾ ਖਿਲਾਫੀ ਹੋਈ ਹੈ, ਜਿਸ ਕਰਕੇ ਸਾਨੂੰ ਮਜਬੂਰਨ ਫਿਰ ਤੋਂ 20/09/2024 ਨੂੰ ਡੀ ਪੀ ਆਈ ਦਫਤਰ ਮੋਹਾਲੀ ਵਿਖੇ ਧਰਨਾ ਲਗਾਇਆ ਗਿਆ ਤੇ ਡੀ ਪੀ ਆਈ ਦਫ਼ਤਰ ਦੇ ਬੈਰੀਗੇਟ ਤੋੜ ਸਾਥੀਆਂ ਵੱਲੋਂ ਰੋਸ ਮੁਜਾਹਰਾ ਕੀਤਾ ਗਿਆ। ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਸਾਡਾ ਕੰਮ ਜਲਦੀ ਪੂਰਾ ਨਹੀਂ ਕੀਤਾ ਗਿਆ ਤਾਂ ਹੋਰ ਵੀ ਗੁਪਤ ਐਕਸ਼ਨ ਕੀਤੇ ਜਾਣਗੇ। ਇਸ ਦੌਰਾਨ ਹੋਣ ਵਾਲੇ ਕਿਸੇ ਵੀ ਤਰ੍ਹਾ ਦੇ ਨੁਕਸਾਨ ਦੀ ਜਿੰ-ਮੇਵਾਰ ਪੰਜਾਬ ਸਰਕਾਰ ਡੀ ਪੀ ਆਈ ਦਫ਼ਤਰ ਮੋਹਾਲੀ ਅਤੇ ਮੋਹਾਲੀ ਪੁਲਿਸ ਪ੍ਰਸਾਸਨ ਹੋਵੇਗਾ, ਕਿਉਂਕਿ ਪਿਛਲੇ ਚਾਰ ਸਾਲਾਂ ਤੋਂ ਅਸੀਂ ਦਰ ਦਰ ਰੁਲਦੇ ਫਿਰਦੇ ਹਾਂ। ਹੁਣ ਅਸੀਂ ਆਪਣੀ ਜਾਨ ਦੀ ਬਾਜੀ ਲਾਉਣ ਦੀ ਪਰਵਾਹ ਨਹੀਂ ਕਰਾਂਗੇ।

ਇਸ ਮੌਕੇ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਸੰਗਤ ਬੁਢਲਾਡਾ ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ, ਪ੍ਰਿਥਵੀ ਅਬੋਹਰ, ਸੁਖਚੈਨ ਬੋਹਾ, ਸੁਖਜਿੰਦਰ ਸੰਗਰੂਰ, ਰਾਜਿੰਦਰ ਧੂਰੀ, ਕੁਲਦੀਪ ਅਬੋਹਰ, ਰਣਜੀਤ ਸੰਗਰੂਰ, ਸੁਖਜਿੰਦਰ ਜਲਾਲਾਬਾਦ, ਤਰਸੇਮ ਸੰਗਰੂਰ, ਓਮਪ੍ਰਕਾਸ਼ ਫਿਰੋਜ਼ਪੁਰ, ਜਗਪਾਲ ਡੱਬਵਾਲੀ, ਰਾਜਵਿੰਦਰ ਜਲਾਲਾਬਾਦ, ਕਿਰਨਦੀਪ ਨਾਭਾ, ਸ਼ੀਤਲ ਫਾਜ਼ਿਲਕਾ ਅਤੇ ਪੂਜਾ ਫਾਜ਼ਿਲਕਾ ਆਦਿ ਹਾਜ਼ਰ ਸਨ।

# ਭਾਕਿਯੂ ਉਗਰਾਹਾਂ ਵੱਲੋਂ ਮਾਲਵਿੰਦਰ ਸਿੰਘ ਮਾਲੀ ਦੀ ਬਿਨਾਂ ਸ਼ਰਤ ਰਿਹਾਈ ਲਈ ਜ਼ਿਲ੍ਹਾ/ਤਹਿਸੀਲ ਕੇਂਦਰਾਂ ਵਿੱਚ 20 ਥਾਂਈ ਰੋਸ ਮੁਜ਼ਾਹਰੇ

**ਚੰਡੀਗੜ੍ਹ, (ਦਲਜੀਤ ਕੌਰ)** ਬੀਤੇ ਦਿਨੀਂ ਸੀ ਆਈ ਏ ਸਟਾਫ ਮੋਹਾਲੀ ਵੱਲੋਂ ਵਿਚਾਰ ਪ੍ਰਗਟਾਵੇ ਦੇ ਆਧਾਰ 'ਤੇ ਝੂਠਾ ਕੇਸ ਦਰਜ ਕਰਕੇ ਪ੍ਰਸਿੱਧ ਆਲੋਚਕ/ਟਿੱਪਣੀਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਜੇਲ੍ਹ ਭੇਜਣ ਵਿਰੁੱਧ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਦੇ 13 ਜ਼ਿਲ੍ਹਾ ਅਤੇ 7 ਤਹਿਸੀਲ ਕੇਂਦਰਾਂ 'ਚ 20 ਥਾਂਈਂ ਰੋਸ ਮੁਜ਼ਾਹਰੇ ਕੀਤੇ



ਗਏ। ਪ੍ਰੈੱਸ ਨੋਟ ਰਾਹੀਂ ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਹੈ ਕਿ ਸਾਰੇ ਥਾਂਈਂ ਜ਼ਿਲ੍ਹਾ/ਤਹਿਸੀਲ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜੇ ਗਏ। ਮੰਗ ਪੱਤਰਾਂ ਰਾਹੀਂ ਝੂਠਾ ਕੇਸ ਰੱਦ ਕਰਕੇ ਸ੍ਰੀ ਮਾਲੀ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਰੋਸ ਮੁਜ਼ਾਹਰਿਆਂ ਵਿੱਚ ਔਰਤਾਂ ਅਤੇ ਨੌਜਵਾਨਾਂ ਸਮੇਤ ਵੱਖ ਵੱਖ ਥਾਵਾਂ 'ਤੇ ਸੈਂਕੜਿਆਂ ਦੀ ਗਿਣਤੀ 'ਚ ਕਿਸਾਨਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਪੀ ਐੱਸ ਯੂ ਦੇ ਕਾਰਕੁਨਾਂ ਵੱਲੋਂ ਹਮਾਇਤ ਵਜੋਂ ਸ਼ਮੂਲੀਅਤ ਕੀਤੀ ਗਈ।

ਪ੍ਰਧਾਨ ਤੇ ਜਨਰਲ ਸਕੱਤਰ ਤੋਂ ਇਲਾਵਾ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਸੂਬਾਈ ਕਿਸਾਨ ਆਗੂ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ, ਹਰਦੀਪ ਸਿੰਘ ਟੱਲੇਵਾਲ, ਹਰਿੰਦਰ ਕੌਰ ਬਿੰਦੂ, ਕੁਲਦੀਪ ਕੌਰ ਕੁੱਸਾ, ਕਮਲਜੀਤ ਕੌਰ ਬਰਨਾਲਾ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਅਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਸ਼ਾਮਲ ਸਨ। ਬੁਲਾਰਿਆਂ ਦਾ ਕਹਿਣਾ ਸੀ ਕਿ ਬੇਸ਼ੱਕ ਸ੍ਰੀ ਮਾਲੀ ਦੇ ਵਿਚਾਰਾਂ ਅਤੇ ਆਲੋਚਨਾਤਮਕ ਟਿੱਪਣੀਆਂ ਨਾਲ ਸਾਡੇ ਕਈ ਪੱਖਾਂ ਤੋਂ ਮੱਤਭੇਦ ਹਨ, ਪ੍ਰੰਤੂ ਕਿਸੇ ਵੀ ਵਿਅਕਤੀ ਵਿਰੁੱਧ ਉਸਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਜੇਲ੍ਹ ਡੱਕਣਾ ਜਮਹੂਰੀ ਅਧਿਕਾਰਾਂ ਦਾ ਘਾਣ ਕਰਨ ਦੇ ਤੁਲ ਹੈ, ਜਿਸਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਪ ਪਾਰਟੀ ਦੇ ਸਰਗਰਮ ਮੈਂਬਰ ਮੋਹਾਲੀ ਦੇ ਡੀਲਰ ਅਤੇ ਸਰਕਾਰ ਵੱਲੋਂ ਥਾਪੇ ਗਏ ਪੰਜਾਬ ਗਊ ਕਮਿਸ਼ਨ ਦੇ ਮੈਂਬਰ ਅਮਿਤ ਜੈਨ ਦੁਆਰਾ ਸਰਕਾਰੀ ਸ਼ਹਿ ਨਾਲ ਹੀ ਬਦਲਾ ਲਊ ਭਾਵਨਾ ਤਹਿਤ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ। ਕਿਉਂਕਿ ਸ੍ਰੀ ਮਾਲੀ ਆਪ ਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਲਗਾਤਾਰ ਆਲੋਚਨਾ ਕਰਦੇ ਆ ਰਹੇ ਹਨ। ਆਪ ਪਾਰਟੀ ਜਾਂ ਉਸਦੀ ਸਰਕਾਰ ਨਾਲੋਂ ਵੱਖਰੇ ਵਿਚਾਰ ਰੱਖਣਾ ਕੋਈ ਜੁਰਮ ਨਹੀਂ ਹੈ।

ਇਸ ਤਰ੍ਹਾਂ ਝੂਠੇ ਕੇਸਾਂ ਵਿੱਚ ਫਸਾ ਕੇ ਕਿਸੇ ਵਿਅਕਤੀ ਉੱਤੇ ਜਬਰ/ਧੱਕੇਸ਼ਾਹੀ ਰਾਹੀਂ ਸਰਕਾਰ ਵਿਰੁੱਧ ਵਿਚਾਰ ਪ੍ਰਗਟਾਵੇ ਤੋਂ ਰੋਕਣ ਦੇ ਯਤਨ ਨੰਗੀ ਚਿੱਟੀ ਤਾਨਾਸ਼ਾਹੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਬੁਲਾਰਿਆਂ ਵੱਲੋਂ ਰੋਸ ਮੁਜ਼ਾਹਰਿਆਂ ਵਿੱਚ ਤੁਰਤ ਪੈਰੇ ਸੱਦੇ 'ਤੇ ਹੁੰਮ ਹੁੰਮਾ ਕੇ ਪਹੁੰਚਣ ਵਾਲੇ ਸਮੂਹ ਕਿਸਾਨ ਭੈਣਾਂ ਭਰਾਵਾਂ ਅਤੇ ਸਹਿਯੋਗੀ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਦਾ ਤਹਿਦਿਲੋਂ ਧੰਨਵਾਦ ਕੀਤਾ ਗਿਆ।

# ਡੀਬੀਯੂ ਪਲੇਸਬੋ ਕਲੱਬ ਵੱਲੋਂ ਨੈਸ਼ਨਲ ਫਾਰਮਾਕੋਵਿਜੀਲੈਂਸ ਹਫ਼ਤੇ ਦਾ ਆਯੋਜਨ


**ਮੰਡੀ ਗੋਬਿੰਦਗੜ੍ਹ–** ਪਲੇਸਬੋ ਕਲੱਬ, ਫੈਕਲਟੀ ਆਫ਼ ਫਾਰਮੇਸੀ, ਦੇਸ਼ ਭਗਤ ਯੂਨੀਵਰਸਿਟੀ, ਮੰਡੀਗੋਬਿੰਦਗੜ੍ਹ ਨੇ 'ਬਿਲਡਿੰਗ ਏਡੀਆਰ ਰਿਪੋਰਟਿੰਗ ਕਲਚਰ ਫਾਰ ਪੇਸ਼ੈਂਟਸ ਸੇਫਟੀ' ਵਿਸ਼ੇ 'ਤੇ ਚੌਥੇ ਨੈਸ਼ਨਲ ਫਾਰਮਾਕੋ ਵਿਜੀਲੈਂਸ ਵੀਕ-2024 ਦਾ ਆਯੋਜਨ ਕੀਤਾ। ਇਸ ਦਾ ਮੁੱਖ ਉਦੇਸ਼ ਸੁਰੱਖਿਅਤ ਦਵਾਈਆਂ ਅਤੇ ਮਰੀਜ਼ਾਂ ਦੀ ਸੁਰ-ਖਿਆ ਨੂੰ ਬਿਹਤਰ ਬਣਾਉਣਾ ਅਤੇ ਗੈਰ-ਰਿਪੋਰਟ ਕੀਤੇ ਦਵਾਈਆਂ ਦੇ ਦੁਰਪ੍ਰਭਾਵ ਬਾਰੇ ਜਾਗਰੂਕਤਾ ਲਿਆਉਣਾ ਸੀ। ਇਸ ਮੌਕੇ ਸਕੂਲ ਆਫ਼ ਫਾਰਮੇਸੀ, ਸ: ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਅਤੇ ਮਾਤਾ ਜਰਨੈਲ ਕੇ ਕਾਲਜ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਨੇ ਅਵੇਅਰਨੈਸ ਆਫ਼ ਡਰੱਗ ਐਂਡ ਅਵੇਅਰਨੈਸ ਡਰੱਗ ਰਿਐਕਸ਼ਨ (ਏ.ਡੀ.ਆਰ.) ਰਿਪੋਰਟਿੰਗ ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲੇ ਸਮੇਤ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ। ਨੁੱਕੜ ਨਾਟਕ ਅਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਡੀ।ਬੀ।ਯੂ ਕੈਂਪਸ ਤੋਂ ਸੌਂਟੀ ਪਿੰਡ ਤੱਕ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ ਜਿਸ ਨੂੰ ਡਾ: ਹਰਸ਼ ਸਦਾਵਰਤੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦਾ ਉਦਘਾਟਨ ਡਾ: ਜ਼ੋਰਾ ਸਿੰਘ, ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ ਨੇ ਕੀਤਾ ਅਤੇ ਸਕੂਲ ਆਫ਼ ਫਾਰਮੇਸੀ ਦੀ ਪ੍ਰਿੰਸੀਪਲ ਡਾ: ਪੂਜਾ ਗੁਲਾਟੀ ਨੇ ਸਵਾਗਤੀ ਭਾਸ਼ਣ ਦਿੱਤਾ। ਉਨ੍ਹਾਂ ਨਸ਼ਿਆਂ ਬਾਰੇ ਜਾਗਰੂਕਤਾ ਅਤੇ ਉਹਨਾਂ ਦੇ ਦੁਰਪ੍ਰਭਾਵ ਬਾਰੇ ਵਿਸਥਾਰ ਨਾਲ ਦੱਸਿਆ।



ਇਸ ਸਮਾਗਮ ਦੇ ਸਫਲ ਆਯੋਜਨ ਲਈ ਪ੍ਰੋ ਚਾਂਸਲਰ ਡਾ। ਤੇਜਿੰਦਰ ਕੌਰ ਨੇ ਪਲੇਸਬੋ ਕਲੱਬ ਦੇ ਸਟਾਫ਼, ਵਿਦਿਆਰਥੀਆਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ, ਪ੍ਰੋ। ਡਾ। ਅਭਿਜੀਤ ਜੋਸ਼ੀ ਨੇ ਫੈਕਲਟੀ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਪਲੇਸਬੋ ਕਲੱਬ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਸਮਾਗਮ ਦੇ ਅੰਤ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਐਸ. ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਡਾ. ਸ਼ੈਲੇਸ਼ ਕੁਮਾਰ ਗੁਪਤਾ ਨੇ ਨਤੀਜਾ ਘੋਸ਼ਿਤ ਕੀਤਾ ਅਤੇ ਮਾਤਾ ਜਰਨੈਲ ਕੇ ਕਾਲਜ ਆਫ਼ ਫਾਰਮੇਸੀ ਦੀ ਪ੍ਰਿੰਸੀਪਲ ਸ੍ਰੀਮਤੀ ਖੁਸ਼ਪਾਲ ਨੇ ਧੰਨਵਾਦ ਕੀਤਾ।

# ਡਰੱਗ ਅਫਸਰ ਬਲਰਾਮ ਲੂਥਰਾ ਅਤੇ ਡਰੱਗ ਇੰਸਪੈਕਟਰ ਨੇ ਦਵਾਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਡਰੱਗ ਕੰਟਰੋਲਰ ਅਫਸਰ ਅਤੇ ਜ਼ੋਨਲ ਲਾਇਸੈਂਸਿੰਗ ਅਥਾਰਟੀ ਬਲਰਾਮ ਲੂਥਰਾ ਨੇ ਗੜ੍ਹਸ਼ੰਕਰ ਤਹਿਸੀਲ ਦੇ ਵੱਖ-ਵੱਖ ਖੇਤਰਾਂ ਵਿੱਚ ਦਵਾਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਅਤੇ ਸਾਰਿਆਂ ਨੂੰ ਨਿਯਮਾਂ ਅਨੁਸਾਰ ਕੰਮ ਕਰਨ ਦੀ ਹਦਾਇਤ ਕੀਤੀ। ਇਸ ਦੌਰਾਨ ਡਰੱਗ ਇੰਸਪੈਕਟਰ ਨਵਦੀਪ ਕੌਰ ਵੀ ਉਨ੍ਹਾਂ ਦੇ ਨਾਲ ਸੀ। ਡਰੱਗ ਕੰਟਰੋਲਰ ਅਫ਼ਸਰ ਅਤੇ ਜ਼ੋਨਲ ਲਾਇਸੈਂਸਿੰਗ



ਅਥਾਰਟੀ ਬਲਰਾਮ ਲੂਥਰਾ ਨੇ ਮੈਡੀਕਲ ਸਟੋਰਾਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਦਵਾਈਆਂ ਦੀਆਂ ਦੁਕਾਨਾਂ 'ਤੇ ਫਾਰਮ-ਾਸਿਸਟ ਦਾ ਹੋਣਾ ਲਾਜ਼ਮੀ ਹੈ। ਇਸ ਲਈ ਸਾਰੀਆਂ ਦੁਕਾਨਾਂ 'ਤੇ ਫਾਰਮਾਸਿਸਟ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਦਵਾਈਆਂ ਵੇਚਣ ਸਮੇਂ ਬਿੱਲਾਂ ਦੀ ਕਟੌਤੀ ਕੀਤੀ ਜਾਵੇ ਅਤੇ ਦਵਾਈਆਂ ਦੀ ਖਰੀਦ-ਵੇਚ ਦਾ ਪੂਰਾ ਰਿਕਾਰਡ ਰੱਖਿਆ ਜਾਵੇ। ਅਨੁਸੂਚੀ ਐਚ -1 ਦਾ ਰਿਕਾਰਡ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕੈਮਿਸਟਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਜਿਲਾ ਬਾਲ ਸੁਰੱਖਿਆ ਯੂਨਿਟ ਨੇ ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਚਲਾਈ ਮੁਹਿੰਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਅਤੇ ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਮੁਹਿੰਮ ਚਲਾਈ ਜਾ ਗਈ ਹੈ। ਇਸ ਤਹਿਤ ਸਬ-ਡਵੀਜ਼ਨਲ ਪੱਧਰੀ ਕਮੇਟੀ ਵੱਲੋਂ ਬਲਾਚੌਰ ਬਲਾਕ ਦੀਆਂ ਵੱਖ-ਵੱਖ ਥਾਵਾਂ 'ਤੇ ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਚੈਕਿੰਗ ਕੀਤੀ ਗਈ। ਇਸ ਦੌਰਾਨ ਬਲਾਚੌਰ ਬਲਾਕ ਦੇ ਮੇਨ ਰੋਡ, ਗੜ੍ਹਸ਼ੰਕਰ ਰੋਡ, ਬੱਸ ਸਟੈਂਡ ਰੋਡ, ਕੰਗਨਾ ਪੁਲ, ਭੱਦੀ ਰੋਡ ਅਤੇ ਮੇਨ ਬਾਜ਼ਾਰ ਵਿਚ ਚੈਕਿੰਗ ਕੀਤੀ ਗਈ ਅਤੇ ਟੀਮ ਵੱਲੋਂ ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਵਿਚ ਲੱਗਿਆ ਕੋਈ ਵੀ ਬੱਚਾ ਨਹੀਂ ਪਾਇਆ ਗਿਆ। ਟੀਮ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਹੋ ਰਹੀ ਲਗਾਤਾਰ ਚੈਕਿੰਗ ਦੇ ਫਲਸਰੂਪ ਚੈਕਿੰਗ ਦੌਰਾਨ ਕੋਈ ਵੀ ਬੱਚਾ ਭੀਖ ਮੰਗਦੇ ਹੋਏ ਜਾਂ ਮਜ਼ਦੂਰੀ ਕਰਦੇ ਹੋਏ ਨਹੀਂ ਪਾਇਆ ਗਿਆ। ਇਸ ਮੌਕੇ ਮੌਜੂਦ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਦੱਸਿਆ ਗਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਹੁਕਮਾਂ ਅਨੁਸਾਰ ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਸਬੰਧੀ ਚੈਕਿੰਗ ਪੂਰੇ ਪੰਜਾਬ ਵਿਚ ਲਗਾਤਾਰ ਕੀਤੀ ਜਾ ਰਹੀ ਹੈ ਤਾਂ ਜੋ ਦੂਜੇ ਰਾਜਾਂ ਤੋਂ ਆਏ ਹੋਏ ਪ੍ਰਵਾਸੀਆਂ ਨੂੰ ਪੰਜਾਬ ਵਿੱਚ ਭਿੱਖਿਆ ਮੰਗਣ ਤੋਂ ਰੋਕਿਆ ਜਾ ਸਕੇ ਅਤੇ ਭਿੱਖਿਆ ਵਿਚ ਲੱਗੇ ਹੋਏ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਕੇ ਉਨ੍ਹਾਂ ਦੇ ਭਵਿੱਖ ਨੂੰ ਰੋਸ਼ਨ ਬਣਾਇਆ ਜਾ ਸਕੇ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ ਜੇਕਰ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਬੱਚਾ ਭੀਖ ਮੰਗਦਾ ਹੋਇਆ ਨਜ਼ਰ ਆਉਂਦਾ ਹੈ ਤਾਂ ਉਸ ਦੀ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਚਾਈਲਡ ਹੈਲਪ ਲਾਈਨ ਨੰਬਰ 1098 'ਤੇ ਦਿੱਤੀ ਜਾਵੇ । ਮੌਕੇ 'ਤੇ ਹਾਜ਼ਰ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਵੱਲੋਂ ਦੱਸਿਆ ਗਿਆ ਕਿ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਵਿਅਕਤੀ ਖਿਲਾਫ ਜੁਵੇਨਾਈਲ ਜਸਟਿਸ ਐਕਟ ਅਧੀਨ ਦੋ ਸਾਲ ਤੱਕ ਦੀ ਸਜ਼ਾ ਅਤੇ 1 ਲੱਖ ਰੁਪਏ ਜ਼ੁਰਮਾਨਾ ਹੋ ਸਕਦਾ ਹੈ। ਚੈਕਿੰਗ ਟੀਮ ਵਿਚ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ, ਕਾਂਤਾ ਆਊਟਰੀਚ ਵਰਕਰ, ਸੀ। ਡੀ ਪੀ। ਓ ਬਲਾਚੌਰ ਦਫਤਰ ਤੋਂ ਸੁਪਰਵਾਈਜ਼ਰ, ਹਰਵਿੰਦਰ ਸਿੰਘ ਲੇਬਰ ਇੰਸਪੈਕਟਰ ਦੇ ਨਾਲ ਨਾਲ ਪੁਲਿਸ ਵਿਭਾਗ, ਸਿੱਖਿਆ ਵਿਭਾਗ ਅਤੇ ਸਿਹਤ ਵਿਭਾਗ ਦੇ ਨੁਮਾਇੰਦੇ ਵੀ ਹਾਜ਼ਰ ਸਨ।



# ਡੀਬੀਯੂ ਐਗਰੀਮ ਕਲੱਬ ਨੇ ਮਨਾਇਆ ਵਿਸ਼ਵ ਬਾਂਸ ਦਿਵਸ

**ਮੰਡੀ ਗੋਬਿੰਦਗੜ–** ਦੇਸ਼ ਭਗਤ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਗਰੀਕਲਚਰ ਐਂਡ ਲਾਈਫ ਸਾਇੰਸਜ਼ ਅਤੇ ਸਵੱਛ ਭਾਰਤ/ਉੱਨਤ ਭਾਰਤ ਸੈੱਲ ਦੇ ਐਗਰੀਮ ਕਲੱਬ ਨੇ ਵਿਸ਼ਵ ਬਾਂਸ ਦਿਵਸ ਮਨਾਇਆ। ਇਹ ਇੱਕ ਸਲਾਨਾ ਸਮਾਗਮ ਹੈ ਜੋ ਬਾਂਸ






ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵਿਕਾਸ ਵਿੱਚ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਇਹ ਦਿਨ ਬਾਂਸ ਦੀ ਬਹੁਪੱਖਤਾ, ਵਾਤਾਵਰਣ ਲਈ ਇਸਦੇ ਲਾਭ ਅਤੇ ਗਰੀਬੀ ਦੂਰ ਕਰਨ, ਕਾਰਬਨ ਜ਼ਬਤ ਕਰਨ ਅਤੇ ਜੰਗਲਾਂ ਦੀ ਕਟਾਈ ਨੂੰ ਘਟਾਉਣ ਵਿੱਚ ਇਸ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ।

ਵਰਲਡ ਬਾਂਸ ਆਰਗੇਨਾਈਜ਼ੇਸ਼ਨ (ਡਬਲਯੂ.ਬੀ.ਓ) ਭਾਈਚਾਰਿਆਂ, ਉਦਯੋਗਾਂ ਅਤੇ ਸਰਕਾਰਾਂ ਨੂੰ ਟਿਕਾਊ ਜੀਵਨ ਲਈ ਬਾਂਸ ਦੀ ਸੰਭਾਵਨਾ ਨੂੰ ਮਾਨਤਾ ਦੇਣ ਲਈ ਉਤਸ਼ਾਹਿਤ ਕਰਦੀ ਹੈ। ਇਹ ਇਸ ਸ਼ਾਨਦਾਰ ਪਲਾਂਟ ਦੀ ਵਰਤੋਂ ਕਰਦੇ ਹੋਏ ਇੱਕ ਹਰਿਆਲੀ, ਵਧੇਰੇ ਤੰਦਰੁਸਤ ਭਵਿੱਖ ਬਣਾਉਣ ਲਈ ਗਲੋਬਲ ਕਾਰਵਾਈ ਨੂੰ ਪ੍ਰੇਰਿਤ ਕਰਨ ਦਾ ਇੱਕ ਮੌਕਾ ਹੈ। ਅਥਾਰਟੀ ਦੀ ਮਿਹਰਬਾਨੀ ਅਤੇ ਅਸ਼ੀਰਵਾਦ ਨਾਲ, ਸਮਾਗਮ ਤਿੰਨ ਗਤੀਵਿਧੀਆਂ ਨਾਲ ਮਨਾਇਆ ਗਿਆ ਜਿਨ੍ਹਾਂ ਵਿੱਚ ਬਹਿਸ ਮੁਕਾਬਲਾ, ਪੋਸਟਰ ਬਣਾਉਣ ਦਾ ਮੁਕਾਬਲਾ ਅਤੇ ਰੰਗੋਲੀ ਮੁਕਾਬਲਾ ਸ਼ਾਮਿਲ ਹਨ। ਇਨ੍ਹਾਂ ਮੁਕਾਬਲਿਆਂ ਵਿਚ 20 ਵਿਦਿਆਰਥੀ (ਬੀ.ਐਸ.ਸੀ. ਅਤੇ ਐਮ.ਐਸ.ਸੀ.) ਅਤੇ 10 ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਮੁਕਾਬਲੇ ਦੀ ਜੱਜਮੈਂਟ ਪ੍ਰੋ. ਐਚ.ਕੇ. ਸਿੱਧੂ, ਡਾ. ਸੁਰਜੀਤ ਪਥੇਜਾ ਅਤੇ ਡਾ. ਰਜਨੀ ਸਲੂਜਾ ਨੇ ਕੀਤੀ। ਪ੍ਰੋ. ਐਚ ਕੇ ਸਿੱਧੂ ਨੇ ਪੇਂਡੂ ਅਤੇ ਸ਼ਹਿਰੀ ਲੋਕਾਂ ਲਈ ਬਾਂਸ ਦੀ ਮਹੱਤਤਾ ਬਾਰੇ ਇੱਕ ਪੇਸ਼ਕਾਰੀ ਦਿੱਤੀ। ਇਸੇ ਤਰ੍ਹਾਂ ਬੀ.ਐਸਸੀ ਖੇਤੀਬਾੜੀ ਦੇ ਦੂਜੇ ਸਾਲ ਦੇ ਇੱਕ ਵਿਦੇਸ਼ੀ ਵਿਦਿਆਰਥੀ ਕਿੰਗਸਟਨ ਜੇਆਰ ਅਲੈਗਜ਼ੈਂਡਰ ਕੇ ਨੇ ਵੀ ਬਾਂਸ ਦੀ ਮਹੱਤਤਾ ਅਤੇ ਇਸਦੀ ਵਰਤੋਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਾਰੇ ਵਿਦਿਆਰਥੀਆਂ ਨੇ ਸਮਾਗਮ ਦਾ ਆਨੰਦ ਮਾਣਿਆ ਅਤੇ ਪੋਸਟਰਾਂ ਅਤੇ ਲੈਕਚਰਾਂ ਰਾਹੀਂ ਆਪਣੇ ਗਿਆਨ ਵਿੱਚ ਵਾਧਾ ਕੀਤਾ। ਅੰਤ ਵਿੱਚ ਸਹਾਇਕ ਪ੍ਰੋਫੈਸਰ ਸ਼ਿਵਾਂਗੀ ਸੂਦ ਨੇ ਵਿਸ਼ਵ ਬਾਂਸ ਦਿਵਸ ਮਨਾਉਣ ਲਈ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਇਹ ਸ਼ਾਨਦਾਰ ਮੌਕਾ ਦੇਣ ਲਈ ਯੂਨੀਵਰਸਿਟੀ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਵਿਧਾਇਕ ਸੰਗੋਵਾਲ ਨੇ ਕੱਚੇ ਮਕਾਨਾਂ ਨੂੰ ਪੱਕੇ ਬਣਾਉਣ ਲਈ ਚੈੱਕ ਵੰਡੇ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਪੰਜਾਬ ਵਾਸੀਆਂ ਨੂੰ ਵੱਡੀਆਂ ਸਹੂਲਤਾਂ ਮੁਹੱਈਆ



ਕਰਵਾਈਆਂ ਹਨ ਤਾਂ ਜੋ ਪੰਜਾਬ ਦੇ ਹਰੇਕ ਵਰਗ ਦੇ ਲੋਕ ਇਨ੍ਹਾਂ ਸਹੂਲਤਾਂ ਦਾ ਲਾਹਾ ਲੈ ਕੇ ਆਪਣਾ ਜੀਵਨ ਸਹੀ ਢੰਗ ਨਾਲ ਬਤੀਤ ਕਰ ਸਕਣ।

ਇਹ ਵਿਚਾਰ ਹਲਕਾ ਗਿੱਲ ਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਕੱਚੇ ਮਕਾਨਾਂ ਨੂੰ ਪੱਕਾ ਬਣਾਉਣ ਲਈ ਚੈੱਕ ਦੇਣ ਸਮੇਂ ਹਾਜ਼ਰੀਨ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਹਲਕਾ ਗਿੱਲ ਅੰਦਰ ਜਿਨ੍ਹਾਂ ਪਰਿਵਾਰਾਂ ਦੇ ਟੁੱਟੇ ਹੋਏ ਘਰ ਜਾਂ ਛੱਤ ਹੈ ਉਹਨਾਂ ਨੂੰ ਪੱਕਾ ਮਕਾਨ ਬਣਾ ਕੇ ਦਿੱਤਾ ਜਾਵੇਗਾ। ਵਿਧਾਇਕ ਸੰਗੋਵਾਲ ਨੇ ਕਿਹਾ ਕਿ ਮਾਨ ਸਰਕਾਰ ਹਰ ਵਰਗ ਦੀ ਸਰਕਾਰ ਹੈ। ਹਮ ਸਭ ਤੁਹਾਡੇ ਦੁੱਖ ਸੁੱਖ ਵੰਡਦੇ ਹਾਂ। ਉਹਨਾਂ ਉੱਥੇ ਮੌਜੂਦ ਮਹਿਲਾਵਾਂ ਨੂੰ ਕਿਹਾ ਕਿ ਉਹ ਘਰ ਸੰਭਾਲਦੀਆਂ ਹਨ ਉਹਨਾਂ ਨੂੰ ਘਰ ਦੇ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਪਤਾ ਹੁੰਦਾ ਹੈ। ਉਹਨਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਘਰ ਬਾਲਿਆਂ ਵਾਲੀਆਂ ਛੱਤਾਂ ਨੇ ਜਾਂ ਡਿੱਗਣ ਵਾਲੀਆਂ ਨੇ ਉਹਨਾਂ ਨੂੰ ਮਾਨ ਸਰਕਾਰ ਪੱਕੇ ਘਰ ਬਣਾ ਕੇ ਦੇਵੇਗੀ। ਇਸ ਮੌਕੇ ਜਸਵਿੰਦਰ ਸਿੰਘ ਜੱਸੀ ਪੀ ਏ, ਦਵਿੰਦਰਪਾਲ ਸਿੰਘ ਲਾਡੀ, ਬਲਰਾਜ ਸਿੰਘ ਸੋਨੂ ਗਿੱਲ ਮੀਡੀਆ ਇੰਚਾਰਜ, ਸਾਹਿਬਜੀਤ ਸਿੰਘ ਸਾਬੀ ਬਲਾਕ ਪ੍ਰਧਾਨ, ਲਖਵਿੰਦਰ ਸਿੰਘ ਲੱਖਾ ਦਾਦ ਬਲਾਕ ਪ੍ਰਧਾਨ, ਜੱਗੀ ਦਿਉਲ ਗੁਰਮ ਬਲਾਕ ਪ੍ਰਧਾਨ, ਅਮਰਿੰਦਰ ਸਿੰਘ ਬੁਲਾਰਾ, ਰਵੀ ਝੱਮਟ, ਜੁਝਾਰ ਸਿੰਘ ਦਾਦ ਆਦਿ ਹਾਜ਼ਰ ਸਨ।

# ਸਰਕਾਰ ਦੀ ਪੇਂਡੂ ਅਦਾਲਤਾਂ ਦੀ ਤਜਵੀਜ਼ ਦੇ ਵਿਰੋਧ ਵਿੱਚ ਬਾਰ ਐਸੋਸੀਏਸ਼ਨ ਨੇ ਕੀਤੀ ਹੜਤਾਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਜਿਲ੍ਹਾ ਬਾਰ ਐਸੋਸੀਏਸ਼ਨ ਹੋਸ਼ਿਆਰਪੁਰ ਨੇ ਰਾਏਕੋਟ, ਸ੍ਰੀ ਚਮਕੌਰ ਸਾਹਿਬ ਅਤੇ ਧਾਰ ਕਲਾਂ ਵਿਖੇ ਗ੍ਰਾਮ ਨਿਆਇਲਿਆ/ ਪੇਂਡੂ ਅਦਾਲਤਾਂ ਦੀ ਸਥਾਪਨਾ ਸਬੰਧੀ ਸਰਕਾਰ ਦੇ ਫੈਸਲੇ ਵਿਰੁੱਧ ਰਾਜ ਪੱਧਰੀ ਹੜਤਾਲ ਦੇ ਸੱਦੇ ਤੇ ਬਾਰ ਐਸੋਸੀਏਸ਼ਨ ਹੋਸ਼ਿਆਰਪੁਰ ਵਲੋਂ ਹੜਤਾਲ ਕੀਤੀ ਗਈ। ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਹੋਸ਼ਿਆਰਪੁਰ ਨੇ ਕਿਹਾ ਕੇ ਪੇਂਡੂ ਅਦਾਲਤਾਂ ਦੀ ਸਥਾਪਨਾ ਦਾ ਫੈਸਲਾ ਨਾ ਲੋਕਾਂ ਦੇ ਹਿੱਤ ਵਿੱਚ ਹੈ ਤੇ ਨਾ ਹੀ ਵਿਵਹਾਰਿਕ ਹੈ। ਇਹ ਫੈਸਲਾ ਮੋਬਾਈਲ ਕੋਰਟਾਂ ਚਲਾਉਂਣ ਦੇ ਫੈਸਲੇ ਵਾਂਗ ਗ਼ੈਰ ਵਿਵਹਾਰਿਕ ਅਤੇ ਗਲਤ ਹੀ ਸਾਬਿਤ ਹੋਵੇਗਾ। ਕੇਸਾਂ ਦੇ ਜਲਦੀ ਨਿਪਟਾਰੇ ਵਾਸਤੇ ਜੱਜਾਂ ਅਤੇ ਜੁਡਿਸ਼ਲ ਸਟਾਫ ਅਤੇ ਪੁਲਿਸ ਦੀ ਭਰਤੀ ਅਤੇ ਮੁੱਢਲੇ ਢਾਂਚੇ ਦੀਆਂ ਸਮੱਸਿਆਵਾਂ ਦਾ ਹੱਲ ਜਰੂਰੀ ਹੈ, ਨਹੀਂ ਤਾਂ ਪੇਂਡੂ ਅਦਾਲਤਾਂ ਨਾਲ ਸਮਸੀਆਂ ਹੋਰ ਵਧੇਗੀ। ਉਹਨਾਂ ਕਿਹਾ ਕੇ ਉਹ ਬਿਜਲੀ ਦੇ ਮੁੱਦੇ 'ਤੇ ਮੁਕੇਰੀਆਂ ਬਾਰ ਐਸੋਸੀਏਸ਼ਨ ਨਾਲ ਇਕਮੁੱਠ ਹਨ ਅਤੇ ਅਸੀਂ ਮੁਕੇਰੀਆਂ ਬਾਰ ਐਸੋਸੀਏਸ਼ਨ ਵੱਲੋਂ ਦਿੱਤੇ ਸੂਬਾ ਪੱਧਰੀ ਸੱਦੇ ਦਾ ਵੀ ਸਮਰਥਨ ਕਰਦੇ ਹਾਂ। ਉਹਨਾਂ ਕਿਹਾ ਕੇ ਬੁੱਧਵਾਰ ਨੂੰ ਪੰਜਾਬ ਦੀਆਂ ਸਮੂਹ ਬਾਰ ਐਸੋਸੀਏਸ਼ਨ ਦੀ ਬੈਠਕ ਰੱਖੀ ਗਈ ਹੈ ਅਤੇ ਅਗਲੀ ਰਣਨੀਤੀ ਨਿਰਧਾਰਿਤ ਕਰਕੇ ਸੰਘਰਸ਼ ਵੀਡਿਆ ਜਾਵੇਗਾ ਮੀਟਿੰਗ ਦੌਰਾਨ ਰਜਨੀ ਨੰਦਾ, ਜਨਰਲ ਸਕੱਤਰ, ਨਿਪੁਨ ਸ਼ਰਮਾ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੱਮਣ, ਆਰ ਪੀ ਧੀਰ, ਕੁਲਦੀਪ ਸਿੰਘ,ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਸ਼੍ਰੀ ਏਕੇ ਸੋਨੀ, ਕੇ ਸੀ ਮਹਾਜਨ, ਭੱਜਣਾ ਰਾਮ ਦਾਦਰਾ ਲਸ਼ਕਰ ਸਿੰਘ, ਨਵੀਨ ਜੈਰਥ, ਸੁਹਾਸ ਰਾਜਨ, ਮਾਣਿਕ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ, ਸੁਨੀਲ ਕੁਮਾਰ ਪਾਲਵਿੰਦਰ ਮਾਨਾ, ਰਾਕੇਸ਼ ਕੁਮਾਰ, ਪਾਵਨ ਬੱਧਣ, ਕੇਲਾਸ਼, ਵਿਕਰਮ, ਰਾਕੇਸ਼, ਇਸ਼ਾਨੀ, ਗੁਰਜਿੰਦਰ,ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ, ਸ਼ਿਵਾਂਗੀ ਅਤੇ ਸਿਧਾਂਤ ਚੋਧਰੀ, ਨਕੁਲ ਆਦੀ ਵੀ ਹਾਜਿਰ ਸਨ।



# "'ਮਿਸ ਇੰਡੀਆ ਨਿਊਜ਼ੀਲੈਂਡ' ਬਣੀ 21 ਸਾਲਾ ਨੂਰ ਰੰਧਾਵਾ ਨੂੰ ਹੈ ਪੰਜਾਬੀਅਤ ਉਤੇ ਮਾਣ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਵਿਸ਼ਵ ਭਰ ਦੇ ਵਿਚ ਸੁੰਦਰਤਾ ਮੁਕਾਬਲੇ ਸਿਰਫ ਸੂਰਤਾਂ ਤੱਕ ਹੀ ਸੀਮਿਤ ਨਹੀਂ ਹੁੰਦੇ ਵੱਖ-ਵੱਖ ਪਰਖ ਪੜਾਵਾਂ ਦੇ ਵਿਚੋਂ ਨਿਕਲ ਕੇ ਆਖਿਰ ਅੰਤਿਮ ਗੇੜ ਦੇ ਵਿਚ ਜੱਜਾਂ ਦੇ ਸਾਹਮਣੇ ਜਿੱਥੇ ਤੁਸੀਂ ਆਪਣੀ ਸੀਰਤ ਤੇ ਸੁੰਦਰਤਾ ਦੇ ਰਾਹੀਂ ਆਪਣਾ ਸਭਿਆਚਾਰ ਪੇਸ਼ ਕਰਨਾ ਹੁੰਦਾ ਹੈ ਉਥੇ ਤੁਹਾਡੀ ਸਿਆਣਪ ਪਰਖਣ ਲਈ ਸਵਾਲ ਵੀ ਪੁੱਛੇ ਜਾਂਦੇ ਹਨ। ਬੀਤੇ ਦਿਨੀਂ ਔਕਲੈਂਡ ਵਿਖੇ 22ਵਾਂ ਮਿਸ ਇੰਡੀਆ ਨਿਊਜ਼ੀਲੈਂਡ ਮੁਕਾਬਲਾ 'ਰਿਦਮ ਹਾਊਸ' ਵੱਲੋਂ ਕਰਵਾਇਆ ਗਿਆ। ਫਾਈਨਲ ਗੇੜ ਤੱਕ 23 ਲੜਕੀਆਂ ਪਹੁੰਚੀਆਂ ਦੇ ਵਿਚ 4-5 ਪੰਜਾਬੀ ਕੁੜੀ ਵੀ ਸਨ। ਵੱਖ-ਵੱਖ ਪੇਸ਼ਕਾਰੀਆਂ ਦੇ ਬਾਅਦ ਜਦੋਂ ਨਤੀਜੇ ਐਲਾਨੇ ਗਏ ਤਾਂ ਪੰਜਾਬੀਆਂ ਨੂੰ ਇਸ ਗੱਲ ਦੀ ਖੁਸ਼ੀ ਹੋਏਗੀ ਕਿ ਇਸ ਵਾਰ 'ਮਿਸ ਇੰਡੀਆ ਨਿਊਜ਼ੀਲੈਂਡ 2024' ਦਾ ਤਾਜ਼ ਪੰਜਾਬੀ ਮਾਪਿਆਂ ਦੀ ਇਥੇ ਜਨਮੀ ਧੀਅ 'ਨੂਰ ਰੰਧਾਵਾ' ਦੀ ਝੋਲੀ ਪਿਆ। ਇਸ ਤਾਜ਼ ਦੇ ਲਈ ਉਸਨੂੰ ਬਹੁਤ ਮਾਣ ਹੈ, ਉਸਦਾ ਪੰਜਾਬੀ ਪਿਛੋਕੜ ਅਤੇ ਸਭਿਆਚਾਰ ਉਸਦੇ ਲਈ ਅਹਿਮ ਹਿੱਸਾ ਸੀ।



# ਸੀਤਾ ਰਾਮ ਯੇਚਰੀ ਦੀ ਹੋਈ ਮੌਤ 'ਤੇ ਗਹਿਰਾ ਅਫ਼ਸੋਸ ਪ੍ਰਗਟ ਕਰਦਿਆਂ ਸ਼ੋਕ ਸਭਾ ਕੀਤੀ



**ਜਲੰਧਰ–**ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਸੀ.ਪੀ.ਆਈ.ਐਮ. ਦੇ ਕੇਂਦਰੀ ਆਗੂ ਕਾਮਰੇਡ ਸੀਤਾ ਰਾਮ ਯੇਚਰੀ ਦੀ ਹੋਈ ਮੌਤ 'ਤੇ ਗਹਿਰਾ ਅਫ਼ਸੋਸ ਪ੍ਰਗਟ ਕਰਦਿਆਂ ਸ਼ੋਕ ਸਭਾ ਕੀਤੀ। ਉਹ ਲੰਮਾ ਸਮਾਂ ਰਾਜ ਸਭਾ ਤੇ ਪਾਰਲੀਮੈਂਟ ਦੇ ਮੈਂਬਰ ਰਹੇ ਸਨ।

ਉਨ੍ਹਾਂ ਪੜ੍ਹਾਈ ਪੂਰੀ ਕਰਨ ਉਪਰੰਤ ਸਾਰੀ ਜ਼ਿੰਦਗੀ ਪਾਰਟੀ ਨੂੰ ਸੌਂਪ ਦਿੱਤੀ ਸੀ ਅਤੇ ਆਖ਼ਰੀ ਸਾਹਾਂ ਤੱਕ ਪਾਰਟੀ ਸਮਝ ਨੂੰ ਨਿਭਾਇਆ। ਸ਼ੋਕ ਸਭਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ, ਕਮੇਟੀ ਦੇ ਟਰੱਸਟੀ ਗੁਰਮੀਤ ਅਤੇ ਕਮੇਟੀ ਮੈਂਬਰ ਡਾ. ਸੈਲੇਸ਼ ਵੀ ਹਾਜ਼ਰ ਸਨ।

# ਗਦਰੀ ਬਾਬਿਆਂ ਦਾ ਮੇਲਾ 7-8-9 ਨਵੰਬਰ ਨੂੰ ਹੋਵੇਗਾ

**ਜਲੰਧਰ–** ਗਦਰੀ ਬਾਬਿਆਂ ਦਾ ਮੇਲਾ ਇਸ ਵਾਰ ਦੀਵਾਲੀ ਪਹਿਲੀ ਨਵੰਬਰ ਨੂੰ ਆਉਣ ਕਰਕੇ,ਮੇਲੇ ਦੀਆਂ ਤਾਰੀਖਾਂ ਬਦਲ ਕੇ 7-8-9 ਨਵੰਬਰ ਕੀਤੀਆਂ ਗਈਆਂ ਹਨ। ਪਹਿਲੇ ਦਿਨ ਪੁਸਤਕ ਮੇਲੇ ਤੇ ਵਿਚਾਰ ਚਰਚਾ ਹੋਵੇਗੀ, ਦੂਜੇ ਦਿਨ ਪੇਂਟਿੰਗ, ਕੁਇਜ਼, ਭਾਸ਼ਨ ਅਤੇ ਗੀਤ ਸੰਗੀਤ ਮੁਕਾਬਲਾ ਹੋਵੇਗਾ। ਦੂਜੇ ਦਿਨ ਦੁਪਹਿਰ ਤੋਂ ਬਾਅਦ ਸੈਮੀਨਾਰ ਟਾਈਪ ਪ੍ਰੋਗਰਾਮ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਵੇਗਾ।ਇਸ ਵਿੱਚ ਉੱਚ ਕੋਟੀ ਦੇ ਵਿਦਵਾਨ ਆਪਣੇ ਵਿਚਾਰ ਰੱਖਣਗੇ। ਤੀਜੇ ਦਿਨ ਗਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਹਰਦੇਵ ਸਿੰਘ ਅਰਸ਼ੀ ਸਾਬਕਾ ਐਮ ਐਲ ਏ ਨਿਭਾਉਣਗੇ। ਉਸ ਤੋਂ ਬਾਅਦ ਵੱਡੇ ਪੰਡਾਲ ਵਿੱਚ ਗੀਤ ਸੰਗੀਤ ਤੇ ਕੁਝ ਵਿਦਵਾਨ ਵੀ ਆਪਣੇ ਵਿਚਾਰ ਰੱਖਣਗੇ। ਦਿਨ ਦੀ ਸਟੇਜ ਹਰਿੰਦਰ ਭੰਡਾਲ ਸਾਂਭਣਗੇ। ਸ਼ਾਮ ਤੋਂ ਸ਼ੁਰੂ ਹੋ ਕੇ ਸਾਰੀ ਰਾਤ ਨਾਟਕ ਚੱਲਣਗੇ। ਰਾਤ ਦੇ ਸਮਾਗਮ ਵਿੱਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ ਆਪਣੇ ਵਿਚਾਰ ਰੱਖਣਗੇ। ਰਾਤ ਦੀ ਸਟੇਜ ਸਭਿਆਚਾਰਕ ਕਮੇਟੀ ਦਾ ਕਨਵੀਨਰ ਅਮੋਲਕ ਸਾਂਭੇਗਾ। ਸਾਰੇ ਮੇਲੇ ਦੇ ਸਮੇਂ ਨੂੰ ਤਰਤੀਬ ਦੇਣ ਵਾਸਤੇ ਕੱਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਉਦੇਦਾਰਾਂ, ਸਭਿਆਚਾਰਕ ਕਮੇਟੀ ਅਤੇ ਦੇਖ ਰੇਖ ਕਮੇਟੀ ਦੀ ਮੀਟਿੰਗਾਂ ਹੋਈਆਂ। ਦੇਖ ਰੇਖ ਕਮੇਟੀ ਨੇ ਫੈਸਲਾ ਕੀਤਾ ਕਿ ਮੇਲੇ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਕੰਪਲੈਕਸ ਦੇ ਹੋਣ ਵਾਲੇ ਕੰਮਾਂ ਬਾਬਤ ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਕਮੇਟੀ ਦੇ ਟਰੱਸਟੀ ਰਣਜੀਤ ਸਿੰਘ ਔਲਖ ਤੇ ਜਨਰਲ ਬਾਡੀ ਮੈਂਬਰ ਰਜਿੰਦਰ ਮੰਡ ਐਡਵੋਕੇਟ ਡਿਪਟੀ ਕਮਿਸ਼ਨਰ ਜਲੰਧਰ ਨੂੰ ਮਿਲਣਗੇ। ਅੱਜ ਡਿਪਟੀ ਕਮਿਸ਼ਨਰ ਨੂੰ ਵਫ਼ਦ ਮਿਲਿਆ ਨਾਲ ਪ੍ਰੈਸ ਕਲੱਬ ਦੇ ਮੀਤ ਪ੍ਰਧਾਨ ਰਾਜੇਸ਼ ਥਾਪਾ ਵੀ ਸਨ। ਡੀ ਸੀ ਨੇ ਮੌਕੇ ਤੇ ਆਪਣੇ ਅਫਸਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਕਿ ਇਹ ਕੰਮ ਕੀਤੇ ਜਾਣ।



# ਪਲੇਸਮੈਂਟ ਡਰਾਈਵ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਦੇ 14 ਵਿਦਿਆਰਥੀਆਂ ਨੂੰ ਮਿਲੀ ਨੌਕਰੀ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਕਾਰਪੋਰੇਟ ਰਿਲੇਸ਼ਨਜ਼ ਸੈੱਲ ਵੱਲੋਂ ਟੈਕ ਮਹਿੰਦਰਾ ਕੰਪਨੀ ਨਾਲ ਯੂਨੀਵਰਸਿਟੀ ਕੈਂਪਸ ਵਿੱਚ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਇਸ ਪਲੇਸਮੈਂਟ ਡਰਾਈਵ ਵਿੱਚ ਬੀ।ਟੈਕ ਅਤੇ ਐਮ.ਸੀ.ਏ. ਦੇ 75 ਵਿਦਿਆਰਥੀਆਂ ਨੇ ਭਾਗ ਲਿਆ। ਕੰਪਨੀ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਇੰਟਰਵਿਊ ਕੀਤੀ ਗਈ ਅਤੇ 14 ਵਿਦਿਆਰਥੀਆਂ ਨੂੰ ਡਾਟਾ ਐਨਾਲਿਸਟ ਦੇ ਅਹੁਦੇ ਲਈ ਚੁਣਿਆ ਗਿਆ। ਉਨ੍ਹਾਂ ਦੀ ਛੇ ਮਹੀਨੇ ਦੀ ਸਿਖਲਾਈ ਗੁੜਗਾਓਂ ਵਿੱਚ ਹੋਵੇਗੀ, ਜਿਸ ਤੋਂ ਬਾਅਦ ਉਨ੍ਹਾਂ ਨੂੰ 6 ਲੱਖ ਸਾਲਾਨਾ ਤਨਖਾਹ ਦਾ ਪੈਕੇਜ ਮਿਲੇਗਾ। ਕਾਰਪੋਰੇਟ ਰਿਲੇਸ਼ਨਜ਼ ਸੈੱਲ ਦੀ ਮੈਨੇਜਰ ਪੂਜਾ ਕਥੂਰੀਆ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਭਾਗ ਨਿਯਮਿਤ ਤੌਰ 'ਤੇ ਪਲੇਸਮੈਂਟ ਡਰਾਈਵ ਦਾ ਆਯੋਜਨ ਕਰਦਾ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਸੁਨਹਿਰੀ ਮੌਕੇ ਮਿਲਦੇ ਹਨ। ਹਾਲਾਂਕਿ, ਇਹਨਾਂ ਮੌਕਿਆਂ ਨੂੰ ਪੇਸ਼ਕਸ਼ ਪੱਤਰਾਂ ਵਿੱਚ ਬਦਲਣਾ ਵਿਦਿਆਰਥੀਆਂ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਅਤੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।



# ਲਾਇਨ ਸਤਵਿੰਦਰ ਸਿੰਘ ਭਮਰਾ ਨੇ ਕੀਤਾ ਵਧੀਆ ਉਪਰਾਲਾ! ਸਲੱਮ ਬਸਤੀ ਦੇ ਛੋਟੇ ਬੱਚਿਆਂ ਨਾਲ ਮਨਾਇਆ ਆਪਣਾ ਜਨਮ ਦਿਨ

**ਫਗਵਾੜਾ (ਬੀ. ਕੇ. ਰੱਤੂ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਨਵੀਂ ਬਣੀ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਪੀ।ਆਰ।ਓ। ਲਾਇਨ ਸਤਵਿੰਦਰ ਸਿੰਘ ਭਮਰਾ ਨੇ ਆਪਣਾ ਜਨਮ ਦਿਨ ਸਲੱਮ ਬਸਤੀ ਦੇ ਨੰਨ੍ਹੇ ਬੱਚਿਆਂ ਦੇ ਨਾਲ ਮਨਾ ਕੇ ਸਮਾਜ ਨੂੰ ਇੱਕ ਚੰਗਾ ਸੁਨੇਹਾ ਦਿੱਤਾ ਹੈ। ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ 'ਚ ਆਯੋਜਿਤ ਇਸ ਪ੍ਰੋਜੈਕਟ ਦੇ ਡਾਇਰੈਕਟਰ ਵੀ ਖੁਦ ਲਾਇਨ ਸਤਵਿੰਦਰ ਸਿੰਘ ਭਮਰਾ ਸਨ। ਇਸ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ।ਜੇ।ਐਫ। ਵਿਸ਼ੇਸ਼ ਤੌਰ 'ਤੇ ਹਾਜ਼ਰ ਆਏ। ਉਹਨਾਂ ਨੇ ਲਾਇਨ ਸਤਵਿੰਦਰ ਸਿੰਘ ਭਮਰਾ ਨੂੰ ਜਨਮ ਦਿਨ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਨਿੱਕੇ-ਨਿੱਕੇ ਬੱਚਿਆਂ ਨੂੰ ਪੇਸਟਰੀ, ਬਿਸਕੁਟ, ਚਿਪਸ ਅਤੇ ਜੂਸ ਭੇਂਟ ਕਰਦਿਆਂ ਉਨ੍ਹਾਂ ਕਿਹਾ ਕਿ ਗਰੀਬ ਬੱਚਿਆਂ ਨਾਲ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕਰਨਾ ਇੱਕ ਚੰਗਾ ਉਪਰਾਲਾ ਹੈ। ਜਿਸ ਤੋਂ ਸਭ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਉਹਨਾਂ ਨੇ ਦੱਸਿਆ ਕਿ ਉਹ ਖੁਦ ਆਪਣਾ ਅਤੇ ਆਪਣੇ ਪੁੱਤਰ ਪ੍ਰਣਬ ਕੰਗ ਦਾ ਜਨਮ ਦਿਨ ਹਰ ਸਾਲ ਇਸੇ ਤਰ੍ਹਾਂ ਸਮਾਜ ਸੇਵਾ ਨੂੰ ਸਮਰਪਿਤ ਕਰਕੇ ਮਨ-ਾਉਂਦੇ ਹਨ। ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੰਜੀਵ ਸੂਰੀ ਅਤੇ ਕਲੱਬ ਦੇ ਹੋਰ ਅਹੁਦੇਦਾਰਾਂ ਤੇ ਮੈਂਬਰ ਨੇ ਵੀ ਲਾਇਨ ਸਤਵਿੰਦਰ ਸਿੰਘ ਭਮਰਾ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਆਪਣਾ ਜਨਮ ਦਿਨ ਵੀ ਇਸੇ ਤਰ੍ਹਾਂ ਸਮਾਜ ਸੇਵਾ ਨੂੰ ਸਮਰਪਿਤ ਕਰਨ ਦੀ ਗੱਲ ਕਹੀ। ਉਨ੍ਹਾਂ ਨੇ ਪੂਰੇ ਜੋਸ਼ ਅਤੇ ਵਿਸ਼ਵਾਸ ਨਾਲ ਕਿਹਾ ਕਿ ਬੇਸ਼ੱਕ ਉਨ੍ਹਾਂ ਦੀ ਕਲੱਬ ਅਜੇ ਨਵੀਂ ਹੈ ਪਰ ਜਲਦੀ ਹੀ ਸਮਾਜਿਕ ਗਤੀਵਿਧੀਆਂ ਵਿੱਚ ਮੋਹਰੀ ਸਥਾਨ ਹਾਸਲ ਕਰਕੇ ਡਿਸਟ੍ਰਿਕਟ 321-ਡੀ ਦੀ ਮਾਣਮੱਤੀ ਕਲੱਬ ਬਣੇਗੀ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਲਾਇਨ ਰਣਧੀਰ ਕਰਵਲ, ਲਾਇਨ ਮਨੋਜ ਕੁਮਾਰ, ਲਾਇਨ ਧਰਮਪਾਲ ਨਿਸ਼ਚਲ, ਲਾਇਨ ਵਿੱਕੀ ਚੁੰਬਰ ਆਦਿ ਹਾਜ਼ਰ ਸਨ।




# ਹੁਣ 31 ਅਕਤੂਬਰ ਤੱਕ ਬਣਾਈਆਂ ਜਾ ਸਕਦੀਆਂ ਹਨ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ - ਜ਼ਿਲ੍ਹਾ ਚੋਣ ਅਫ਼ਸਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸੋਧਿਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਹੁਣ ਸੋਧੇ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਾਂ ਬਣਵਾਉਣ ਲਈ ਫਾਰਮ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਵਿਚ ਵਾਧਾ ਕਰਕੇ 31 ਅਕਤੂਬਰ 2024 ਤੱਕ ਕਰ ਦਿੱਤੀ ਗਈ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਧੇ ਸ਼ਡਿਊਲ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 4 ਨਵੰਬਰ 2024 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਉਹ ਫਾਰਮ ਨੰਬਰ 1 ਭਰ ਕੇ 31 ਅਕਤੂਬਰ 2024 ਤੱਕ ਦੇ ਸਕਦੇ ਹਨ । ਉਨ੍ਹਾਂ ਦੱਸਿਆ ਕਿ ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ 'ਤੇ ਦਾਅਵੇ ਅਤੇ ਇਤਰਾਜ਼ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਹਰੇਕ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ, ਜੋ ਆਪਣੀ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਅਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿਥੇ ਉਹ ਰਹਿੰਦਾ ਹੈ, ਸਬੰਧਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ।1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ/ਸ਼ਹਿਰਾਂ ਵਿਚ ਪਟਵਾਰੀਆਂ, ਬੀ।ਐਲ।ਓਜ਼, ਡੈਜ਼ੀਗਨੇਟਿਡ ਕਰਮਚਾਰੀਆਂ ਨੂੰ ਦੇ ਸਕਦਾ ਹੈ। ਵੋਟ ਬਣਾਉਣ ਵਾਲੇ ਵਿਅਕਤੀ ਦੀ ਆਸਥਾ ਸਿੱਖ ਧਰਮ ਵਿਚ ਹੋਣੀ ਚਾਹੀਦੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੀ ਵੋਟ ਬਣਾ ਸਕਦਾ ਹੈ। ਉਨ੍ਹਾਂ ਕੇਸਾਧਾਰੀ ਸਿੱਖਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਫਾਰਮ ਭਰਨ ਸਮੇਂ ਕੁਝ ਜਰੂਰੀ ਹਦਾਇਤਾਂ ਦਾ ਖਾਸ ਧਿਆਨ ਰੱਖਣਾ ਯਕੀਨੀ ਬਣਾਉਣ ।

ਉਨ੍ਹਾਂ ਦੱਸਿਆ ਕਿ ਫਾਰਮਾਂ ਦੇ ਨਾਲ ਇਕ ਪਾਸਪੋਰਟ ਸਾਈਜ਼ ਫੋਟੋ ਦੇ ਨਾਲ ਰਿਹਾਇਸ਼ ਦੇ ਸਬੂਤ ਵਜੋਂ ਆਧਾਰ ਕਾਰਡ, ਈ।ਸੀ।ਆਈ ਵੱਲੋਂ ਜਾਰੀ ਵੋਟਰ ਆਈ।ਡੀ। ਕਾਰਡ (ਫੋਟੋ ਵਾਲਾ), ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੰਸ, ਕਰਮਚਾਰੀਆਂ ਨੂੰ ਜਾਰੀ ਸਰਵਿਸ ਆਈ।ਡੀ। ਕਾਰਡ ਫੋਟੋ ਸਮੇਤ ਜਿਸ ਨੂੰ ਕੇਂਦਰ/ਰਾਜ ਸਰਕਾਰ/ਪੀ।ਐਸ।ਯੂ/ਪਬਲਿਕ ਲਿਮਟਿਡ ਕੰਪਨੀ ਵੱਲੋਂ ਜਾਰੀ ਕੀਤਾ ਹੋਵੇ, ਬੈਂਕ/ਡਾਕਖਾਨੇ ਵੱਲੋਂ ਜਾਰੀ ਪਾਸਬੁੱਕ ਫੋਟੋ ਸਮੇਤ, ਪੈਨ ਕਾਰਡ, ਐਨ.ਪੀ.ਆਰ. ਅਧੀਨ ਆਰ.ਜੀ.ਆਈ. ਵੱਲੋਂ ਜਾਰੀ ਸਮਾਰਟ ਕਾਰਡ, ਮਨਰੇਗਾ ਜਾਬ ਕਾਰਡ, ਮਨਿਸਟਰੀ ਆਫ਼ ਲੇਬਰ ਵੱਲੋਂ ਜਾਰੀ ਸਿਹਤ ਬੀਮਾ ਸਮਾਰਟ ਕਾਰਡ, ਸਰਕਾਰੀ ਪੈਨਸ਼ਨ ਦਸਤਾਵੇਜ਼ ਸਮੇਤ ਫੋਟੋ, ਐਮ.ਪੀਜ਼, ਐਮ.ਐਲ.ਏਜ਼ ਅਤੇ ਐਮ.ਐਲ.ਸੀਜ਼ ਨੂੰ ਜਾਰੀ ਦਫ਼ਤਰੀ ਸ਼ਨਾਖ਼ਤੀ ਕਾਰਡ ਵਿਚੋਂ ਕੋਈ ਵੀ ਇਕ ਦਸਤਾਵੇਜ਼ ਨਾਲ ਨੱਥੀ ਕਰਨਾ ਲਾਜ਼ਮੀ ਹੈ।

# ਕਰਾਪ ਰੈਜ਼ੀਡਿਊ ਮੈਨੇਜਮੈਟ ਸਕੀਮ ਅਧੀਨ ਲਗਾਇਆ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੁੱਖ ਖੇਤੀਬਾੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਡਾ. ਰਜਿੰਦਰ ਕੰਬੋਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਖੇਤੀਬਾੜੀ ਅਫਸਰ, ਨਵਾਂਸ਼ਹਿਰ ਡਾ। ਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਖੇਤੀਬਾੜੀ ਵਿਭਾਗ ਦਫਤਰ ਨਵਾਂਸ਼ਹਿਰ ਵਿਖੇ ਕਰਾਪ ਰੈਜ਼ੀਡਿਊ ਮੈਨੇਜਮੈਂਟ ਸਕੀਮ ਅਧੀਨ



ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਦੌਰਾਨ ਡਾ. ਰਾਜ ਕੁਮਾਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਜ਼ਮੀਨ ਵਿਚ ਵਾਹ ਕੇ ਕਣਕ ਦੀ ਫ਼ਸਲ ਦੀ ਬਿ-ਜਾਈ ਕਰਨ ਲਈ ਦੱਸਿਆ ਅਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾ ਕੇ ਜ਼ਮੀਨ ਵਿਚਲੇ ਮਿੱਤਰ ਕੀੜਿਆਂ ਨੂੰ ਬਚਾਇਆ ਕਾ ਸਕੇ। ਧੂੰਏਂ ਤੋਂ ਪੈਦਾ ਹੋ ਰਹੀਆਂ ਜ਼ਹਿਰੀਲੀਆਂ ਗੈਸਾਂ ਤੋਂ ਮਨੁੱਖੀ ਜੀਵਨ ਨੂੰ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਬਲਾਕ ਨਵਾਂਸ਼ਹਿਰ ਵਿਚ 34 ਬੇਲਰ ਮਸ਼ੀਨਾਂ, 243 ਸੁਪਰ ਸੀਡਰ ਅਤੇ 24 ਸਰਫੇਸ ਸੀਡਰ ਕਿਸਾਨਾਂ/ਕਿਸਾਨ ਗਰੁੱਪਾਂ ਕੋਲ ਮੌਜੂਦ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਮਸ਼ੀਨਰੀ ਦਾ ਪੋਰਟਲ ਖੋਲ੍ਹ ਦਿੱਤਾ ਹੈ ਅਤੇ ਕਿਸਾਨ ਮਿਤੀ 19-09-2024 ਤੱਕ ਵੱਖ-ਵੱਖ ਮਸ਼ੀਨਰੀ ਦੀ ਖ਼ਰੀਦ ਕਰਨ ਲਈ ਅਪਲਾਈ ਕਰ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਗੰਨੇ ਦੀ ਫ਼ਸਲ ਹੇਠ ਵੱਧ ਤੋਂ ਵੱਧ ਰਕਬਾ ਲਿਆਉਣ ਲਈ ਵੀ ਕਿਸਾਨਾਂ ਨੂੰ ਗੰਨੇ ਦੀ ਫ਼ਸਲ ਬਾਰੇ ਜਾਣਕਾਰੀ ਦਿੱਤੀ। ਡਾ. ਕੁਲਦੀਪ ਸਿੰਘ ਏ.ਡੀ.ਓ ਵੱਲੋਂ ਬਾਸਮਤੀ ਦੀ ਫ਼ਸਲ 'ਤੇ ਪਾਬੰਦੀਸ਼ੁਦਾ ਜ਼ਹਿਰਾਂ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਖੇਤੀ ਇਨਪੁਟਸ ਜਿਵੇਂ ਕਿ ਬੀਜ, ਕੀੜੇਮਾਰ ਦਵਾਈਆਂ ਅਤੇ ਖਾਦਾਂ ਦੀ ਖ਼ਰੀਦ ਸਮੇਂ ਬਿੱਲ ਲੈਣ ਲਈ ਵੀ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਝੋਨੇ ਅਤੇ ਬਾਸਮਤੀ ਦੀ ਫ਼ਸਲ ਨੂੰ ਲੱਗਣ ਵਾਲੇ ਕੀੜੇ-ਮਕੌੜੇ ਅਤੇ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਖੇਤੀਬਾੜੀ ਇੰਜਨੀਅਰ ਚੰਦਨ ਸ਼ਰਮਾ ਨੇ ਕਿਸਾਨਾਂ ਨੂੰ ਵੱਖ-ਵੱਖ ਤਰ੍ਹਾਂ ਦੀ ਮਸ਼ੀਨਰੀ ਨੂੰ ਸਹੀ ਢੰਗ ਨਾਲ ਚਲਾਉਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪਰਮਵੀਰ ਕੌਰ ਡੀ.ਪੀ.ਡੀ ਆਤਮਾ ਨੇ ਆਤਮਾ ਸਕੀਮ ਅਧੀਨ ਘਰੇਲੂ ਬਗੀਚੀ ਅਤੇ ਸੈਲਫ ਹੈਲਪ ਗਰੁੱਪਾਂ ਬਾਰੇ ਅਤੇ ਮਿੱਟੀ ਪਰਖ ਕਰਨ ਬਾਰੇ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ। ਇਸ ਸਿਖਲਾਈ ਕੈਂਪ ਵਿਚ ਸਰਬਜੀਤ ਸਿੰਘ ਖੇਤੀ ਉਪ ਨਿਰੀਖਕ, ਕੁਲਜਿੰਦਰ ਕੁਮਾਰ ਅਤੇ ਜਸਵਿੰਦਰ ਕੌਰ ਏ.ਟੀ.ਐਮ, ਰਾਮ ਲੁਭਾਇਆ ਅਤੇ ਕ੍ਰਿਸ਼ਨਾ ਦੇਵੀ ਸੇਵਾਦਾਰ ਤੋਂ ਇਲਾਵਾ 70 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ।

# 'ਸਵੱਛਤਾ ਹੀ ਸੇਵਾ' ਮੁਹਿੰਮ ਦੇ ਦੂਸਰੇ ਦਿਨ 'ਰੁੱਖਾਂ ਦੇ ਆਲੇ-ਦੁਆਲੇ ਕੰਕਰੀਟ ਦੀਆਂ ਥੜੀਆਂ ਹਟਾਉਣਾ ਦਾ ਕੀਤਾ ਗਿਆ ਕੰਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ 14 ਸਤੰਬਰ 2024 ਤੋਂ 2 ਅਕਤੂਬਰ 2024 ਤੱਕ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸਫਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ, ਜਿਸ ਤਹਿਤ ਸਰਕਾਰ ਵੱਲੋਂ ਰੋਜਾਨਾ ਵੱਖ-ਵੱਖ ਸਫਾਈ ਸਬੰਧੀ ਗਤੀਵਿਧੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ, ਜਿਸ ਤਹਿਤ ਅੱਜ 'ਸਵੱਛਤਾ ਹੀ ਸੇਵਾ' ਮੁਹਿੰਮ ਦੇ ਦੂਸਰੇ ਦਿਨ 'ਰੁੱਖਾਂ ਦੇ ਆਲੇ-ਦੁਆਲੇ ਕੰਕਰੀਟ ਨੂੰ ਹਟਾਉਣਾ' ਗਤੀਵਿਧੀ ਤਹਿਤ ਸ਼ਹਿਰ ਵਿੱਚੋਂ ਮੌਜੂਦ ਪੁਰਾਣੇ ਦਰੱਖਤਾਂ (ਜਿਨ੍ਹਾਂ ਦੇ ਆਲੇ-ਦੁਆਲੇ ਕੰਕਰੀਟ ਦੀਆਂ ਥੜੀਆਂ ਬਣੀਆਂ ਹਨ) ਨੂੰ ਹੋਰ ਵੱਧਣ-ਫੁੱਲਣ ਲਈ ਕੰਕਰੀਟ ਦੀਆਂ ਥੜੀਆਂ ਆਦਿ ਤੁੜਵਾਈਆਂ ਗਈਆਂ, ਜਿਸ ਨਾਲ ਸ਼ਹਿਰ ਨੂੰ ਹੋਰ ਹਰਿਆਂ ਭਰਿਆ ਕਰਨ ਵਿੱਚ ਯੋਗਦਾਨ ਪਾਇਆ ਜਾ ਸਕੇ। ਇਸਦੇ ਨਾਲ ਹੀ ਕਮਿਸ਼ਨਰ ਨਗਰ ਨਿਗਮ ਵੱਲੋਂ ਸਮੂਹ ਸ਼ਹਿਰ ਵਾਸੀਆਂ ਨੂੰ ਸ਼ਹਿਰ ਹੁਸ਼ਿਆਰਪੁਰ ਨੂੰ ਸਾਫ-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਅਪੀਲ ਕੀਤੀ ਗਈ ਕਿ ਹਰੇਕ ਵਿਅਕਤੀ ਵੱਲੋਂ ਵੱਧ ਤੋਂ ਵੱਧ ਰੁੱਖ ਲਗਾਏ ਜਾਣ ਅਤੇ ਇਨ੍ਹਾਂ ਰੁੱਖਾਂ ਦੀ ਸਾਂਭ-ਸੰਭਾਲ ਕੀਤੀ ਜਾਵੇ, ਤਾਂ ਜੋ ਸ਼ਹਿਰ ਨੂੰ ਪ੍ਰਦੂਸ਼ਣ ਰਹਿਤ ਅਤੇ ਸਵੱਛ ਬਣਾਉਣ ਲਈ ਭਰਪੂਰ ਯੋਗਦਾਨ ਪਾਇਆ ਜਾ ਸਕੇ।




ਇਸ ਮੌਕੇ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਨਿਗਰਾਨ ਇੰਜੀਨੀਅਰ ਸਤੀਸ਼ ਕੁਮਾਰ ਸੈਣੀ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਲੇਖਾਕਾਰ ਰਜਿੰਦਰ ਕੁਮਾਰ, ਸਮੂਹ ਸੈਨੇਟਰੀ ਇੰਸਪੈਕਟਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਰਹੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੰਗੜੋਆ ਸਕੂਲ ਵਿਖੇ ਜਾਗਰੂਕਤਾ ਸੈਮੀਨਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੰਗੜੋਆ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪ੍ਰੀਆ ਸੂਦ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਡਾਕਟਰ ਅਮਨਦੀਪ ਸੀ। ਜੇ। ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪਰਦੇਸੀ ਅਤੇ ਦੇਸ ਰਾਜ ਬਾਲੀ ਦੁਆਰਾ ਸੈਮੀਨਾਰ ਲਗਾਇਆ ਗਿਆ। ਸੰਸਥਾ ਦੇ ਮੁਖੀ ਡਾ।ਸੁਰਿੰਦਰ ਪਾਲ ਅਗਨੀਹੋਤਰੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪਰਦੇਸੀ ਨੇ ਬੱਚਿਆਂ ਨੂੰ ਕਾਨੂੰਨੀ ਸੇਵਾਵਾਂ ਅਥਾਰਟੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਸਰਕਾਰੀ ਪ੍ਰਾਪਰਟੀਆਂ ਨੂੰ ਨੁਕਸਾਨ ਪਹੁੰਚਾਉਣਾ ਕਾਨੂੰਨੀ ਅਪਰਾਧ ਹੈ। ਅਜਿਹਾ ਕਰਨ ਨਾਲ ਦੋਸ਼ੀ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਵਲੰਟੀਅਰ ਦੇਸ ਰਾਜ ਬਾਲੀ ਨੇ ਬੱਚਿਆਂ ਨੂੰ ਬਾਲ ਅਪਰਾਧ/ਕਾਨੂੰਨ, ਪੋਸਕੋ ਐਕਟ, ਨਾਬਾਲਗ ਵਿਆਹ, ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਹੋਰ ਸਮਾਜਿਕ ਕੁਰੀਤੀਆਂ ਵਿਰੁੱਧ ਜਾਗਰੂਕ ਕੀਤਾ। ਉਨ੍ਹਾਂ ਬੱਚਿਆਂ ਨੂੰ ਹੈਲਪਲਾਈਨ ਨੰਬਰ ਯਾਦ ਕਰਵਾਏ ਤੇ ਕਿਹਾ ਕਿ ਲੋੜ ਪੈਣ 'ਤੇ ਇਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਆਏ ਹੋਏ ਵਲੰਟੀਅਰਜ਼ ਵਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰਿੰਸੀਪਲ ਡਾ। ਅਗਨੀਹੋਤਰੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਤੇ ਸਨਮਾਨ ਕੀਤਾ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਿੰਸੀਪਲ ਮੈਡਮ ਗੁਨੀਤ, ਰਜਨੀ ਬਾਲਾ, ਅਮਨਦੀਪ ਕੌਰ, ਹਰਿੰਦਰ ਸਿੰਘ, ਕਲਪਨਾ ਬੀਕਾ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।



# ਆਦਰਸ਼ ਸੋਸਲ ਵੈਲਫੇਅਰ ਸੁਸਾਇਟੀ ਵਲੋਂ ਖਟਕੜ ਕਲਾਂ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਪਿੰਡ ਖਟਕੜ ਕਲਾਂ ਵਿੱਚ ਇੱਕ ਸਨਮਾਨ ਸਮਾਰੋਹ ਅਯੋਜਿਤ ਕੀਤਾ ਗਿਆ। ਜਿਸ ਵਿੱਚ ਸਹੀਦ ਭਗਤ ਸਿੰਘ ਸਿੱਖਿਆ ਸੇਵਾ ਵੈਲਫ਼ੇਅਰ ਸੁਸਾਇਟੀ ਖਟਕੜ ਕਲਾਂ ਬੰਗਾ ਦੇ ਪ੍ਰਧਾਨ ਭੈਣ ਮਨਜੀਤ ਕੌਰ ਬੋਲਾ ਜੀ ਨੂੰ ਉਹਨਾ ਦੀਆ ਸਮਾਜਿਕ ਉਪਲੱਬਧੀਆਂ, ਸ਼ਹੀਦਾਂ ਦੀ ਵੀਰਾਸਤ ਨੂੰ ਸੰਭਾਲਣ ਲਈ ਅਤੇ ਗਰੀਬ ਬੇਸਹਾਰਾ ਬੱਚਿਆਂ ਦੀ ਸਿੱਖਿਆ ਵਾਰੇ ਮੱਦਦ ਸਬੰਧੀ ਦਿੱਤੇ ਜਾ ਰਹੇ ਯੋਗਦਾਨ ਲਈ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਅਹੁਦੇਦਾਰਾਂ ਵਲੋ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਗੱਲਬਾਤ ਕਰਦਿਆਂ ਭੈਣ ਮਨਜੀਤ ਕੌਰ ਬੋਲਾ ਜੀ ਨੇ ਦੱਸਿਆ ਕਿ ਉਹ ਸਿੱਖਿਆ ਵਿਭਾਗ ਵਿੱਚ ਪੰਜਾਬੀ ਦੇ ਟੀਚਰ ਦੇ ਅਹੁਦੇ ਤੇ 28 ਸਾਲ ਦੀ ਸੇਵਾ ਨਿਭਾਉਣ ਤੋਂ ਬਾਅਦ 2008 ਵਿੱਚ ਸੇਵਾ ਮੁਕਤ ਹੋਏ ਸਨ। ਸੇਵਾ ਦੌਰਾਨ ਵੀ ਉਹ ਗਰੀਬ ਬੇਸਹਾਰਾ ਬੱਚਿਆ ਦੀ ਫੀਸ ਅਤੇ ਕਿਤਾਬਾਂ ਦਾ ਖਰਚਾ ਅਪਣੀ ਨੇਕ ਕਮਾਈ ਵਿਚੋਂ ਕਰਦੇ ਰਹੇ ਅਤੇ ਸੇਵਾ ਮੁਕਤੀ ਮਗਰੋਂ ਉਹਨਾਂ ਨੇ ਫਰੀ ਸਿਲਾਈ ਸਿਖਾਉਣ ਦਾ ਕੇਂਦਰ ਖੋਲਿਆ। ਜਿਸ ਵਿਚ ਹੁਣ



ਤਕ ਸੈਕੜੇ ਲੜਕੀਆਂ ਸਿਲਾਈ ਸਿੱਖ ਕੇ ਆਪਣੀ ਜਿੰਦਗੀ ਦੀ ਗੁਜ਼ਰ ਬਹੁਤ ਸੁਚੱਜੇ ਢੰਗ ਨਾਲ ਕਰ ਰਹੀਆਂ ਹਨ ਅਤੇ 16 ਸਾਲ ਮਗਰੋਂ ਵੀ ਦੂਰ ਦੁਰੇਡੇ ਤੋਂ ਆ ਕੇ ਲੜਕੀਆਂ ਸਿਲਾਈ ਸਿੱਖ ਰਹੀਆਂ ਹਨ। ਇਸ ਤੋਂ ਇਲਾਵਾ ਉਹਨਾ ਵਲੋ ਅਨੇਕਾਂ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਬਿਨਾ ਕਿਸੇ ਸਰਕਾਰੀ ਮੱਦਦ ਤੋ ਆਪਣੇ ਬਲਬੂਤੇ ਤੇ ਕੀਤਾ ਜਾ ਰਿਹਾ ਹੈ। ਇਸ ਮੌਕੇ ਜਨਰਲ ਸਕੱਤਰ ਪੰਜਾਬ ਡਾਕਟਰ ਹਰਿਕ੍ਰਿਸ਼ਨ ਨੇ ਕਿਹਾ ਕਿ ਭੈਣ ਮਨਜੀਤ ਕੌਰ ਜੀ ਦਾ ਇਹ ਉਪਰਾਲਾ ਬਹੁਤ ਹੀ ਸਲਾਘਾਯੋਗ ਹੈ। ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਸਾਡੇ ਲਈ ਬਹੁਤ ਹੀ ਮਾਣ ਵਾਲੀ ਗੱਲ ਕਿ ਸਾਨੂੰ ਅੱਜ ਭੈਣ ਮਨਜੀਤ ਕੌਰ ਬੋਲਾ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਇਸ ਤਰਾਂ ਦੀਆਂ ਸਖਸੀਅਤਾਂ ਦਾ ਸਨਮਾਨ ਕਰਨਾ ਹਰ ਇਕ ਸੁਸਾਇਟੀ ਦੇ ਲਈ ਮਾਣ ਵਾਲੀ ਗੱਲ ਹੈ।ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਵੀ ਇਸ ਤਰ੍ਹਾਂ ਦੀਆਂ ਸਖਸੀਅਤਾਂ ਦਾ ਸਨਮਾਨ ਕਰਦੀ ਰਹੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਜਸਪ੍ਰੀਤ ਸਿੰਘ ਬਾਜਵਾ ਵਾਈਸ ਪ੍ਰਧਾਨ ਜਿਲ੍ਹਾ ਨਵਾਂਸ਼ਹਿਰ ਵਾਈਸ, ਮੀਡੀਆ ਸਲਾਹਕਾਰ ਮਲਕੀਤ ਕੌਰ ਜੰਡੀ, ਨਿਸ਼ਾਨ ਲਾਲ ਲਾਡੀ ਬਲਾਕ ਪ੍ਰਧਾਨ ਬੰਗਾ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ ਅਤੇ ਨਵਕਾਂਤ ਭਰੋਮਜਾਰਾ ਆਦਿ ਹਾਜਿਰ ਸਨ।

# ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂ 'ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਸੂਬਾਈ ਪੈਨਸ਼ਨਰ ਰੈਲੀ ਕਰਨ ਦਾ ਭੇਜਿਆ ਨੋਟਿਸ - ਪੈਨਸ਼ਨਰ ਜੁਆਇੰਟ ਫਰੰਟ

**ਫਗਵਾੜਾ (ਬੀ. ਕੇ. ਰੱਤੂ)** ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਫ਼ਗਵਾੜਾ ਦੇ ਆਗੂਆਂ ਹੰਸ ਰਾਜ ਬੰਗੜ, ਮੋਹਣ ਸਿੰਘ ਭੱਟੀ ਅਤੇ ਰਾਜ ਕੁਮਾਰ ਦੁੱਗਲ ਦੀ ਪ੍ਰਧਾਨਗੀ ਹੇਠ ਟਾਊਨ ਹਾਲ ਫਗਵਾੜਾ ਦੇ ਪਾਰਕ ਵਿਖੇ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਰੈਲੀ ਕੀਤੀ।ਰੈਲੀ ਕਰਨ ਦੇ ਮਕਸਦ ਨੂੰ ਉਜਾਗਰ ਕਰਦਿਆਂ ਗਿਆਨ ਚੰਦ ਨਈਅਰ, ਕਰਨੈਲ ਸਿੰਘ ਸੰਧੂ,ਰਾਮ ਕ੍ਰਿਸ਼ਨ ਪ੍ਰਿੰਸੀਪਲ, ਜਸਵੀਰ ਸਿੰਘ ਸੈਣੀ, ਪਰਮਿੰਦਰ ਪਾਲ ਸਿੰਘ, ਤਾਰਾ ਸਿੰਘ ਬੀਕਾ,ਕੁਲਦੀਪ ਸਿੰਘ ਕੌੜਾ ਆਦਿ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ ਦਿੱਤੇ ਗਏ ਸੱਦੇ ਅਨੁਸਾਰ ਸਮੁੱਚੇ ਪੰਜਾਬ ਵਿੱਚ ਰੈਲੀਆਂ ਕਰਕੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਪੈਨਸ਼ਨਰਾਂ ਦੀ ਵਿਸ਼ਾਲ ਸੂਬਾਈ ਰੈਲੀ ਕਰਨ ਦੇ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਨੋਟਿਸ ਭੇਜੇ ਜਾ ਰਹੇ ਹਨ ਅਤੇ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਜਾ ਰਹੀ ਹੈ ਕਿ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਦਾ ਨਿਪਟਾਰਾ ਕਰਨ ਲਈ ਪੈਨਸ਼ਨਰ ਜੁਆਇੰਟ ਫਰੰਟ ਪੰਜਾਬ ਦੇ ਆਗੂਆਂ ਨਾਲ 15 ਅਕਤੂਬਰ ਤੋਂ ਪਹਿਲਾਂ ਪਹਿਲਾਂ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਦਾ ਐਲਾਨ ਕੀਤਾ ਜਾਵੇ । ਜੇਕਰ ਸਮੁੱਚੇ ਪੰਜਾਬ ਵਿੱਚੋਂ ਮੁੱਖ ਮੰਤਰੀ ਪੰਜਾਬ ਦੇ ਨਾਂ 'ਤੇ ਨੋਟਿਸ ਜਾਣ ਦੇ ਬਾਵਜੂਦ ਵੀ ਮੁੱਖ ਮੰਤਰੀ ਪੰਜਾਬ ਵਲੋਂ 15 ਅਕਤੂਬਰ ਤੱਕ ਪੈਨਸ਼ਨਰ ਜੁਆਇੰਟ ਫਰੰਟ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਨ ਲਈ ਕੋਈ ਵੀ ਹੁੰਗਾਰਾ ਨਹੀਂ ਭਰਿਆ ਜਾਂਦਾ ਤਾਂ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾਈ ਰੈਲੀ ਜ਼ਰੂਰ ਕੀਤੀ ਜਾਵੇਗੀ ਅਤੇ ਰੋਸ ਮਾਰਚ ਵੀ ਕੀਤਾ ਜਾਵੇਗਾ, ਜਿਸ ਲਈ ਜ਼ਿੰਮੇਵਾਰ ਮੁੱਖ ਮੰਤਰੀ ਪੰਜਾਬ ਨਿੱਜੀ ਤੌਰ ਤੇ




ਹੋਣਗੇ।ਵੱਖ -ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਰਤੀ ਭਰ ਵੀ ਗੰਭੀਰ ਨਹੀਂ ਹੈ। ਮੰਗਾਂ ਨੂੰ ਲਾਗੂ ਕਰਨ ਲਈ ਪਿਛਲੇ ਢਾਈ ਸਾਲਾਂ ਤੋਂ ਲਾਰੇ ਲੱਪੇ ਵਾਲੀ ਪਹੁੰਚ ਅਖਤਿਆਰ ਕੀਤੀ ਹੋਈ ਹੈ। ਮੁੱਖ ਮੰਤਰੀ ਪੰਜਾਬ ਸ।ਭਗਵੰਤ ਸਿੰਘ ਮਾਨ ਬੰਨਵੇਂ ਵਿਧਾਇਕਾਂ ਦੀ ਗਿਣਤੀ ਦੇ ਹੰਕਾਰ ਅਤੇ ਘੁਮੰਡ ਵਿੱਚ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਵਾਰ ਵਾਰ ਮੀਟਿੰਗ ਕਰਨ ਤੋਂ ਭੱਜ ਰਿਹਾ ਹੈ ਅਤੇ ਮੰਗਾਂ ਨੂੰ ਲਾਗੂ ਕਰਨ ਲਈ ਕੋਈ ਵੀ ਗੰਭੀਰਤਾ ਨਹੀਂ ਦਿਖਾ ਰਿਹਾ। ਬਹੁ ਗਿਣਤੀ ਪੈਨਸ਼ਨਰ ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਨੂੰ ਉਡੀਕਦੇ ਉਡੀਕਦੇ ਅਗਲੇ ਜਹਾਨ ਨੂੰ ਕੂਚ ਕਰ ਚੁੱਕੇ ਹਨ। ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਪੈਂਨਸ਼ਨ ਰੀਵਾਈਜ ਕਰਨ ਲਈ 2159 ਦਾ ਗੁਣਾਂਕ ਲਾਗੂ ਕਰਨ,ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਜਾਰੀ ਕਰਨ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਕਰਨ, ਕੈਸ਼ ਲੈੱਸ ਹੈਲਥ ਸਕੀਮ ਸੋਧ ਕੇ ਦੋਬਾਰਾ ਚਾਲੂ ਕਰਨ,ਡੀ ਏ ਦੀਆਂ 12 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਪਿਛਲੇ ਬਕਾਏ ਜਾਰੀ ਕਰਨ ਆਦਿ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵਲੋਂ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾਣ ਵਾਲੀ ਸੂਬਾਈ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇਗਾ। ਰੈਲੀ ਕਰਨ ਉਪਰੰਤ ਐਡੀਸ਼ਨਲ ਡਿਪਟੀ ਕਮਿਸ਼ਨਰ ਫ਼ਗਵਾੜਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਸ।ਭਗਵੰਤ ਸਿੰਘ ਮਾਨ ਦੇ ਨਾਂ ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾਈ ਰੈਲੀ ਅਤੇ ਰੋਸ ਮਾਰਚ ਕਰਨ ਦਾ ਨੋਟਿਸ ਭੇਜਿਆ ਗਿਆ ਅਤੇ 15 ਅਕਤੂਬਰ ਤੱਕ ਜੁਆਇੰਟ ਪੈਨਸ਼ਨਰ ਫਰੰਟ ਦੇ ਆਗੂਆਂ ਨਾਲ ਗੱਲਬਾਤ ਕਰਦੇ ਹੋਏ ਪੈਨਸ਼ਨਰਾਂ ਦੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਗਈ। ਰੈਲੀ ਕਰਨ ਉਪਰੰਤ ਐਡੀਸ਼ਨਲ ਡਿਪਟੀ ਕਮਿਸ਼ਨਰ ਅਤੇ ਐੱਸ ਡੀ ਐੱਮ ਦੀ ਗੈਰਮੌਜੂਦਗੀ ਵਿੱਚ ਸ।ਬਲਜਿੰਦਰ ਸਿੰਘ ਤਹਿਸੀਲਦਾਰ ਫ਼ਗਵਾੜਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਪੈਨਸ਼ਨਰ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਿਆ ਗਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸੋਢੀ ਰਾਮ ਭਬਿਆਣਾ,ਸੀਤਲ ਰਾਮ ਬੰਗਾ, ਗੁਰਮੇਲ ਚੰਦ, ਸਤਪਾਲ ਸਿੰਘ ਖੱਟਕੜ, ਹਰਚਰਨ ਭਾਰਤੀ, ਕੁਲਵੰਤ ਸਿੰਘ ਭਿੰਡਰ, ਬਲਵੀਰ ਚੰਦ, ਪ੍ਰਮੋਦ ਕੁਮਾਰ ਜੋਸ਼ੀ, ਤਰਸੇਮ ਲਾਲ, ਹਰਬਲਾਸ ਬਾਲੂ, ਹਰਭਜਨ ਲਾਲ ਕੌਲ, ਗਿਆਨ ਚੰਦ ਰੱਤੂ, ਗੁਰਨਾਮ ਸਿੰਘ ਸੈਣੀ, ਕ੍ਰਿਸ਼ਨ ਗੋਪਾਲ ਚੋਪੜਾ, ਭੁਪਿੰਦਰ ਸਿੰਘ ਮਾਹੀ, ਗੁਰਦੀਪ ਕੁਮਾਰ ਜੱਸੀ, ਜਸਪਾਲ ਸਿੰਘ ਕੰਦੋਲਾ, ਯਸ਼ ਪਾਲ, ਨਰਿੰਦਰ ਸ਼ਰਮਾ, ਕੇ ਕੇ ਪਾਂਡੇ, ਰਾਮ ਲੁਭਾਇਆ ਰਿਹਾਣਾ ਜੱਟਾਂ, ਸਤਪਾਲ ਮਹਿਮੀ, ਤਰਲੋਕ ਸਿੰਘ, ਸ਼੍ਰੀ ਰਾਮ,ਭਾਗ ਮੱਲ, ਤਰਸੇਮ ਲਾਲ ਗੁਰਾਇਆ, ਬਲਵੀਰ ਸਿੰਘ ਭੁਲਾਰਾਈ, ਜਸਵੀਰ ਭੰਗੂ, ਮਹਿੰਦਰ ਪਾਲ, ਲਸ਼ਕਰ ਸਿੰਘ, ਗੁਰਬਚਨ ਲਾਲ, ਹਰਦੇਵ ਸਿੰਘ, ਦਿਲਬਰ ਸਿੰਘ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ।

# ਸਾਲਾਂ ਤੋਂ ਠੇਕੇਦਾਰੀ ਸਿਸਟਮ ਦਾ ਸੰਤਾਪ ਭੋਗ ਰਹੇ ਸਫਾਈ ਸੇਵਕਾਂ ਨੂੰ ਰੈਗੂਲਰ ਕੀਤਾ ਜਾਵੇ - ਤੁਲਸੀ ਰਾਮ ਖੋਸਲਾ

**ਫਗਵਾੜਾ (ਬੀ.ਕੇ. ਰੱਤੂ)** ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਮੀਤ ਪ੍ਰਧਾਨ ਤੁਲਸੀ ਰਾਮ ਖੋਸਲਾ ਅਤੇ ਵਾਲਮੀਕਿ ਸੰਸਥਾ ਦੇ ਪ੍ਰਧਾਨ ਤੇ ਸਾਬਕਾ ਮੇਹਟ ਸਫਾਈ ਸੇਵਕ ਅਸ਼ੋਕ ਕੁਮਾਰ ਜੋਗਾ ਨੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਅੰਦਰ ਲੰਬੇ ਸਮੇ ਤੋ ਸਫਾਈ ਸੇਵਕ ਅਤੇ ਸੀਵਰਮੈਨ, ਠੇਕੇਦਾਰੀ ਸਿਸਟਮ ਅੰਦਰ ਕੰਮ ਕਰ ਰਹੇ ਹਨ ਜਿਹਨਾ ਨੂੰ ਕਰੀਬ 10 ਤੋ 15 ਸਾਲ ਤੋਂ ਠੇਕੇਦਾਰੀ ਸਿਸਟਮ ਦਾ ਸੰਤਾਪ ਸਿਰਫ ਇਸ ਉਮੀਦ ਦੇ ਨਾਲ ਭੋਗਣਾ ਪੈ ਰਿਹਾ ਹੈ ਕਿ ਕਦੇ ਉਹ ਵੀ ਸਰਕਾਰੀ



ਮੁਲਾਜਮਾਂ ਵਿਚ ਸ਼ਾਮਲ ਹੋਣਗੇ। ਪਰ ਬੜੀ ਦੁਖਦਾਈ ਗੱਲ ਹੈ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਇਹਨਾ ਨੂੰ ਲਾਰਿਆਂ ਤੋ ਸਵਾਏ ਕੁਝ ਵੀ ਨਹੀ ਦਿੱਤਾ । ਤੁਲਸੀ ਰਾਮ ਖੋਸਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਫਾਈ ਸੇਵਕ ਅਤੇ ਸੀਵਰਮੈਨਾ ਨੂੰ ਬਿਨਾ ਦੇਰੀ ਰੈਗੂਲਰ ਕੀਤਾ ਜਾਵੇ ਕਿਉਂਕਿ ਇਹ ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ ਨੂੰ ਸਾਫ ਸੁਥਰਾ ਪ੍ਰਦੂਸ਼ਣ ਰਹਿਤ ਵਾਤਾਵਰਣ ਦੇਣ ਦੇ ਨਾਲ ਭਾਰਤ ਦੇ 140 ਕਰੋੜ ਲੋਕਾਂ ਲਈ ਸਾਫ ਸੁਥਰੀ ਤੇ ਲੰਬੀ ਜਿੰਦਗੀ ਜੀਉਣ ਵਿਚ ਅਹਿਮ ਰੋਲ ਅਦਾ ਕਰਦੇ ਹਨ । ਖੋਸਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮਾਣਯੋਗ ਗਵਰਨਰ ਸਾਹਿਬ ਪੰਜਾਬ ਨੂੰ ਪੱਤਰ ਲਿਖਕੇ ਇਹਨਾਂ ਸਫਾਈ ਸੇਵਕ ਅਤੇ ਸੀਵਰਮੈਨਾ ਨੂੰ ਬਿਨਾ ਦੇਰੀ ਬਿਨਾ ਸ਼ਰਤ ਰੈਗੂਲਰ ਕਰਨ ਦੀ ਬੇਨਤੀ ਕੀਤੀ ਗਈ ਹੈ ਅਤੇ ਬਤੌਰ ਡੈਪੁਟੇਸ਼ਨ ਮਿਲਣ ਲਈ ਸਮੇ ਦੀ ਮੰਗ ਵੀ ਕੀਤੀ ਹੈ। ਉਹਨਾ ਕਿਹਾ ਕਿ ਪੰਜਾਬ ਸਰਕਾਰ ਨੂੰ ਤਲੱਬ ਕਰਕੇ ਬਿਨਾ ਦੇਰੀ ਬਿਨਾ ਸ਼ਰਤ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਰੈਗੂਲਰ ਕੀਤਾ ਜਾਵੇ। ਉਹਨਾਂ ਦੱਸਿਆ ਕਿ ਇਕ ਵੱਖਰਾ ਪੱਤਰ ਲਿਖਕੇ ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੋਂ ਵੀ ਮੰਗ ਕੀਤੀ ਗਈ ਹੈ ਕਿ ਪੂਰੇ ਭਾਰਤ ਦੇ ਸਫਾਈ ਸੇਵਕ ਅਤੇ ਸੀਵਰਮੈਨ ਜੋ ਕਿ ਆਪਦੇ ਬੱਚਿਆਂ ਦੀ, ਪਰਿਵਾਰ ਦੀ ਅਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼ ਵਾਸੀਆ ਨੂੰ ਲੰਬੀ ਜਿੰਦਗੀ ਜੀਣ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਦਿੰਦੇ ਹਨ ਪਰ ਖੁਦ ਆਪਣੀ ਜਿੰਦਗੀ ਗੰਦਗੀ ਵਿਚ ਭੋਗ ਰਹੇ ਹਨ ਅਤੇ ਸਭ ਤੋ ਵੱਧ ਸੋਸ਼ਣ ਦਾ ਸ਼ਿਕਾਰ ਹਨ। ਸਮੇ ਦੀਆਂ ਸਰਕਾਰਾਂ ਅਤੇ ਠੇਕੇਦਾਰੀ ਪ੍ਰਥਾ ਨੇ ਇਹਨਾ ਦਾ ਸੋਸ਼ਣ ਕੀਤਾ ਹੈ। ਇਸ ਲਈ ਪਾਰਲੀਮੈਂਟ ਵਿਚ ਇਸ ਮੁੱਦੇ ਨੂੰ ਉਠਾਇਆ ਜਾਵੇ ਤਾਂ ਜੋ ਸਫਾਈ ਸੇਵਕਾਂ ਦੀ ਬਿਨਾ ਸ਼ਰਤ ਰੈਗੂਲਰ ਭਰਤੀ ਹੋ ਸਕੇ। ਵਾਲਮੀਕਿ ਸਮਾਜ ਦੇ ਪ੍ਰਧਾਨ ਸਤਪਾਲ ਮੱਟੂ ਨੇ ਵੀ ਕਿਹਾ ਕਿ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਨੂੰ ਵਾਰ-ਵਾਰ ਪੱਕੇ ਹੋਣ ਲਈ ਧਰਨੇ ਮੁਜਾਹਿਰੇ ਕਰਨੇ ਪੈਂਦੇ ਹਨ। ਲੇਕਿਨ ਹਰ ਵਾਰ ਝੂਠੇ ਲਾਰੇ ਲਗਾ ਕੇ ਸਾਰ ਦਿੱਤਾ ਜਾਂਦਾ ਹੈ। ਇਸ ਮੌਕੇ ਸੀਨੀਅਰ ਕਾਂਗਰਸ ਆਗੂ ਈਸ਼ਰ ਦਾਸ ਸੇਠੀ, ਅਮਰ ਨਾਥ ਮੱਟੂ, ਬੋਬੀ ਨਾਹਰ, ਵਿਨੋਦ ਸੋਂਧੀ, ਵਿਸ਼ਾਲ ਸੱਭਰਵਾਲ, ਧੀਰਜ ਘਈ, ਨੋਹਰੀ ਰਾਮ ਪ੍ਰਧਾਨ, ਜੋਗਾ ਰਾਮ ਸਕੱਤਰ ਆਦਿ ਵੀ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 2364 ਅਧਿਆਪਕਾਂ ਦੇ ਨਿਯੁਕਤੀ ਪੱਤਰ ਤੁਰੰਤ ਜਾਰੀ ਕਰੇ ਸਰਕਾਰ - ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ

**ਫਗਵਾੜਾ (ਬੀ.ਕੇ. ਰੱਤੂ)** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਸ੍ਰੀ ਸਤਵੰਤ ਸਿੰਘ ਟੂਰਾ, ਵਿੱਤ ਸਕੱਤਰ ਸ੍ਰੀ ਮਨਜੀਤ ਗਾਟ, ਜਨਰਲ ਸਕੱਤਰ ਲਖਵੀਰ ਚੰਦ, ਗਿਆਨ ਚੰਦ ਵਾਹਦ, ਸੰਤੋਖ ਸਿੰਘ ਮੱਲ੍ਹੀ,ਵਿਨੋਦ ਕੁਮਾਰ ਬਲਵਿੰਦਰ ਨਿਧੜਕ, ਸੁਖਦੇਵ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਅਤੇ ਸਰਕਾਰ ਦੀ ਅਲੋਚਨਾਂ ਕਰਦਿਆਂ ਕਿਹਾ ਕਿ ਈਟੀਟੀ 2364 ਅਧਿਆਪਕ ਲੰਮੇ ਸਮੇਂ ਤੋਂ ਆਪਣੀ ਨਿਯੁਕਤੀ ਦਾ ਇੰਤਜ਼ਾਰ ਕਰ ਰਹੇ ਹਨ ਪਰ ਸਰਕਾਰ ਉਹਨਾਂ ਨੂੰ ਨਿਯੁਕਤੀ ਪੱਤਰ ਦੇਣ ਦੀ ਬਜਾਏ ਉਹਨਾਂ ਨੂੰ ਸਿਰਫ਼ ਲਾਰੇ ਲਾ ਰਹੀ ਹੈ। ਉਹਨਾਂ ਆਖਿਆ ਕਿ ਜੇਕਰ ਇਹਨਾਂ ਅਧਿਆਪਕਾਂ ਦੀ ਗੱਲ ਕਰੀਏ ਤਾਂ ਬਹੁਤ ਸੰਘਰਸ਼ ਕਰਕੇ ਇਹ ਅਧਿਆਪਕ ਇਥੇ ਤੱਕ ਪਹੁੰਚੇ ਹਨ, ਤੇ ਹੁਣ ਕੇਵਲ ਨਿਯੁਕਤੀ ਪੱਤਰ ਹੀ ਦੇਣੇ ਰਹਿੰਦੇ ਹਨ ਬਾਕੀ ਸਾਰਾ ਕੰਮ ਹੋ ਚੁੱਕਾ ਹੈ। ਪਰ ਹਰ ਰੋਜ਼ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਇਹ ਭਰਤੀ ਨੂੰ ਵਿਭਾਗ ਵੱਲੋਂ ਲਮਕਾਇਆ ਜਾ ਰਿਹਾ ਹੈ। ਇਹ ਅਧਿਆਪਕ ਵਿਭਾਗ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਚੁੱਕੇ ਹਨ ਇਸਦੇ ਬਾਵਜੂਦ ਵੀ ਇਹਨਾ ਅਧਿਆਪਕਾਂ ਨੂੰ ਇੰਤਜਾਰ ਕਰਨਾ ਪੈ ਰਿਹਾ ਹੈ ਜਿਸ ਨਾਲ ਇਹਨਾ ਨੂੰ ਮਾਨਸਿਕ ਪਰੇਸ਼ਾਨੀ ਝੱਲਣੀ ਪੈ ਰਹੀ ਹੈ। ਜਿੱਥੇ ਅਧਿਆਪਕ ਖੁਦ ਪ੍ਰੇਸ਼ਾਨ ਹਨ, ਓਥੇ ਇਹਨਾ ਦੇ ਮਾਪੇ ਵੀ ਹਰ ਰੋਜ ਦੀ ਹੋ ਰਹਿ ਦੇਰੀ ਕਰਕੇ ਪ੍ਰੇਸ਼ਾਨੀ ਝੱਲ ਰਹੇ ਹਨ ਇਹਨਾਂ ਅਧਿਆਪਕਾਂ ਨੂੰ ਹੁਣ ਘਰੇ ਅਤੇ ਬਾਹਰ ਦੋਨੋਂ ਜਗ੍ਹਾ ਤੇ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਅਧਿਆਪਕ ਬਾਹਰ ਹੁੰਦੇ ਹਨ ਤਾਂ ਮਾਪਿਆਂ ਨੂੰ ਚਿੰਤਾ ਸਤਾਉਂਦੀ ਹੈ ਕਿ ਇਹ



ਕਿੱਦਾਂ ਹੋਣਗੇ ਠੀਕ ਹੋਣਗੇ ਕੀ ਰੋਟੀ ਖਾਧੀ ਹੋਣੀ ਜਾ ਨਹੀਂ ਸੋ ਕਿਤੇ ਨਾ ਕਿਤੇ ਹੋ ਰਹੀ ਦੇਰੀ ਕਰਕੇ ਸਾਰਿਆਂ ਨੂੰ ਪ੍ਰੇਸ਼ਾਨੀ ਝਲਣੀ ਪੈ ਰਹੀ ਹੈ। ਸ੍ਰੀ ਟੂਰਾ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਦਾਅਵਾ ਕਰਨ ਵਾਲੀ ਸਰਕਾਰ ਅੱਜ ਸਕੂਲਾਂ ਵਿੱਚ ਹਜ਼ਾਰਾਂ ਪੋਸਟਾਂ ਖਾਲੀ ਹੋਣ ਦੇ ਬਾਵਜੂਦ 2364 ਭਰਤੀ ਨੂੰ ਪੂਰਾ ਨਹੀਂ ਕਰ ਰਹੀ।

ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀਂ ਹੈ ਅਤੇ ਅਨੇਕਾਂ ਸਕੂਲ ਸਿੰਗਲ ਟੀਚਰ ਸਕੂਲ ਹੋਣ ਕਰਕੇ ਅਤੇ ਵਿਭਾਗ ਵੱਲੋਂ ਨਿੱਤ ਭੇਜੀਆਂ ਜਾ ਰਹੀਆਂ ਡਾਕਾਂ ਨੂੰ ਬਣਾਉਣ ਦੇ ਕੰਮਾਂ ਕਰਕੇ ਇਹਨਾਂ ਸਕੂਲਾਂ ਵਿੱਚ ਪੜ ਰਹੇ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਨਾਲ ਇਨਸਾਫ਼ ਨਹੀਂ ਹੋ ਰਿਹਾ। ਜੇਕਰ ਸਰਕਾਰ ਸੱਚਮੁੱਚ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਗਰੀਬ ਪਰਿਵਾਰਾਂ ਦੇ ਬੱਚਿਆਂ ਪ੍ਰਤੀ ਸੁਹਿਰਦ ਹੈ ਤਾਂ ਅਧਿਆਪਕਾਂ ਦੀ ਕਮੀਂ ਨੂੰ ਪੂਰਾ ਕਰੇ। ਸਿੱਖਿਆ ਦਾ ਪੱਧਰ ਉੱਚਾ ਚੁੱਕਣ ਦਾ ਦਾਅਵਾ ਕਰਕੇ ਸੱਤਾ ਵਿੱਚ ਆਈ ਸਰਕਾਰ ਵਲੋ ਪਿੱਛਲੇ ਚਾਰ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਇਹ ਭਰਤੀ ਨੂੰ ਲਮਕਾਇਆ ਜਾ ਰਿਹਾ। ਜੇਕਰ ਸਰਕਾਰ ਅਸਲੀਅਤ ਵਿੱਚ ਸਿੱਖਿਆ ਦਾ ਪੱਧਰ ਉਚਾ ਚੁੱਕਣ ਦਾ ਦਮ ਰੱਖਦੀ ਹੈ ਤਾਂ ਤੁਰੰਤ ਸਰਕਾਰ ਇਹਨਾਂ ਦੇ ਮਸਲੇ ਹੱਲ ਕਰੇ ਨਹੀਂ ਫ਼ਿਰ ਮਜਬੂਰਨ ਇਹਨਾਂ ਨੂੰ ਤਿੱਖੇ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ।

ਫੈਡਰੇਸ਼ਨ ਵਲੋਂ ਇਹਨਾਂ ਅਧਿਆਪਕਾਂ ਦੇ ਸੰਘਰਸ਼ ਦੀ ਪੂਰਨ ਹਮਾਇਤ ਕੀਤੀ ਗਈ ਅਤੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਤੁਰੰਤ ਇਹਨਾਂ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ ਜਾਣ ਤਾਂ ਜੋ ਇਹ ਧਰਨੇ ਮੁਜ਼ਾਹਰਿਆਂ ਦਾ ਰਾਹ ਛੱਡ ਕੇ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੇ ਨਿਰਮਾਣ ਵਿੱਚ ਆਪਣਾ ਸਾਕਾਰਾਤਮਕ ਯੋਗਦਾਨ ਪਾਉਣ। ਇਸ ਮੌਕੇ ਤੇ ਕਮਲੇਸ਼ ਸੰਧੂ, ਸਤਨਾਮ ਗਿੱਲ, ਪਵਨ ਕੁਮਾਰ, ਅਮਰਿੰਦਰ ਸਿੰਘ ਕੁਲਦੀਪ ਰਾਮ, ਜਸਵੀਰ ਕੁਮਾਰ, ਬਲਵਿੰਦਰ ਮਸੀਹ, ਅਜੀਤ ਸਿੰਘ, ਪਰਮਜੀਤ ਲਾਲ, ਮਨਜੀਤ ਦਾਸ ਡੌਲ਼ਾ, ਸੋਹਨ ਲਾਲ, ਸੰਤੋਸ਼ ਕੁਮਾਰ, ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਸੁਖਚੈਨ ਬੋਹਾ, ਰਜਿੰਦਰ ਸਿੰਘ, ਤਰਸੇਮ,ਓਮ ਪ੍ਰਕਾਸ਼ ਆਦਿ ਦਾ ਹਾਜ਼ਰ ਸਨ।

# ਬੇਟੀਆ ਨਾਲ ਚੱਲਦਾ ਹੈ ਸਮਾਜ, ਬੇਟੀਆਂ ਪ੍ਰਤੀ ਸੋਚ ਬਦਲਣ ਦੀ ਜ਼ਰੂਰਤ - ਡਾ: ਰਾਜ ਕੁਮਾਰ ਚੱਬੇਵਾਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਦੀ ਅਗਵਾਈ ਵਿਚ ਸੀ.ਡੀ.ਪੀ.ਓ ਹੁਸ਼ਿਆਰਪੁਰ-2 ਦਇਆ ਰਾਣੀ ਵੱਲੋਂ ਪਿੰਡ ਜਿਆਣ ਦੇ ਕਮਿਊਨਿਟੀ ਹਾਲ ਵਿੱਚ ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਤਹਿਤ ਨਵਜੰਮੀਆਂ ਬੱਚੀਆਂ ਦਾ ਜਨਮ ਦਿਨ ਮਨਾਇਆ ਗਿਆ।ਇਸ ਮੌਕੇ ਲੋਕ ਸਭਾ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਐਸ. ਡੀ. ਐਮ ਸੰਜੀਵ ਕੁਮਾਰ ਵੀ ਮੌਜੂਦ ਸਨ।




ਮੁੱਖ ਮਹਿਮਾਨ ਨੇ 10 ਨਵਜੰਮੀਆਂ ਬੱਚੀਆਂ ਦੇ ਨਾਂ 'ਤੇ ਪਲੇਅ ਗਰਾਊਂਡ ਜਿਆਣ ਵਿਚ ਪੌਦੇ ਲਗਾਏ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੱਚੀਆਂ ਦੇ ਨਾਮ ਦਾ ਕੇਕ ਵੀ ਕੱਟਿਆ ਗਿਆ। ਲੋਕ ਸਭਾ ਮੈਂਬਰ ਡਾ: ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਸਾਰਾ ਸਮਾਜ ਸਾਡੀਆਂ ਧੀਆਂ ਨਾਲ ਹੀ ਚੱਲਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਸਾਨੂੰ ਆਪਣੀਆਂ ਧੀਆਂ ਨੂੰ ਬਚਾਉਣ ਅਤੇ ਸਿੱਖਿਅਤ ਕਰਨ ਦੀ ਲੋੜ ਹੈ, ਉੱਥੇ ਹੀ ਮਰਦ ਸਮਾਜ ਨੂੰ ਵੀ ਆਪਣੀ ਮਾਨਸਿਕ ਸੋਚ ਬਦਲਣ ਦੀ ਲੋੜ ਹੈ ਤਾਂ ਜੋ ਸਾਡੀਆਂ ਬੇਟੀਆਂ ਸਮਾਜ ਵਿੱਚ ਸੁਰੱਖਿਅਤ ਰਹਿ ਸਕਣ।ਲੋਕ ਸਭਾ ਮੈਂਬਰ ਨੇ ਕਿਹਾ ਕਿ ਔਰਤਾਂ ਕਿਸੇ ਵੀ ਖੇਤਰ ਵਿੱਚ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਵਿਭਾਗ ਨੇ ਬੇਟੀਆਂ ਦੇ ਨਾਮ 'ਤੇ ਪੌਦੇ ਲਗਾ ਕੇ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆ ਬੇਟੀਆ ਨੂੰ ਸਨਮਾਨਿਤ ਕਰਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਦੌਰਾਨ ਪੋਸ਼ਣ ਮਹੀਨੇ ਦੇ ਮੱਦੇਨਜ਼ਰ ਘੱਟ ਖਰਚੇ 'ਤੇ ਤਿਆਰ ਪੌਸ਼ਟਿਕ ਗੁਣਵੱਤਾ ਵਾਲੇ ਪਕਵਾਨਾਂ ਦਾ ਸਟਾਲ ਵੀ ਲਗਾਇਆ ਗਿਆ। ਇਸ ਮੌਕੇ ਸੀ.ਡੀ.ਪੀ.ਓ ਭੂੰਗਾ ਜਸਵਿੰਦਰ ਕੌਰ, ਸੀਡੀ.ਪੀ.ਓ ਹੁਸ਼ਿਆਰਪੁਰ-1 ਰਵਿੰਦਰ ਕੌਰ, ਐਸ.ਐਮ.ਓ ਮਨ-ਪ੍ਰੀਤ ਸਿੰਘ ਬੈਂਸ, ਸਾਬਕਾ ਸਰਪੰਚ ਪਰਮਜੀਤ ਕੌਰ, ਰਵਿੰਦਰ ਕੌਰ, ਅਰਸ਼ਦੀਪ ਕੌਰ ਆਦਿ ਹਾਜ਼ਰ ਸਨ।

# ਰਬਿੰਦਰ ਸ਼ਰਮਾ ਦੇ ਪਲੇਠੇ ਕਾਵਿ ਸੰਗ੍ਰਹਿ "ਮੋਹ ਦੀਆਂ ਰਿਸ਼ਮਾਂ" ਦਾ ਲੋਕ ਅਰਪਣ

ਸ਼ਹੀਦ ਉੱਧਮ ਸਿੰਘ ਵੈਲਫੇਅਰ ਸੈਂਟਰ ਦੇ ਹਾਲ ਵਿਚ ਭਾਰਤੀ ਮਜ਼ਦੂਰ ਸਭਾ ਗ੍ਰੇਟ ਬ੍ਰਿਟੇਨ ਬਰਮਿੰਘਮ ਅਤੇ ਬਲੈਕ ਕੰਟਰੀ ਬ੍ਰਾਂਚ, (ਯੂ.ਕੇ) ਵਲੋਂ ਰਬਿੰਦਰ ਸ਼ਰਮਾਂ ਦੇ ਪਲੇਠੇ ਕਾਵਿ ਸੰਗ੍ਰਹਿ "ਮੋਹ ਦੀਆਂ ਰਿਸ਼ਮਾਂ" ਦਾ ਲੋਕ ਅਰਪਣ ਤੇ ਵਿਚਾਰ ਚਰਚਾ ਕੀਤੀ ਗਈ। ਸਟੇਜ ਦੀ ਕਾਰਵਾਈ ਲਵਕੇਸ਼ ਪਰਾਸ਼ਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਵਿੱਚ ਤਾਰੀ ਅਟਵਾਲ, ਹਰਜੀਤ ਕਾਹਮਾ, ਧਰਮ ਚੰਦ ਮਹੇ, ਫ਼ਕੀਰ ਚੰਦ ਚੌਹਾਨ, ਜੋਰਾ ਸਿੰਘ ਖ਼ਿਆਲੀ, ਅਸ਼ਨੀ ਬੱਧਨ, ਤਾਰਾ ਸਿੰਘ ਤਾਰਾ ਨੇ ਨਜਮਾਂ ਪੜ੍ਹੀਆਂ। ਰਬਿੰਦਰ ਸ਼ਰਮਾਂ ਨੇ ਮਹਿਰੂਮ ਸ਼ਾਇਰ ਸੁਰਜੀਤ ਪਾਤਰ ਦੀ ਯਾਦ ਵਿੱਚ ਉਸ ਦੀ ਗ਼ਜ਼ਲ "ਕੋਈ ਦਸਤਾਰ ਰੱਤ ਲਿੱਬੜੀ ਕੋਈ ਤਲਵਾਰ ਆਈ ਹੈ" ਦੇ ਸ਼ੇਅਰ ਨਾਲ ਸੁਰੂਆਤ ਕਰਦੇ ਹੋਏ ਆਪਣੀ ਕਿਤਾਬ ਦੀਆਂ ਹੇਠਲੀਆਂ ਕਵਿਤਾਵਾਂ ਦਾ ਪਾਠ ਕੀਤਾ:

"ਕਾਹਦੇ ਲਈ ਦਿੱਲੀਏ ਘੁਮੰਡ ਹੋ ਗਿਆ" "ਫਿਰ ਆਖੀਏ ਵਾਰਿਸ ਸ਼ਾਹ ਨੂੰ"



"ਵੋਟ ਮੈਂ ਕਿਹਨੂੰ ਪਾਵਾਂ"
"ਪੋਤੇ ਦੇ ਜਨਮ ਤੇ"
"ਗ਼ਜ਼ਲ" (ਜਿਹਦੇ ਭਰੇ ਖ਼ਜ਼ਾਨੇ ਹੁੰਦੇ।।)
"ਤੁਰ ਗਏ ਹੋ ਪ੍ਰਦੇਸ਼"

ਕਿਤਾਬ ਬਾਰੇ ਡਾ. ਹਰੀਸ਼ ਮਲਹੋਤਰਾ ਵੱਲੋਂ ਕਿਤਾਬ ਤੇ ਵਿਸਥਾਰਤ ਚਰਚਾ ਕੀਤੀ ਅਤੇ ਕਿਤਾਬ ਬਾਰੇ ਆਪਣਾ ਰੀਵਿਊ ਦਿੱਤਾ।

ਸੀਤਲ ਗਿੱਲ ਜਨਰਲ ਸਕੱਤਰ ਯੂ.ਕੇ. (ਲਿਸਟਰ) ਨੇ ਕਿਤਾਬ ਨੂੰ ਸੱਚੀ, ਅਗਾਂਹਵਧੂ ਅਤੇ ਮਾਨਵਤਾਵਾਦੀ ਕਹਿੰਦੇ ਹੋਏ ਦਸਿਆ ਕਿ ਰਬਿੰਦਰ ਸ਼ਰਮਾਂ ਨਾਲ ਉਨ੍ਹਾਂ ਦੀ 50 ਸਾਲਾਂ ਦੀ ਸਾਂਝ ਹੈ ਜੋ ਅੱਗੇ ਤੋਂ ਅੱਗੇ ਗੂੜ੍ਹੀ ਹੋਈ ਹੈ। ਸ਼ੀਰਾ ਜੋਹਲ, ਸਭਾ ਦੇ ਪ੍ਰਧਾਨ ਨੇ ਭਾਸ਼ਨ ਵਿੱਚ ਕਿਹਾ ਕਿ ਇਹ ਕਿਤਾਬ ਸਰਲ ਤੇ ਆਮ ਆਦਮੀ ਦੇ ਸਮਝ ਆਉਣ ਵਾਲੀ, ਪ੍ਰਗਤੀਸ਼ੀਲ ਸੋਚ ਵਾਲੀ ਹੈ ਜੋ ਸਮਾਜ ਨੂੰ ਚੰਗਾ ਸੁਨੇਹਾ ਦਿੰਦੀ ਹੈ। ਸਭਾ ਦੇ ਸਰਗਰਮ ਮੈਂਬਰ ਭਾਰਤ ਭੂਸ਼ਨ, ਭਗਵੰਤ ਸਿੰਘ, ਕੈਪਟਨ ਨੈਯਰ, ਕਮਲ ਮਰਾਲ, ਰਗੀਬ , ਰਾਜਪਾਲ ਅਤੇ ਜਗਰੂਪ ਸਮਰਾ ਨੇ ਸਮਾਗਮ ਦੀ ਕਾਮਜਾਬੀ ਲਈ ਆਪਣਾ ਵਡਮੁੱਲਾ ਯੋਗਦਾਨ ਦਿੱਤਾ। ਇਨ੍ਹਾਂ ਤੋਂ ਇਲਾਵਾ ਹੋਰ ਸਰਗਰਮ ਸ਼ਖਸੀਅਤਾਂ ਹਰਮੇਸ਼ ਨਾਰ, ਕੁਲਵੀਰ ਬੈਂਸ , ਹਰਦੇਵ ਜੱਜ, ਪਾਸ਼ , ਸੰਤੋਸ਼ ਕੁਰਲ, ਅਸਵਨੀ, ਮੰਜੂ ਅਤੇ ਤਰੁਣ ਸ਼ਰਮਾਂ ਨੇ ਪਰਿਵਾਰ ਸਾਹਿਤ ਸ਼ਿਰਕਤ ਕੀਤੀ।

ਅੰਤ ਇਹ ਸਮਾਗਮ ਰਬਿੰਦਰ ਸ਼ਰਮਾਂ ਦੀ ਨਜ਼ਮ "ਤੁਰ ਗਏ ਹੋ ਪ੍ਰਦੇਸ਼" ਨਾਲ ਗਦਰੀ ਬਾਬਿਆਂ ਦਾ ਸੰਦੇਸ਼ ਦਿੰਦਾ ਹੋਇਆ ਸਫ਼ਲ ਹੋ ਨਿਬੜਿਆ।

**– ਲਵਕੇਸ਼ ਪਰਾਸ਼ਰ +447774 627368**

# ਭਾਸ਼ਾ ਵਿਭਾਗ ਨੇ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਲਗਾਈ ਪੁਸਤਕ ਪ੍ਰਦਰਸ਼ਨੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਵੱਲੋਂ ਪੰਜਾਬੀ ਵਿਭਾਗ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਵਿੱਚ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਕਾਲਜ ਦੇ ਵਿਹੜੇ ਵਿਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਅਨੀਤਾ ਸਾਗਰ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ। ਜਸਵੰਤ ਰਾਏ ਨੇ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪਾਠਕਾਂ ਨੂੰ ਪੁਸਤਕਾਂ ਨਾਲ ਜੋੜਨ ਲਈ ਸਮੇਂ-ਸਮੇਂ 'ਤੇ ਪੁਸਤਕ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਭਾਸ਼ਾ ਵਿਭਾਗ ਦੀਆਂ ਪੁਸਤਕਾਂ ਬਹੁਤ ਸਸਤੀਆਂ ਅਤੇ ਮਿਆਰੀ ਹਨ। ਮਨੁੱਖ ਵਿਚ ਸੰਵੇਦਨਾ ਪੈਦਾ ਕਰਨ ਲਈ ਇਨ੍ਹਾਂ ਪੁਸਤਕਾਂ ਨਾਲ ਸਾਂਝ ਪਾਉਣੀ ਬਹੁਤ ਉਪਯੋਗੀ ਹੈ। ਦੁਨੀਆ ਦੇ ਬੇਹਤਰ ਸਮਾਜਾਂ ਦੀ ਬਣਤਰ ਅਤੇ ਬੁਣਤਰ ਪਿੱਛੇ ਕਿਤਾਬਾਂ ਦਾ ਹੀ ਹੱਥ ਹੁੰਦਾ ਹੈ। ਪ੍ਰਸਿੱਧ ਕਹਾਣੀਕਾਰ ਡਾ। ਸਾਵਲ ਧਾਮੀ ਨੇ ਕਿਤਾਬਾਂ ਨੂੰ ਅਜ਼ੀਮ ਖ਼ਜ਼ਾਨਾ ਦੱਸਦਿਆਂ ਕਿਹਾ ਕਿ ਹਰੇਕ ਪੰਜਾਬੀ ਦੇ ਘਰ ਕਿਤਾਬਾਂ ਦਾ ਇੱਕ ਕੋਨਾ ਹੋਣਾ ਬਹੁਤ ਜ਼ਰੂਰੀ ਹੈ। ਇਹ ਸਾਡੇ ਦਿਮਾਗ਼ ਦੇ ਕਪਾਟ ਖੋਲ੍ਹਦੀਆਂ ਹਨ। ਕਾਲਜ ਦੇ ਵਿਦਿਆਰਥੀਆਂ ਨੇ ਇਸ ਪੁਸਤਕ ਪ੍ਰਦਰਸ਼ਨੀ ਵਿਚ ਡਾਹਡੀ ਰੁਚੀ ਦਿਖਾਉਂਦਿਆਂ ਮਹਾਨ ਕੋਸ਼, ਮੁਹਾਵਰਾ ਕੋਸ਼, ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ, ਪ੍ਰੋ. ਮੋਹਨ ਸਿੰਘ ਕਾਵਿ, ਰਾਮਾਇਣ ਅਤੇ ਵਰ ਘਰ ਵਰਗੀਆਂ ਪੁਸਤਕਾਂ ਦੀ ਦਿਲ ਖੋਲ੍ਹ ਕੇ ਖਰੀਦਦਾਰੀ ਕੀਤੀ। ਪ੍ਰਿੰਸੀਪਲ ਅਨੀਤਾ ਸਾਗਰ ਨੇ ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਦੀ ਇਸ ਪੁਸਤਕ ਪ੍ਰਦਰਸ਼ਨੀ ਲਈ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਇਸ ਦਾ ਆਯੋਜਨ ਕਾਲਜ ਵਿਚ ਹਰ ਮਹੀਨੇ ਕਰ ਲਿਆ ਜਾਵੇ ਤਾਂ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਲਾਹੇਬੰਦ ਰਹੇਗਾ।



ਇਸ ਮੌਕੇ ਲਵਪ੍ਰੀਤ, ਲਾਲ ਸਿੰਘ, ਪ੍ਰੋ. ਸੁਮਨ, ਪ੍ਰੋ. ਸੁਖਦੀਪ ਕੌਰ, ਪ੍ਰੋ. ਨਵਦੀਪ ਕੌਰ, ਪ੍ਰੋ. ਭੁਪਿੰਦਰ ਕੌਰ ਵੀ ਹਾਜ਼ਰ ਰਹੇ।

# ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਨੇ ਕੇਂਦਰੀ ਜੇਲ੍ਹ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਐਸ.ਏ.ਐਸ ਨਗਰ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਮਨਜਿੰਦਰ ਸਿੰਘ ਨੇ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜ ਪਾਲ ਰਾਵਲ ਵੀ ਮੌਜੂਦ ਸਨ। ਦੌਰੇ ਦੌਰਾਨ ਉਨ੍ਹਾਂ ਜੇਲ੍ਹ ਦੇ ਕੈਦੀਆਂ/ਬੰਦੀਆਂ ਦੀਆਂ



ਸਮੱਸਿਆਵਾਂ ਸੁਣੀਆਂ ਅਤੇ ਕੇਂਦਰੀ ਜੇਲ੍ਹ ਸੁਪਰਡੈਂਟ ਨੂੰ ਉਨ੍ਹਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਕੈਦੀਆਂ ਦੀ ਸਿਹਤ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਜੇਲ੍ਹ ਵਿੱਚ ਪਰੋਸੇ ਜਾ ਰਹੇ ਖਾਣੇ ਦੀ ਗੁਣਵੱਤਾ ਦੀ ਜਾਂਚ ਕਰਨ ਲਈ ਰਸੋਈ ਦਾ ਨਿਰੀਖਣ ਕੀਤਾ ਅਤੇ ਜੇਲ੍ਹ ਅੰਦਰ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣ ਦੀ ਹਦਾਇਤ ਕੀਤੀ। ਇਸ ਮੌਕੇ ਅਧਿਕਾਰੀਆਂ ਨੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ, ਕਾਨੂੰਨੀ ਸੇਵਾਵਾਂ ਕਮੇਟੀ, ਮਾਣਯੋਗ ਪੰਜਾਬ ਅਤੇ ਹਰਿਆਣਾ ਕਾਨੂੰਨੀ ਸੇਵਾਵਾਂ ਕਮੇਟੀ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ-ਡਵੀਜ਼ਨ ਪੱਧਰ 'ਤੇ ਕਾਨੂੰਨੀ ਸੇਵਾਵਾਂ ਕਮੇਟੀਆਂ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਜੇਲ੍ਹ ਵਿੱਚ ਸਥਾਪਿਤ ਲੀਗਲ ਏਡ ਕਲੀਨਿਕ ਦੇ ਕੰਮਕਾਜ ਦਾ ਰਜਿਸਟਰ ਵੀ ਚੈਂਕ ਕੀਤਾ। ਇਸ ਮੌਕੇ ਵਾਤਾਵਰਣ ਦੀ ਸੰਭਾਲ ਦੇ ਮੱਦੇਨਜ਼ਰ ਪੌਦੇ ਵੀ ਲਗਾਏ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਰੁੱਖ ਕੁਦਰਤ ਦਾ ਅਨਮੋਲ ਤੋਹਫ਼ਾ ਹਨ ਅਤੇ ਇਹ ਜੀਵਨ ਜਿਊਣ ਦਾ ਉੱਤਮ ਸਾਧਨ ਹਨ। ਇਨ੍ਹਾਂ ਤੋਂ ਦਵਾਈਆਂ, ਲੱਕੜ ਦੇ ਘਰ ਅਤੇ ਫਰਨੀਚਰ ਆਦਿ ਵੀ ਬਣਦੇ ਹਨ ਅਤੇ ਇਹ ਹੜ੍ਹ ਦੇ ਪਾਣੀ ਤੋਂ ਵੀ ਬਚਾਅ ਕਰਦੇ ਹਨ। ਉਨ੍ਹਾਂ ਸਾਰਿਆਂ ਨੂੰ ਆਪਣੇ ਘਰਾਂ ਵਿੱਚ ਰੁੱਖ ਲਗਾਉਣ ਦੀ ਸਲਾਹ ਦਿੱਤੀ। ਇਸ ਮੌਕੇ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਬਲਜੀਤ ਸਿੰਘ ਘੁੰਮਣ, ਡਿਪਟੀ ਸੁਪਰਡੈਂਟ ਹਰਭਜਨ ਸਿੰਘ ਅਤੇ ਚੀਫ਼ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਵਿਸ਼ਾਲ ਕੁਮਾਰ ਵੀ ਮੌਜੂਦ ਸਨ।

# ਪੰਜਾਬੀ ਗਾਇਕਾਂ ਨੇ ਕੈਨੇਡਾ ਬੀ ਸੀ ਸਕੌਮਿਸ਼ 'ਚ ਸਜਾਈ ਸੰਗੀਤਕ ਮਹਿਫ਼ਲ

**ਵੈਨਕੂਵਰ (ਪੱਤਰ ਪ੍ਰੇਰਕ)–** ਪੰਜਾਬੀ ਸੱਭਿਆਚਾਰ, ਸਾਹਿਤ, ਵਿਰਸੇ, ਵਿਰਾਸਤ ਦੀ ਬਾਤ ਪਾਉਂਦਿਆਂ ਵੱਖ ਵੱਖ ਪੰਜਾਬੀ ਸੰਗੀਤ ਆਲਮ ਨਾਲ ਸੰਬੰਧਿਤ ਗਾਇਕਾਂ, ਪੱਤਰਕਾਰਾਂ, ਲੇਖਕਾਂ ਬੁਲਾਰਿਆਂ ਵਲੋਂ ਕੈਨੇਡਾ ਬੀ ਸੀ ਦੇ ਸ਼ਹਿਰ ਸਕੌਮਿਸ਼ ਵਿੱਚ ਇੱਕ ਸੰਗੀਤਕ ਮਹਿਫ਼ਲ ਸਜਾਈ ਗਈ। ਇਸ ਸ਼ਾਨਦਾਰ ਮਹਿਫਲ ਵਿੱਚ ਸਭ ਤੋਂ ਪਹਿਲਾਂ ਮੁੱਖ ਤੌਰ ਤੇ ਪਹੁੰਚੇ ਮੁੱਖ ਮਹਿਮਾਨ ਸੰਪਾਦਕ 'ਦੋਆਬਾ ਐਕਸਪ੍ਰੈਸ' ਸ਼੍ਰੀਮਾਨ ਸਤੀਸ਼ ਜੌੜਾ ਅਤੇ ਉੱਘੇ ਮੰਚ ਸੰਚਾਲਕ, ਸ਼ਬਦਾਂ ਦੇ ਜਾਦੂਗਰ ਸ਼੍ਰੀਮਾਨ ਬਲਦੇਵ ਰਾਹੀ ਦਾ ਰਸਮੀਂ ਤੌਰ ਤੇ ਸਾਰੇ ਆਰਟਿਸਟ ਭਾਈਚਾਰੇ ਵਲੋਂ ਸਵਾਗਤ ਕੀਤਾ ਗਿਆ। ਉਪਰੰਤ ਸੰਗੀਤਕ ਮਹਿਫਲ ਦਾ ਆਗਾਜ ਹੋਇਆ, ਜਿਸ ਵਿੱਚ ਲੋਕ ਗਾਇਕ ਐਸ ਰਿਸ਼ੀ ਨੇ ਆਪਣੇ ਗੀਤਾਂ ਦੀ ਛਹਿਬਰ ਲਗਾ ਕੇ ਸੁਰ ਕਲਾਮ ਦਾ ਜਾਦੂ ਬਿਖੇਰਿਆ। ਇਸ ਉਪਰੰਤ ਮੰਚ ਸੰਚਾਲਕ ਬਲਦੇਵ ਰਾਹੀ ਵਲੋਂ ਕਲਾਕਾਰ ਕੁਲਦੀਪ ਚੁੰਬਰ ਨੂੰ ਪੇਸ਼ ਕੀਤਾ, ਜਿਨਾਂ ਨੇ ਉੱਘੇ ਗੀਤਕਾਰ ਲਾਲ ਪਧਿਆਣਵੀ ਕਨੇਡਾ ਦੀ ਕਲਮ ਤੋਂ ਲਿਖਿਆ ਗੀਤ 'ਨਜ਼ਰਾਂ ਲੱਗ ਜਾਂਦੀਆਂ ਚੰਨਾ' ਗਾ ਕੇ ਮਾਹੌਲ ਨੂੰ ਹੋਰ ਵੀ ਸੰਗੀਤਮਈ ਬਣਾਇਆ। ਇਸ ਦੇ ਬਾਅਦ ਰੰਮੀ ਉਦੇਸੀਆਂ ਨੇ ਲੋਕ ਤੱਥ ਨਾਲ ਆਪਣੀ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਸ਼੍ਰੀਮਾਨ ਸਤੀਸ਼ ਜੌੜਾ ਨੇ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਸਾਨੂੰ ਪੰਜਾਬੀ ਸੱਭਿਆਚਾਰ ਦੀ ਦੇਖ ਰੇਖ, ਬੁਲੰਦੀ ਅਤੇ ਚੜ੍ਹਦੀ ਕਲਾ ਲਈ ਹਮੇਸ਼ਾ ਸਾਰਥਿਕ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਵਿਦੇਸ਼ ਦੀ ਧਰਤੀ ਤੇ ਪੰਜਾਬੀ ਮਾਂ ਬੋਲੀ ਦਾ ਝੰਡਾ ਹਮੇਸ਼ਾ ਬੁਲੰਦ ਰਹਿ ਸਕੇ। ਮੰਚ ਸੰਚਾਲਕ ਬਲਦੇਵ ਰਾਹੀ ਨੇ ਸਾਰੇ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਕਲਾਕਾਰ ਵਿਦੇਸ਼ ਵਿੱਚ ਰਹਿੰਦਿਆਂ ਆਪਣੀ ਰੋਜ਼ੀ ਰੋਟੀ ਕਮਾਉਣ ਦੇ ਨਾਲ ਨਾਲ ਸੱਭਿਆਚਾਰ ਦੀ ਸੇਵਾ ਕਰਦੇ ਹਨ ਉਹ ਵੀ ਲਾਜਵਾਬ ਭੂਮਿਕਾ ਨਿਭਾ ਰਹੇ ਹਨ।



ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਲਈ ਹਮੇਸ਼ਾ ਹਾਂ ਪੱਖੀ ਰਹਿਣਾ ਚਾਹੀਦਾ ਹੈ। ਅੰਤ ਵਿੱਚ ਕਲਾਕਾਰ ਭਾਈਚਾਰੇ ਵਲੋਂ ਐਸ ਰਿਸ਼ੀ, ਕੁਲਦੀਪ ਚੁੰਬਰ ,ਰੰਮੀ ਉਦੇਸੀਆਂ, ਸੁਖਜੀਤ ਸੁੱਖ, ਗੈਰੀ ਬਿਲਗਾ, ਹੈਰੀ ਮਡਾਰ, ਸੁਖਵਿੰਦਰ ਮੰਡ ਦੀ ਟੀਮ ਨੇ ਆਏ ਮਹਿਮਾਨਾਂ ਦਾ ਸਨਮਾਨ ਕੀਤਾ। ਹਾਜ਼ਰੀਨ ਅਤੇ ਮਹਿਮਾਨ ਕਲਾਕਾਰਾਂ ਲਈ ਇਹ ਸੰਗੀਤਕ ਮਹਿਫ਼ਲ ਯਾਦਗਾਰ ਹੋ ਨਿਬੜੀ।

# ਟਿੱਪਰਾਂ ਤੇ ਭਾਰੀ ਵਾਹਨਾਂ ਤੇ ਨੱਥ ਪਾਉਣ ਲਈ ਕੰਢੀ ਸੰਘਰਸ਼ ਕਮੇਟੀ ਨੇ ਦਿੱਤਾ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਕੰਢੀ ਸ਼ੰਘਰਸ਼ ਕਮੇਟੀ ਪੰਜਾਬ ਦੇ ਵਫ਼ਦ ਨੇ ਦਰਸ਼ਨ ਸਿੰਘ ਮੱਟੂ ਕਨਵੀਨਰ ਕੰਢੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਡੀ.ਐਸ.ਪੀ. ਗੜ੍ਹਸ਼ੰਕਰ ਪਰਮਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਹਲਕੇ ਵਿੱਚ ਨਜਾਇਜ਼ ਤੇ ਚੱਲ ਰਿਹੇ ਓਵਰਲੋਡ ਟਿੱਪਰ, ਟਰਾਲਿਆਂ ਅਤੇ ਵੱਡੇ ਵਹੀਕਲਾ ਨੂੰ ਨੱਥ ਪਾਉਣ ਲਈ ਮੰਗ ਪੱਤਰ ਦਿੱਤਾ। ਜਿਸ ਵਿੱਚ ਮੰਗ ਕੀਤੀ ਗਈ ਕਿ ਟਿੱਪਰ, ਟਰਾਲੇ ਅਤੇ ਹੋਰ ਭਾਰੀ ਵਾਹਨਾਂ ਨੂੰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਚੱਲਣ ਦਿੱਤਾ ਜਾਵੇ ਅਤੇ ਓਵਰਲੋਡ ਵਾਹਨਾਂ ਤੇ ਸਖਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਟਿੱਪਰ ਚਾਲਕਾਂ ਦੇ ਡੌਪ ਟੈਸਟ ਤੇ ਚੈਕਿੰਗ ਪੁਆਇੰਟਾਂ ਤੇ ਕੈਮਰਿਆਂ ਦਾ ਪ੍ਰਬੰਧ ਕੀਤਾ ਜਾਵੇ। ਵਫ਼ਦ ਨੇ ਇਹ ਵੀ ਮੰਗ ਕੀਤੀ ਕਿ ਉਪਰੋਕਤ ਵਾਹਨਾਂ ਤੇ ਨੰਬਰ ਪਲੇਟਾਂ ਲਾਉਣ ਨੂੰ ਵੀ ਯਕੀਨੀ ਬਣਾਇਆ ਜਾਵੇ ਅਤੇ ਇਨ੍ਹਾਂ ਵਾਹਨਾਂ ਲਈ ਸਪੀਡ ਲਿਮਟ ਵੀ ਨਿਰਧਾਰਤ ਕੀਤੀ ਜਾਵੇ। ਦਰਸ਼ਨ ਸਿੰਘ ਮੱਟੂ ਨੇ ਦੱਸਿਆ ਕਿ ਇਨ੍ਹਾਂ ਖੂਨੀ ਸੜਕਾਂ ਤੇ ਪਿਛਲੇ ਕੁਝ ਸਮੇਂ ਦੌਰਾਨ 17 ਮੌਤਾਂ ਹੋ ਚੁੱਕੀਆਂ ਹਨ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਪਾਸੇ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਗੁਰਨੇਕ ਸਿੰਘ ਭੱਜਲ, ਸੁਭਾਸ਼ ਮੱਟੂ, ਪ੍ਰੇਮ ਸਿੰਘ ਰਾਣਾ, ਗੋਲਡੀ ਸਿੰਘ, ਧਰਮ ਪਾਲ ਆਦਿ ਹਾਜਰ ਸਨ।



# ਨੇਤਰਦਾਨ ਐਸੋਸ਼ੀਏਸ਼ਨ ਹੁਸ਼ਿਆਰਪੁਰ ਵੱਲੋਂ ਮਾਸਟਰ ਇਕਬਾਲ ਸਿੰਘ ਬਾਹਗਾ ਸਨਮਾਨਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਮਾਸਟਰ ਇਕਬਾਲ ਸਿੰਘ ਬਾਹਗਾ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਟੇਟ ਅਵਾਰਡੀ, ਆਈ ਡੋਨਰ ਟਾਂਡਾ ਭਾਈ ਬਰਿੰਦਰ ਸਿੰਘ ਮਸੀਤੀ ਅਤੇ ਆਈ ਡੋਨਰ ਮੈਂਬਰ ਸ. ਮਹਿੰਦਰ ਸਿੰਘ ਤਲਵੰਡੀ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਹ ਸਨਮਾਨ ਮਾਸਟਰ ਇਕਬਾਲ ਸਿੰਘ ਬਾਹਗਾ ਨੇ ਆਪਣੇ ਪਰਿਵਾਰ ਵਿੱਚੋਂ ਆਪਣੇ ਭਰਾ ਦੀਆਂ ਅੱਖਾਂ ਦਾਨ ਕੀਤੀਆਂ ਸਨ। ਇਸ ਲਈ ਨੇਤਰ ਦਾਨ ਸੰਸਥਾ ਵੱਲੋਂ ਇਸ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਬਰਿੰਦਰ ਸਿੰਘ ਮਸੀਤੀ ਨੇ ਕਿਹਾ ਕਿ ਸਾਨੂੰ ਅੱਖਾਂ ਦਾਨ, ਸਰੀਰ ਦਾਨ, ਅੰਗ ਦਾਨ ਕਰਨੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇੱਕ ਵਿਅਕਤੀ ਦੀਆਂ ਦਾਨ ਕੀਤੀਆਂ ਅੱਖਾਂ, ਦੋ ਵਿਅਕਤੀਆਂ ਨੂੰ ਜ਼ਿੰਦਗੀ ਦੇ ਸਕਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਇਸ ਪਰਿਵਾਰ ਤੇ ਮਾਣ ਹੈ ਕਿ ਇਹ ਹੋਰ ਵੀ ਲੋਕਾਂ ਨਾਲ ਗੱਲਬਾਤ ਕਰਕੇ ਅੱਖਾਂ ਦਾਨ ਕਰਨ ਦੇ ਫਾਰਮ ਭਰਾਉਣਗੇ। ਮਾਸਟਰ ਇਕਬਾਲ ਸਿੰਘ ਬਾਹਗਾ ਨੇ ਭਰੋਸਾ ਦਵਾਇਆ ਕਿ ਅਸੀਂ ਤੁਹਾਡੇ ਨਾਲ ਹਾਂ ਅਸੀਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਇਸ ਮਿਸ਼ਨ ਵਿੱਚ ਤੁਹਾਨੂੰ ਹੋਰ ਵੀ ਕਾਮਯਾਬ ਕਰਾਂਗੇ। ਉਨ੍ਹਾਂ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਅਤੇ ਆਈ ਡੋਨਰ ਮੈਂਬਰ ਸ. ਮਹਿੰਦਰ ਸਿੰਘ ਤਲਵੰਡੀ ਦਾ ਧੰਨਵਾਦ ਕੀਤਾ। ਇਸ ਮੌਕੇ ਸਟੇਟ ਆਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ, ਸ. ਮਹਿੰਦਰ ਸਿੰਘ ਤਲਵੰਡੀ, ਸ. ਮੱਖਣ ਸਿੰਘ ਬਾਹਲਾ, ਦੋਆਬਾ ਨਿਊਜ਼ ਲਾਈਵ ਗੜ੍ਹਦੀਵਾਲਾ ਦੇ ਚੀਫ/ਆਡੀਟਰ ਡਾ. ਮਹਿੰਦਰ ਕੁਮਾਰ ਮਲਹੋਤਰਾ ਅਤੇ ਕੁਲਵੀਰ ਕੌਰ ਆਦਿ ਹਾਜ਼ਰ ਸਨ।



# ਵਿਪਸਾਅ ਵੱਲੋਂ ਸ਼ਾਇਰਾ ਸੁਰਜੀਤ (ਟੋਰਾਂਟੋ) ਨਾ.ਲ ਵਿਸ਼ੇਸ਼ ਮਿ.ਲਣੀ

## ਚਰਨਜੀਤ ਸਿੰਘ ਪੰਨੂ ਦਾ ਸ.ਫਰਨਾਮਾ 'ਨਾਰਥ ਪੋਲ - ਧਰਤੀ ਦਾ ਮੁਕਟ' ਵੀ ਲੋਕ ਅਰਪਣ

**ਹੇਵਰਡ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਪ੍ਰਸਿੱਧ ਲੇਖਿਕਾ ਸੁਰਜੀਤ ਨਾ.ਲ ਇੱਕ ਵਿਸ਼ੇਸ਼ ਮਿ.ਲਣੀ ਆਯੋਜਿਤ ਕੀਤੀ ਗਈ। ਕੈਨੇਡਾ ਤੋਂ ਅਮਰੀਕਾ ਵਿੱਚ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਆਈ ਸੁਰਜੀਤ ਨੇ ਆਪਣੇ ਪੁਰਾਣੇ ਸਾਥੀ ਸਾਹਿਤਕਾਰਾਂ ਨੂੰ ਮਿ.ਲਦੇ ਹੋਏ ਬੇ ਹੱਦ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮਿ.ਲਣੀ ਦੌਰਾਨ ਅਜੋਕੇ ਸਾਹਿਤ ਬਾਰੇ ਗੰਭੀਰ ਵਿਚਾਰ-ਚਰਚਾ ਹੋਈ। ਕੈਨੇਡਾ ਦੀਆਂ ਸਾਹਿਤਕ ਸਰਗਰਮੀਆਂ ਦਾ ਜ਼ਿਕਰ ਕਰਦੇ ਹੋਏ ਸੁਰਜੀਤ ਨੇ ਕਿਹਾ ਕਿ ਕੈਨੇਡਾ ਵਿੱਚ ਸਾਹਿਤਕ ਸਰਗਰਮੀ ਬਹੁਤ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਕਿ ਓਥੇ ਅਕਸਰ ਹੀ ਇੰਡੀਆ ਤੋਂ ਕੋਈ ਨਾ ਕੋਈ ਲੇਖਕ ਆਇਆ ਹੁੰਦਾ ਹੈ। ਕੋਈ ਨਾ ਕੋਈ ਸੰਸਥਾ ਉਸ ਲੇਖਕ ਨਾ.ਲ ਰੂ ਬ ਰੂ ਕਰਵਾਉਂਦੀ ਹੈ। ਵਰਿਆਮ ਸੰਧੂ ਅਤੇ ਨਾਹਰ ਸਿੰਘ ਵਰਗੇ ਉੱਚਕੋਟੀ ਦੇ ਲੇਖਕਾਂ ਅਤੇ ਅਲੋਚਕਾਂ ਦੀ ਸੰਗਤ ਮਾਣਦਿਆਂ ਸਾਡੀ ਲੇਖਣੀ ਵੀ ਵਿਕਸਤ ਹੁੰਦੀ ਹੈ। ਬਿਨਾ ਸ਼ੱਕ ਕੁਝ ਅਲੇਖਕ ਖੁੱਲ੍ਹੀ ਕਵਿਤਾ ਨਾ.ਲ ਖਿਲਵਾੜ ਵੀ ਕਰ ਰਹੇ ਹਨ। ਉਹ ਇੱਕ ਤਰ੍ਹਾਂ ਨਾ.ਲ ਕਵਿਤਾ ਦੇ ਖੇਤਰ ਵਿੱਚ ਅਤੰਕ ਫੈਲਾ ਰਹੇ ਹਨ। ਉਨ੍ਹਾਂ ਦੀਆਂ ਕਿਤਾਬਾਂ ਦੇ ਮੁੱਖ ਬੰਦ ਵਿਦਵਾਨਾਂ ਵੱਲੋਂ ਲਿਖਣਾ ਅਚੰਭਿਤ ਕਰਦਾ ਹੈ। ਇਹ ਵਰਤਾਰਾ ਪੰਜਾਬੀ ਸਾਹਿਤ ਨੂੰ ਢਾਹ ਲਾ ਰਿਹਾ ਹੈ। ਉਨ੍ਹਾਂ ਇਸ ਮੌਕੇ ਆਪਣੀਆਂ ਨਵੀਆਂ ਨਜ਼ਮਾਂ ਸੁਣਾ ਕੇ ਵਾਹ-ਵਾਹ ਵੀ ਖੱਟੀ।



ਇਸ ਮੁਲਕਾਤ ਵਿੱਚ ਪ੍ਰੋ। ਸੁਰਿੰਦਰ ਸਿੰਘ ਸੀਰਤ, ਡਾ। ਸੁਖਵਿੰਦਰ ਕੰਬੋਜ, ਚਰਨਜੀਤ ਸਿੰਘ ਪੰਨੂ, ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਲਾਜ ਨੀਲਮ ਸੈਣੀ ਸ਼ਾਮਲ ਸਨ। ਇਸ ਮੌਕੇ ਚਰਨਜੀਤ ਸਿੰਘ ਪੰਨੂੰ ਦਾ ਨਵ ਪ੍ਰਕਾਸ਼ਿਤ ਸਫ਼ਰਨਾਮਾ 'ਨਾਰਥ ਪੋਲ ਧਰਤੀ ਦਾ ਮੁਕਟ' ਲੋਕ ਅਰਪਣ ਕੀਤਾ ਗਿਆ। ਧਰਤੀ ਦੇ ਉੱਤਰੀ ਧੁਰੇ ਤੇ ਬਹੁਤ ਘੱਟ ਲੋਕ ਜਾਂਦੇ ਹਨ ਅਤੇ ਪੰਜਾਬੀ ਵਿੱਚ ਇਹ ਆਪਣੀ ਕਿਸਮ ਦਾ ਪਹਿਲਾ ਸਫ਼ਰਨਾਮਾ ਹੈ ਜੋ ਉਥੇ ਦੇ ਦ੍ਰਿਸ਼ ਅਤੇ ਅਨੁਭਵ ਤਾਂ ਬਿਆਨ ਕਰਦਾ ਹੀ ਹੈ,

ਇਸ ਵਿੱਚ ਧਰਤੀ ਅਤੇ ਨਾਰਥ ਪੋਲ ਬਾਰੇ ਬਹੁਤ ਸਾਰੀ ਜਾਣਕਾਰੀ ਵੀ ਸ਼ਾਮਲ ਹੈ। ਅੰਤ ਵਿੱਚ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਧੰਨਵਾਦ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ**
**(ਸਾਹਿਤ ਸਕੱਤਰ ਵਿਪਸਾਅ) 510-502-0551**

# ਅੰਗਹੀਣ, ਵਿਧਵਾ ਅਤੇ ਬੁਢਾਪਾ ਪੈਨਸ਼ਨ ਨਾ ਮਿਲਣ ਕਾਰਨ ਲਾਭਪਾਤਰੀਆਂ ਨੂੰ ਹੋਣਾ ਪੈ ਰਿਹਾ ਹੈ ਖੱਜਲ ਖੁਆਰ

**ਫਗਵਾੜਾ (ਬੀ. ਕੇ. ਰੱਤੂ)–** ਜ਼ਿਲ੍ਹਾ ਕਪੂਰਥਲਾ ਵਿੱਚ ਅੰਗਹੀਣ, ਵਿਧਵਾ ਅਤੇ ਬੁਢਾਪਾ ਪੈਨਸ਼ਨਾਂ ਨਾ ਮਿਲਣ ਦੇ ਚੱਲਦਿਆਂ ਅੱਤ ਦੀ ਮਹਿੰਗਾਈ ਕਾਰਨ ਲਾਭਪਾਤਰੀਆਂ ਨੂੰ ਘਰ ਦਾ ਗੁਜਾਰਾ ਕਰਨਾ ਬਹੁਤ ਹੀ ਮੁਸ਼ਕਿਲ ਹੋ ਗਿਆ ਹੈ। ਇਸ ਸਬੰਧੀ ਅੱਜ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਡੀ।ਸੀ। ਕਪੂਰਥਲਾ ਦੇ ਨਾਮ ਇੱਕ ਮੰਗ ਪੱਤਰ ਏ.ਡੀ.ਸੀ. ਜਨਰਲ ਸਿਖਾ ਭਗਤ ਨੂੰ ਸੌਂਪਿਆ ਗਿਆ। ਇਸ ਮੌਕੇ



ਦਿਵਿਆਂਗ ਐਕਸ਼ਨ ਕਮੇਟੀ, ਰਾਸ਼ਟਰੀ ਵਿਕਲਾਂਗ ਪਾਰਟੀ ਅਤੇ ਲੂਇਸ ਬਰੇਲ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਮੁੱਖ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 27 ਸਤੰਬਰ ਤੱਕ ਪੈਨਸ਼ਨਾਂ ਜਾਰੀ ਨਹੀਂ ਕੀਤੀਆਂ ਗਈਆਂ ਤਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਭਾਰੀ ਇਕੱਠ ਕਰਕੇ ਹਾਈਵੇ ਜਾਮ ਕੀਤਾ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਦਿਵਿਆਂਗ ਐਕਸ਼ਨ ਕਮੇਟੀ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ, ਰਾਸ਼ਟਰੀ ਵਿਕਲਾਂਗ ਪਾਰਟੀ ਦੇ ਆਲ ਇੰਡੀਆ ਵਾਈਸ ਪ੍ਰਧਾਨ ਹਰਵਿੰਦਰ ਸਿੰਘ ਮਰਵਾਹਾ, ਬਲਾਈਂਡ ਐਸੋਸੀਏਸ਼ਨ ਦੇ ਜਨਰਲ ਸਕੱਤਰ ਪ੍ਰਦੀਪ ਕੁਮਾਰ, ਦਿਵਿਆਂਗ ਐਕਸ਼ਨ ਕਮੇਟੀ ਦੇ ਕੋਰ ਕਮੇਟੀ ਮੈਂਬਰ ਲਹਿਬਰ ਸਿੰਘ ਸੁਲਤਾਨਪੁਰ, ਦਿਵਿਆਂਗ ਐਕਸ਼ਨ ਕਮੇਟੀ ਦੇ ਕੋਰ ਕਮੇਟੀ ਮੈਂਬਰ ਕਸ਼ਮੀਰੀ ਲਾਲ ਕਪੂਰਥਲਾ, ਸੀਨੀਅਰ ਆਗੂ ਮੋਹਨ ਸਿੰਘ ਆਹਲੂਵਾਲੀਆ, ਜੋਗਿੰਦਰ ਸਿੰਘ ਕਾਦੂਪੁਰ ਆਦਿ ਨੇ ਦੱਸਿਆ ਕਿ ਬਹੁਤ ਹੀ ਲੋੜਵੰਦ ਦਿਵਿਆਂਗ ਵਿਅਕਤੀਆਂ ਨੂੰ ਅਗਸਤ ਮਹੀਨੇ ਦੀ ਪੈਨਸ਼ਨ ਨਾ ਮਿਲਣ ਕਾਰਨ ਅੱਤ ਦੀ ਮਹਿੰਗਾਈ ਦੇ ਚੱਲਦਿਆਂ ਉਹਨਾਂ ਨੂੰ ਜੀਵਨ ਬਤੀਤ ਕਰਨਾ ਬਹੁਤ ਹੀ ਮੁਸ਼ਕਲ ਹੋ ਗਿਆ ਹੈ। ਏ।ਡੀ।ਸੀ।ਜਨਰਲ ਸਿਖਾ ਭਗਤ ਨੇ ਉਕਤ ਆਗੂਆਂ ਦੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਦੋ ਦਿਨਾਂ ਤੱਕ ਕਪੂਰਥਲਾ ਜ਼ਿਲ੍ਹੇ ਦੇ ਸਾਰੇ ਲਾਭਪਾਤਰੀਆਂ ਦੇ ਖਾਤਿਆ ਵਿੱਚ ਪੈਨਸ਼ਨਾਂ ਪਾ ਦਿੱਤੀਆਂ ਜਾਣਗੀਆਂ। ਇਸ ਮੌਕੇ ਸਮਾਜਿਕ ਸੁਰੱਖਿਆ ਅਤੇ ਬਾਲ ਵਿਕਾਸ ਵਿਭਾਗ ਕਪੂਰਥਲਾ ਦੇ ਮੁੱਖ ਕਲਰਕ ਰੋਮਿਤ ਵੀ ਹਾਜ਼ਰ ਸਨ।

# ਭੂੰਦੜੀ ਗੈਸ ਫੈਕਟਰੀ ਵਿਰੋਧੀ ਪੱਕਾ ਮੋਰਚਾ ਲੁਧਿਆਣਾ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਕੱਲ ਪੰਜਾਬ ਸਰਕਾਰ ਦੇ ਦੋ ਮੰਤਰੀਆਂ ਅਮਨ ਅਰੋੜਾ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਡੀ। ਸੀ। ਲੁਧਿਆਣਾ ਤੇ ਸਰਕਾਰ ਦੇ ਹੋਰ ਮਾਹਿਰਾਂ ਦੀ ਮੌਜੂਦਗੀ ਚ ਪ੍ਰਦੂਸ਼ਿਤ ਗੈਸ ਫੈਕਟਰੀਆਂ ਵਿਰੁੱਧ ਬਣੀ ਤਾਲਮੇਲ ਸੰਘਰਸ਼ ਕਮੇਟੀ ਦੇ ਨੁਮਾਇੰਦਿਆ ਨਾ.ਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਹੋਈ। ਭਾਵੇ ਕਿ ਪੰਜਾਬ ਸਰਕਾਰ ਦੇ ਮਾਹਿਰਾਂ ਨਾ.ਲ ਤਾਲਮੇਲ ਕਮੇਟੀ ਦੇ ਮਾਹਿਰਾਂ ਦੀ ਇੱਕ ਭਰਵੀਂ ਬਹਿਸ 19 ਸਤੰਬਰ ਨੂੰ ਹੋ ਚੁੱਕੀ ਸੀ ਜਿਸ ਵਿੱਚ ਸਰਕਾਰੀ ਮਾਹਿਰਾਂ ਨੂੰ ਲਾਜਵਾਬ ਕੀਤਾ ਗਿਆ ਸੀ। ਕੱਲ ਦੀ ਮੀਟਿੰਗ ਵਿੱਚ ਫਿਰ ਤੋਂ ਸਰਕਾਰ ਦੇ ਵਿਗਿਆਨੀਆਂ ਨੂੰ ਤਾਲਮੇਲ ਕਮੇਟੀ ਦੀ ਗੱਲ ਨਾ.ਲ ਸਹਿਮਤ ਹੋਣਾ ਪਿਆ। ਸਰਕਾਰ ਨੇ ਮੰਨਿਆ ਕਿ ਜੇ ਪਰਾਲੀ ਬਾਇਓ ਗੈਸ ਪਲਾਂਟਾ ਰਾਹੀ ਪਾਣੀ ਨਾ.ਲ ਘੁਲ ਕੇ ਧਰਤੀ ਚ ਗਈ ਤਾਂ ਤਰ੍ਹਾਂ ਤਰ੍ਹਾਂ ਦੇ ਰਸਾਇਣ ਧਰਤੀ ਚ ਜਾਣਗੇ ਤੇ ਉਹਨਾਂ ਨਾ.ਲ ਕੈਂਸਰ ਹੋਵੇਗਾ ਪਰ ਸਰਕਾਰ ਨੇ ਇਸ ਬੁਨਿਆਦੀ ਧਾਰਨਾ ਨੂੰ ਹਦਾਇਤਾਂ ਨਾ.ਲ ਜੋੜ ਕੇ ਮੁੱਦਾ ਭਟਕਾਉਣ ਦੀ ਕੋਸ਼ਿਸ਼ ਕੀਤੀ ਤੇ ਇੱਕ ਪਲਾਂਟ ਟਰਾਇਲ ਦੇ ਤੌਰ 'ਤੇ ਚਲਾਉਣ ਦੀ ਮੰਗ ਰੱਖੀ। ਪਰ ਪੂਰੀ ਤਾਲਮੇਲ ਕਮੇਟੀ ਨੇ ਇਸਨੂੰ ਰਦ ਕਰ ਦਿੱਤਾ ਅਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਕੋਈ ਵੀ ਪਲਾਂਟ ਨਹੀ ਲੱਗਣ ਦਿੱਤਾ ਜਾਵੇਗਾ। ਅਖੀਰ 'ਤੇ ਸਰਕਾਰ ਨੂੰ ਕਹਿਣਾ ਪਿਆ ਕਿ ਕੈਂਸਰ ਦੇ ਮਾਮਲੇ ਚ ਮਾਹਿਰਾਂ ਦੀ ਕਮੇਟੀ ਬਣਾਈ ਜਾਵੇਗੀ ਤੇ ਕੋਈ ਵੀ ਫੈਕਟਰੀ ਨਹੀਂ ਚੱਲੇਗੀ।




# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

# ਅੰਬੇਡਕਰ ਭਵਨ ਅੰਬੇਡਕਰੀ ਵਿਚਾਰਧਾਰਾ ਦਾ ਪ੍ਰਮੁੱਖ ਪ੍ਰੇਰਨਾ ਸਰੋਤ

## ਲੋਕ ਚੇਤਨਾ ਪੈਦਾ ਕਰਨ ਵਿੱਚ ਅੰਬੇਡਕਰ ਭਵਨ ਦਾ ਇਤਿਹਾਸਿਕ ਯੋਗਦਾਨ- ਸੁਭਾਸ਼ ਮੁਸਾਫਰ








**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਹਿਮਾਚਲ ਪ੍ਰਦੇਸ਼ ਤੋਂ ਆਏ ਅੰਬੇਡਕਰ ਮਿਸ਼ਨ ਦੇ ਅਣਥੱਕ ਯੋਧੇ ਸੁਭਾਸ਼ ਚੰਦ ਮੁਸਾਫਰ ਦੇ ਸਨਮਾਨ ਵਿੱਚ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਅੰਬੇਡਕਰ ਭਵਨ ਵਿਖੇ ਇੱਕ ਸਦਭਾਵਨਾ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਸਦਭਾਵਨਾ ਮਿਲਣੀ ਵਿੱਚ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ। ਭਾਰਦਵਾਜ ਨੇ ਕਿਹਾ ਕਿ ਸੁਭਾਸ਼ ਮੁਸਾਫਰ ਨੇ ਆਪਣੇ ਭਾਸ਼ਣ ਵਿੱਚ ਫਾਊਂਡਰ ਟਰਸਟੀ ਸ੍ਰੀ ਲਾਹੌਰੀ ਰਾਮ ਬਾਲੀ ਦੇ ਜ਼ਿੰਦਗੀ ਭਰ ਦੇ ਸੰਘਰਸ਼ ਪ੍ਰਤੀ ਸਤਿਕਾਰ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਨਾਲ ਅੰਬੇਡਕਰ ਭਵਨ ਦੀ ਉਸਾਰੀ ਤੋਂ ਇਲਾਵਾ ਅੰਬੇਡਕਰੀ ਸਾਹਿਤ ਦੀ ਪ੍ਰਕਾਸ਼ਨਾ ਨਾਲ ਪੂਰੇ ਭਾਰਤ ਵਿੱਚ ਲੋਕ ਚੇਤਨਾ ਪੈਦਾ ਹੋਈ। ਬਾਲੀ ਸਾਹਿਬ ਦੀਆਂ ਲਿਖਤਾਂ, ਭਾਸ਼ਣਾਂ ਅਤੇ ਅੰਦੋਲਨਾਂ ਨੇ ਦੱਬੇ-ਦਰੜੇ ਲੋਕਾਂ ਦੀ ਮਾਨਸਿਕਤਾ ਵਿੱਚ ਇਨਕਲਾਬੀ ਪਰਿਵਰਤਨ ਲਿਆਉਣ ਵਿੱਚ ਇਤਿਹਾਸਿਕ ਰੋਲ ਅਦਾ ਕੀਤਾ। ਮੁਸਾਫਰ ਨੇ ਕਿਹਾ ਕਿ ਅੰਬੇਡਕਰ ਭਵਨ ਸਾਡਾ ਸਾਰਿਆਂ ਦਾ ਪ੍ਰੇਰਨਾ ਸਰੋਤ ਹੈ। ਉਨ੍ਹਾਂ ਨੇ ਆਉਣ ਵਾਲੀ ਜਨਗਣਨਾ ਵਿੱਚ ਸਾਰੀਆਂ ਅਨੁਸੂਚਿਤ ਜਾਤੀਆਂ, ਜਨਜਾਤੀਆਂ ਨੂੰ ਬੁੱਧ ਧਰਮ ਵਿੱਚ ਰਜਿਸਟਰਡ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਨੇ 24 ਸਤੰਬਰ, 1932 ਨੂੰ ਡਾ. ਅੰਬੇਡਕਰ ਸਾਹਿਬ ਅਤੇ ਹਿੰਦੂ ਲੀਡਰਾਂ ਵਿਚਕਾਰ ਹੋਏ ਪੂਨਾ ਪੈਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਵਿਧਾਨ ਵਿੱਚ ਦਰਜ ਹੋਣ ਦੇ ਬਾਵਜੂਦ ਨਿੱਜੀਕਰਣ ਦੀ ਯੋਜਨਾ ਲਾਗੂ ਕਰਕੇ ਅੱਜ ਇਸ ਨੂੰ ਲਗਭਗ ਖਤਮ ਹੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਹਰਮੇਸ਼ ਜੱਸਲ ਜੀ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਜਵਾਬ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਬੁੱਧ ਧਰਮ ਦੀ ਇਤਿਹਾਸਿਕਤਾ ਅਤੇ ਵਰਤਮਾਨ ਸਥਿਤੀ ਦਾ ਜ਼ਿਕਰ ਕੀਤਾ। ਇਸ ਸਦਭਾਵਨਾ ਮਿਲਣੀ ਤੇ ਮੁੱਖ ਮਹਿਮਾਨ ਸੁਭਾਸ਼ ਮੁਸਾਫਰ ਅਤੇ ਹਾਜਰੀਨ ਦਾ ਸਵਾਗਤ ਕਰਦਿਆਂ ਡਾ. ਜੀ.ਸੀ. ਕੌਲ ਨੇ ਅੰਬੇਡਕਰ ਭਵਨ ਦੀ ਇਤਿਹਾਸਿਕ ਅਹਿਮੀਅਤ, ਸੇਠ ਕਰਮ ਚੰਦ ਬਾਠ, ਐਡਵੋਕੇਟ ਆਰ।ਸੀ। ਪਾਲ, ਅਤੇ ਉਨ੍ਹਾਂ ਦੇ ਸਹਿਯੋਗੀ ਟਰੱਸਟੀਆਂ ਵੱਲੋਂ ਪਾਏ ਗਏ ਯੋਗਦਾਨ ਦਾ ਵਿਸਤ੍ਰਿਤ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਜਬਰਦਸਤ ਵਿਰੋਧੀ ਹਾਲਾਤ ਅਤੇ ਬੇਹੱਦ ਆਰਥਿਕ ਔਕੜਾਂ ਦੇ ਬਾਵਜੂਦ ਅੰਬੇਡਕਰ ਭਵਨ ਨੇ ਆਪਣੀ ਆਨ, ਬਾਨ ਤੇ ਸ਼ਾਨ ਨੂੰ ਕਾਇਮ ਰੱਖਿਆ ਹੈ। ਡਾ. ਕੌਲ ਨੇ ਸਮਾਜ ਹਿਤੈਸ਼ੀ ਅਤੇ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਸਮਰਪਿਤ ਸਾਰੇ ਸਾਥੀਆਂ ਤੋਂ ਭਰਪੂਰ ਸਹਿਯੋਗ ਦੀ ਮੰਗ ਕੀਤੀ। ਸ੍ਰੀ ਰਮੇਸ਼ ਚੰਦਰ ਰਿਟਾਇਰਡ ਅੰਬੈਸਡਰ ਨੇ ਸੁਭਾਸ਼ ਮੁਸਾਫਰ ਦੁਆਰਾ ਪ੍ਰਗਟਾਏ ਵਿਚਾਰਾਂ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਮਹੱਤਵਪੂਰਨ ਮੁੱਦਿਆਂ ਤੇ ਆਪਣਾ ਧਿਆਨ ਫੋਕਸ ਕਰਕੇ ਅਤੇ ਉਨ੍ਹਾਂ ਉੱਪਰ ਅਮਲ ਕਰਕੇ ਹੀ ਸਮਾਜਿਕ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਆਪਸੀ ਸਹਿਯੋਗ ਅਤੇ ਸਕਾਰਾਤਮਕ ਆਲੋਚਨਾ ਹਰ ਵਿਅਕਤੀ ਅਤੇ ਸੰਸਥਾ ਦੀ ਪ੍ਰਗਤੀ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਸ੍ਰੀ ਸੋਹਨ ਲਾਲ ਚੇਅਰਮੈਨ ਨੇ ਟਰੱਸਟ ਦੀਆਂ ਭਵਿੱਖ ਮੁਖੀ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਛੇਤੀ ਹੀ ਭਵਨ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਬਸਟ ਸਥਾਪਤ ਕੀਤਾ ਜਾ ਰਿਹਾ ਹੈ। ਪ੍ਰੋਫੈਸ਼ਨਲ ਕੋਰਸਿਸ ਅਤੇ ਹੋਰ ਉੱਚ ਵਿੱਦਿਅਕ ਡਿਗਰੀਆਂ ਪ੍ਰਾਪਤ ਕਰਨ ਲਈ ਗਰੀਬ ਤੇ ਲਾਇਕ ਵਿਦਿਆਰਥੀਆਂ ਦੀ ਇੱਛਾ ਪੂਰਤੀ ਲਈ ਰਾਸ਼ਟਰੀ ਪੱਧਰ ਦੀਆਂ ਕੁਝ ਸਮਾਜਿਕ ਸੰਸਥਾਵਾਂ ਨਾਲ ਵੀ ਵਿਚਾਰ ਚਰਚਾ ਹੋ ਰਹੀ ਹੈ ਅਤੇ ਆਸ ਹੈ ਕਿ ਛੇਤੀ ਇਸਦੇ ਕੁਝ ਸਾਰਥਕ ਸਿੱਟੇ ਨਿਕਲਣਗੇ। ਉਨ੍ਹਾਂ ਨੇ ਅੱਜ ਦੀ ਇਸ ਸਦਭਾਵਨਾ ਮਿਲਣੀ ਦੀ ਪ੍ਰਸ਼ੰਸਾ ਕਰਦਿਆਂ ਸੁਭਾਸ਼ ਮਸ਼ਾਫਰ ਜੀ ਅਤੇ ਹਾਜਰ ਸਰੋਤਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਟੇਜ ਸੰਚਾਲਨ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ। ਇਸ ਮੌਕੇ ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਪ੍ਰੋਫੈਸਰ ਬਲਬੀਰ, ਪ੍ਰੋਫੈਸਰ ਅਰਿੰਦਰ ਸਿੰਘ, ਹਰਭਜਨ ਨਿਮਤਾ, ਨਿਰਮਲ ਬਿੰਜੀ, ਰਾਮ ਲਾਲ ਦਾਸ, ਗੁਰਦਿਆਲ ਜੱਸਲ, ਬੈਂਕ ਮੈਨੇਜਰ ਮਲਕੀਤ ਸਿੰਘ, ਚੌਧਰੀ ਹਰੀ ਰਾਮ, ਪਸ਼ੌਰੀ ਲਾਲ ਸੰਧੂ, ਕ੍ਰਿਸ਼ਨ ਕਲਿਆਣ, ਮਨੋਹਰ ਲਾਲ ਮਹੇ, ਗੌਤਮ ਬੋਧ, ਮੈਡਮ ਸੁਦੇਸ਼ ਕਲਿਆਣ ਅਤੇ ਕਵਿਤਾ ਢਾਂਡੇ ਹਾਜ਼ਰ ਸਨ।

# ਅੰਬੇਡਕਰ ਭਵਨ ਟਰੱਸਟ (ਰਜਿ.), ਦੁਆਰਾ ਡਾ. ਅੰਬੇਡਕਰ ਦੀ ਕ੍ਰਾਂਤੀ ਨੂੰ ਜਾਰੀ ਰੱਖਣ ਲਈ ONGC ਤੋਂ ਵਿਦਿਅਕ ਪ੍ਰੋਜੈਕਟ (ਵਿਦਿਆਰਥੀ ਮੈਰਿਟ ਸਕਾਲਰਸ਼ਿਪ) ਦੀਆਂ ਅੰਬੇਡਕਰਵਾਦੀ ਯੋਜਨਾਵਾਂ ਦੀ ਤਿਆਰੀ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਅਧਿਕਾਰੀਆਂ ਸ੍ਰੀ ਸੋਹਨ ਲਾਲ (ਚੇਅਰਮੈਨ), ਡਾ. ਜੀ.ਸੀ. ਕੌਲ (ਜਨਰਲ ਸਕੱਤਰ), ਬਲਦੇਵ ਰਾਜ ਭਾਰਦਵਾਜ (ਵਿੱਤ ਸਕੱਤਰ), ਚਰਨ ਦਾਸ ਸੰਧੂ, ਮਹਿੰਦਰ ਸੰਧੂ, ਗੌਤਮ ਅੰਬੇਡਕਰ ਬੌਧ ਅਤੇ ਪ੍ਰੋ: ਅਰਿੰਦਰ ਸਿੰਘ ਨੇ ਓ.ਐਨ.ਜੀ.ਸੀ (ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ) ਦੇ ਮੈਰਿਟ ਵਜ਼ੀਫ਼ੇ ਦਾ ਅੰਬੇਡਕਰ ਭਵਨ ਟਰੱਸਟ (ਰਜਿ.), ਜਲੰਧਰ, ਪੰਜਾਬ ਦੁਆਰਾ ਸਾਲ 2024-2025 ਲਈ ਪੋਸਟਰ ਜਾਰੀ ਕਰਨ ਦਾ ਸਨਮਾਨ ਹਾਸਿਲ ਨੇ ਕੀਤਾ। ਇਸ ਟਰੱਸਟ ਦੀ ਸਥਾਪਨਾ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਜੀ, ਜੋ ਇੱਕ ਉੱਘੇ ਅੰਬੇਡਕਰਵਾਦੀ ਨੇ 1972 ਵਿੱਚ ਕੀਤੀ। ਇਹ ਉਹੀ ਇਤਿਹਾਸਕ ਸਥਾਨ ਹੈ ਜਿੱਥੇ 27 ਅਕਤੂਬਰ, 1951 ਨੂੰ ਬਾਬਾ ਸਾਹਿਬ ਡਾ। ਅੰਬੇਡਕਰ ਨੇ ਪੰਜਾਬ ਦੇ ਵੱਡੀ ਗਿਣਤੀ ਲੋਕਾਂ ਨੂੰ ਆ ਕੇ ਸੰਬੋਧਨ ਕੀਤਾ ਸੀ ਅਤੇ ਬਾਲੀ ਜੀ ਨੇ ਸ੍ਰੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇਹ ਭੂਮੀ ਖਰੀਦੀ ਅਤੇ ਆਪਣੇ ਸਾਥੀ ਟਰੱਸਟੀਆਂ ਦੇ ਸਹਿਯੋਗ ਨਾਲ ਇੱਥੇ ਸ਼ਾਨਦਾਰ ਅੰਬੇਡਕਰ ਭਵਨ ਦਾ ਨਿਰਮਾਣ ਕੀਤਾ। ਇਸ ਦਾ ਪ੍ਰਬੰਧ ਅੰਬੇਡਕਰ ਭਵਨ ਟਰੱਸਟ (ਰਜਿ.) ਵੱਲੋਂ ਕੀਤਾ ਜਾ ਰਿਹਾ ਹੈ। ਸ੍ਰੀ ਨਾਗਸੇਨ ਸੋਨਾਰੇ ਰਿਟਾ। ONGC ਦੇ DGM - ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ ਨੇ ਵਿਦਿਆਰਥੀਆਂ ਲਈ ਇਸ ਮੈਰਿਟ ਵਜ਼ੀਫ਼ੇ ਨੂੰ ਸ੍ਰੀ




ਗੌਤਮ ਅੰਬੇਡਕਰ ਬੌਧ .ਤਰਕਸ਼ੀਲ, ਗਤੀਸ਼ੀਲ ਸਮਾਜਿਕ ਕਾਰਕੁਨ, ਪਟੀਸ਼ਨਕਰਤਾ ਅਤੇ "ਇਨ-ਕਲਾਬੀ ਅੰਬੇਡਕਰ ਅਤੇ ਅੰਬੇਡਕਰਵਾਦ", "ਮਿਸ਼ਨ ਸੰਵਿਧਾਨ ਬਚਾਓ " ਅਤੇ ਇਨਕਲਾਬੀ ਬੁੱਧਾ ਅਤੇ ਬੋਧੀਸਤਵ ਅੰਬੇਡਕਰ ਤਰਕਸ਼ੀਲ ਇੰਟਰਨੈਸ਼ਨਲ ਐਡਵਾਂਸਡ ਕ੍ਰਿਪਟੋਗ੍ਰਾਫਿਕ ਟ੍ਰਾਂਸਫਾਰਮੇਸ਼ਨ ਰਿਸਰਚ ਫਾਊਂਡੇਸ਼ਨ ਦੇ ਸੰਸਥਾਪਕ, ਅਤੇ ਬਚਪਨ ਤੋਂ ਹੀ ਅੰਬੇਡਕਰ ਭਵਨ ਅਤੇ ਬੁੱਧ ਵਿਹਾਰ ਵਿਖੇ ਬਹੁਤ ਸਰਗਰਮ ਅੰਬੇਡਕਰਵਾਦੀ, ਉਹ ਇੱਕ M.Tech ਰਿਸਰਚ ਸਕਾਲਰ ਅਤੇ ਪੇਸ਼ੇਵਰ ਤੌਰ 'ਤੇ ਢਾਂਚਾਗਤ ਇੰਜੀਨੀਅਰ ਹੈ, +6 ਅੰਤਰਰਾਸ਼ਟਰੀ ਕਾਨਫਰੰਸਾਂ, +10 ਅੰਤਰਰਾਸ਼ਟਰੀ ਖੋਜ ਜਰਨਲ, +31 ਅੰਤਰਰਾਸ਼ਟਰੀ ਪ੍ਰਭਾਵ ਫੈਕਟਰ ਪੁਆਇੰਟਸ ਅਤੇ ਵੱਖ-ਵੱਖ ਪੇਟੈਂਟ, (Oricd ID - https://oricd. org/0000-0003-2728-5846) ਰਾਹੀਂ ਇੱਕ ਵੱਡਮੁੱਲੀ ਜਾਣਕਾਰੀ ਵਜੋਂ ਅੱਗੇ ਵਧਾਇਆ। ਸ੍ਰੀ ਨਾਗਸੇਨ ਸੋਨਾਰੇ, ਰਿਟਾ. ONGC ਦੇ DGM - ਤੇਲ ਅਤੇ ਕੁਦਰਤੀ ਗੈਸ ਕਾਰਪੋਰੇਸ਼ਨ ਨੇ ਗੌਤਮ ਅੰਬੇਡਕਰ ਬੌਧ ਨੂੰ ਪੰਜਾਬ ਰਾਜ ਕੋਆਰਡੀਨੇਟਰ ਵਜੋਂ ਚੁਣਿਆ ਅਤੇ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਨਾਲ ਅੰਬੇਡਕਰਾਈਟ ਐਜੂਕੇਸ਼ਨਲ ਰੈਵੋਲਿਊਸ਼ਨ ਨੂੰ ਚਲਾਉਣ ਲਈ ਹੋਰ ਅਧਿਕਾਰਤ ਅਹੁਦਾ ਚੁਣਿਆ ਜੋ ਬਾਬਾ ਸਾਹਿਬ ਬੀ.ਆਰ. ਅੰਬੇਡਕਰ (ਭਾਰਤੀ ਸੰਵਿਧਾਨ ਦੇ ਪਿਤਾਮਾ) ਦੀ ਵਿਚਾਰਧਾਰਾ "ਪੇ ਬੈਕ ਟੂ ਸੋਸਾਇਟੀ" 'ਤੇ ਆਧਾਰਿਤ ਵਿਦਿਆਰਥੀ ਵਿਦਿਅਕ ਭਵਿੱਖਮੁਖੀ ਪ੍ਰੋਜੈਕਟਾਂ 'ਤੇ ਕੇਂਦਰਿਤ ਹੈ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।

# ਐੱਸ ਸੀ/ਬੀ ਸੀ ਵਰਗ ਦੇ ਉਮੀਦਵਾਰਾਂ ਨਾਲ ਪੰਜਾਬ ਸਰਕਾਰ ਨੇ ਕੀਤਾ ਮਤਰੇਈ ਮਾਂ ਵਾਲਾ ਸਲੂਕ

**ਐੱਸ ਏ ਐੱਸ ਨਗਰ /ਮੋਹਾਲੀ, (ਦਲਜੀਤ ਕੌਰ)–** ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਦੀ ਭਰਤੀ ਪਿਛਲੇ ਚਾਰ ਸਾਲਾਂ ਤੋਂ ਲਟਕ ਰਹੀ ਹੈ। ਕਿਉਂਕਿ ਇਹ ਭਰਤੀ ਪਹਿਲਾ ਕੋਰਟ ਕੇਸਾਂ ਕਰਕੇ ਲੇਟ ਹੋਈ, ਪਰ ਹੁਣ ਕੋਈ ਵੀ ਕੇਸ ਨਾ ਹੋਣ ਦੇ ਬਾਵਜੂਦ ਵੀ ਈਟੀਟੀ 2364 ਅਧਿਆਪਕਾਂ ਦੀ ਭਰਤੀ ਨੂੰ ਜਾਣਬੁਝ ਕੇ ਲਟਕਾਇਆ ਜਾ ਰਿਹਾ ਹੈ। ਈਟੀਟੀ 2364 ਭਰਤੀ ਦੀ ਫਾਈਨਲ ਸਿਲੈਕਸ਼ਨ ਲਿਸਟ ਜੋ 25 ਜੁਲਾਈ 2024 ਨੂੰ ਡਿਪਾਰਟਮੈਂਟ ਵੱਲੋਂ ਈਟੀਟੀ 2364 ਦੀ ਸਾਇਟ ਤੇ ਪਾ ਦਿੱਤੀ ਸੀ। ਉਸ ਤੋਂ ਬਾਅਦ ਭਰਤੀ ਦਾ ਕੰਮ ਬਿਲਕੁਲ ਰੋਕ ਦਿੱਤਾ ਤੇ ਕਮੇਟੀ ਆਗੂਆਂ ਵੱਲੋਂ ਸੰਬੰਧਿਤ ਅਧਿਕਾਰੀਆਂ ਨਾਲ ਰਾਵਤਾ ਕਾਇਮ ਕੀਤਾ ਗਿਆ, ਫਿਰ ਸਾਨੂੰ ਲਾਰੇ ਮਿਲਦੇ ਰਹੇ ਤੇ ਅੰਤ ਥੱਕ ਹਾਰ ਕੇ ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਵੱਲੋਂ 20 ਅਗਸਤ 2024 ਨੂੰ ਡੀ ਪੀ ਆਈ ਦਫਤਰ ਮੋਹਾਲੀ ਵਿਖੇ ਪੱਕਾ ਮੋਰਚਾ ਲਗਾਇਆ ਗਿਆ, ਤੇ ਦੋ ਸਾਥੀ ਭਾਵੁਕ ਹੋਏ ਤੇ ਡੀ ਪੀ ਆਈ ਦਫ਼ਤਰ ਮੋਹਾਲੀ ਦੀ ਬਿਲਡਿੰਗ ਤੇ ਚੜ੍ਹ ਗਏ, ਜਿਨ੍ਹਾਂ ਨੇ ਸਤਾਰਾਂ ਦਿਨ ਉੱਤੇ ਬਹਿ ਕੇ ਸੰਘਰਸ਼ ਕੀਤਾ 25 ਦਿਨਾਂ ਦੇ ਵੱਡੇ ਸੰਘਰਸ਼ ਤੋਂ ਬਾਅਦ ਡੀ ਪੀ ਆਈ ਦਫ਼ਤਰ ਵੱਲੋਂ ਇੱਕ ਨੋਟਿਸ ਜਾਰੀ ਹੋਇਆ ਜਿਸ ਵਿੱਚ ਉਹਨਾਂ ਨੇ ਕਿਹਾ ਕਿ 16/17 ਸਤੰਬਰ ਨੂੰ ਤੁਹਾਡਾ ਸਟੇਸ਼ਨ ਅਲਾਟਮੈਂਟ ਕੀਤੀ ਜਾਵੇਗੀ। ਇਹ ਮਹਿਜ ਇੱਕ ਲਾਰਾ ਨਿਕਲਿਆ ਜਿਸਦੇ ਚਲਦਿਆਂ ਈਟੀਟੀ 2364 ਬੇਰੁਜ਼ਗਾਰ ਅਧਿਆਪਕਾਂ ਵੱਲੋਂ ਸਮੂਹਿਕ ਰੂਪ ਵਿੱਚ ਸਰਕਾਰ ਦਾ ਤੇ ਡੀ ਪੀ ਆਈ ਦਾ ਡਟਵਾਂ ਵਿਰੋਧ ਕੀਤਾ ਗਿਆ ਤੇ ਇਸ ਵਿਰੋਧ ਦੇ ਚਲਦਿਆ ਦਫਤਰ ਵੱਲੋਂ ਸਾਇਟ ਤੇ ਨੋਟਿਸ ਪਾਇਆ ਗਿਆ ਤੇ ਕਿਹਾ ਗਿਆ ਕਿ 21 ਸਤੰਬਰ ਨੂੰ ਤੁਹਾਡਾ ਸਟੇਸ਼ਨ ਅਲਾਟਮੈਂਟ ਦਾ ਪੋਰਟਲ ਓਪਨ ਕਰ ਦਿੱਤਾ ਜਾਵੇਗਾ, ਪਰ ਹੱਦ ਉਸ ਵੇਲੇ ਹੋ ਗਈ ਜਦੋਂ ਸਰਕਾਰ ਤੇ ਡੀ ਪੀ ਆਈ ਦਫ਼ਤਰ ਵੱਲੋਂ ਐੱਸ ਸੀ ਤੇ ਬੀ ਸੀ ਕੈਟਾਗਰੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਕਿਉਂਕਿ ਬਾਕੀ ਕੈਟਾਗਰੀਆਂ ਦੀ ਸਟੇਸ਼ਨ ਅਲਾਟਮੈਂਟ ਦਾ ਪੋਰਟਲ ਓਪਨ ਕਰਕੇ ਐੱਸ ਸੀ ਤੇ ਬੀ ਸੀ ਕੈਟਾਗਰੀਆਂ ਦਾ ਸਟੇਸ਼ਨ ਅਲਾਟਮੈਂਟ ਦਾ ਲਿੰਕ ਓਪਨ ਨਹੀਂ ਕੀਤਾ ਗਿਆ ਜੋ ਸ਼ਰੇਆਮ ਧੱਕਾ ਕੀਤਾ ਗਿਆ। ਇਹ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਆਗੂਆਂ ਨੇ ਕਿਹਾ ਕੀ ਜੇਕਰ ਸਰਕਾਰ ਵੱਲੋਂ ਸਾਡਾ ਜਲਦੀ ਹੱਲ ਕਰਕੇ ਨਿਯੁਕਤੀ ਪੱਤਰ ਜਾਰੀ ਨਹੀਂ ਕਰਦੀ ਤਾਂ 23/24 ਸਤੰਬਰ ਦਿਨ ਸੋਮਵਾਰ ਤੇ ਮੰਗਲਵਾਰ ਨੂੰ ਮੋਹਾਲੀ ਵਿਖੇ ਪੀ ਆਈ ਦਫਤਰ ਦੇ ਸਾਹਮਣੇ ਵੱਡਾ ਇੱਕਠ ਕੀਤਾ ਜਾਵੇਗਾ। ਇਸ ਦੇ ਨਾਲ ਹੀ ਗੁਪਤ ਐਕਸ਼ਨ ਕੀਤੇ ਜਾਣਗੇ। ਇਸ ਸੰਘਰਸ਼ ਵਿੱਚ ਸਾਰੀਆਂ ਭਾਈਚਾਰਕ ਜੱਥੇਬੰਦੀਆਂ ਵੱਲੋਂ ਵੱਡੇ ਰੂਪ ਵਿੱਚ ਸਮੂਲੀਅਤ ਕੀਤੀ ਜਾਵੇਗੀ ਇਸ ਸੰਘਰਸ਼ ਵਿੱਚ ਹੋਣ ਵਾਲੇ ਜਾਨੀ ਮਾਲੀ ਨੁਕਸਾਨ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਡੀ ਪੀ ਆਈ ਦਫ਼ਤਰ ਮੋਹਾਲੀ ਦੇ ਸਾਰੇ ਅਧਿਕਾਰੀ ਅਤੇ ਸਿੱਖਿਆ ਸਕੱਤਰ ਜੀ ਹੋਣਗੇ। ਇਸ ਮੌਕੇ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਸੰਗਤ ਬੁਢਲਾਡਾ ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ, ਪ੍ਰਥਿਵੀ ਅਬੋਹਰ, ਸੁਖਚੈਨ ਬੋਹਾ, ਸੁਖਜਿੰਦਰ ਸੰਗਰੂਰ, ਰਾਜਿੰਦਰ ਧੂਰੀ, ਕੁਲਦੀਪ ਅਬੋਹਰ, ਰਣਜੀਤ ਸੰਗਰੂਰ, ਸੁਖਜਿੰਦਰ ਜਲਾਲਾਬਾਦ, ਤਰਸੇਮ ਸੰਗਰੂਰ, ਓਮਪ੍ਰਕਾਸ਼ ਫਿਰੋਜ਼ਪੁਰ, ਜਗਪਾਲ ਡੱਬਵਾਲੀ, ਰਾਜਵਿੰਦਰ ਜਲਾਲਾਬਾਦ, ਕਿਰਨਦੀਪ ਨਾਭਾ, ਸ਼ੀਤਲ ਫਾਜ਼ਿਲਕਾ ਅਤੇ ਪੂਜਾ ਫਾਜ਼ਿਲਕਾ ਆਦਿ ਹਾਜ਼ਰ ਸਨ।



# ਆਦਮਪੁਰ ਦੀ ਟੀਮ ਨੇ ਜ਼ਿਲ੍ਹਾ ਪੱਧਰੀ ਵਾਲੀਬਾਲ ਟੂਰਨਾਮੈਂਟ ਜਿੱਤਿਆ

**ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ "ਖੇਡਾਂ ਵਤਨ ਪੰਜਾਬ ਦੀਆਂ" ਅਧੀਨ ਬਲਾਕ ਪੱਧਰ ਦੀਆਂ ਜੇਤੂ ਟੀਮਾਂ ਦੇ ਹੁਣ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਵਾਲੀਬਾਲ ਸੀਨੀਅਰ ਗਰੁੱਪ ਦੇ ਮੁਕਾਬਲੇ ਸਪੋਰਟਸ ਕਾਲਜ ਜਲੰਧਰ ਵਿਖੇ ਹੋ ਰਹੇ ਹਨ। ਇਹਨਾਂ ਮੁਕਾਬਲਿਆਂ ਵਿਚ ਅੱਜ ਆਦਮਪੁਰ ਤੇ ਨੂਰਮਹਿਲ ਦੀ ਟੀਮ ਵਿਚਕਾਰ ਫਾਈਨਲ ਮੁਕਾਬਲਾ ਖੇਡਿਆ ਗਿਆ। ਇਸ ਫਸਵੇਂ ਮੈਚ ਵਿਚ ਪਹਿਲਾ ਸੈਟ ਨੂਰਮਹਿਲ ਨੇ ਜਿੱਤ ਕੇ ਆਪਣੀ ਬੜ੍ਹਤ ਬਣਾ ਲਈ ਸੀ ਪਰ ਮਗਰਲੇ ਦੋਨੋਂ ਸੈਟਾਂ ਵਿਚ ਆਦਮਪੁਰ ਦੀ ਟੀਮ ਨੇ ਨੂਰਮਹਿਲ ਨੂੰ 21 -16 ਤੇ 21 - 19 ਨਾਲ ਹਰਾ ਕੇ ਜ਼ਿਲ੍ਹਾ ਟੂਰਨਾਮੈਂਟ ਜਿੱਤ ਲਿਆ ਤੇ ਵਾਲੀਬਾਲ ਵਿਚ ਗੋਲਡ ਮੈਡਲ ਪ੍ਰਾਪਤ ਕੀਤਾ । ਆਦਮਪੁਰ ਦੀ ਟੀਮ ਦੇ ਖਿਡਾਰੀਆਂ ਮੋਹਨ ਲਾਲ ਨਿੱਕੂ, ਗੁਰਚਰਨ ਸਿੰਘ ਡੀ.ਪੀ., ਪ੍ਰਿੰਸੀਪਲ ਰਾਮ ਆਸਰਾ, ਲੈਕਚਰਾਰ ਗੁਰਿੰਦਰ ਸਿੰਘ, ਗੁਰਮੀਤ ਕਿੱਟੂ, ਸੁਸ਼ੀਲ ਡੋਗਰਾ, ਗੁਰਵਿੰਦਰ ਰੰਧਾਵਾ, ਅਮਰਜੀਤ ਜੀਤਾ, ਤਰਸੇਮ ਵਾਹੀ, ਬਲਜੀਤ ਢਿੱਲੋਂ ਨੂੰ ਪੰਜਾਬ ਸਰਕਾਰ ਦੇ ਖੇਡ ਵਿਭਾਗ ਵਲੋਂ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਆਦਮਪੁਰ ਦੇ ਜੇ.ਸੀ. ਪ੍ਰਾਈਡ ਕਲੱਬ ਵਲੋਂ ਜੇਤੂ ਟੀਮ ਨੂੰ ਮੁਬਾਰਕਾਂ ਦਿੱਤੀਆਂ ਗਈਆਂ।



# ਨੰਗਲ ਵਿੱਚ ਜਨ ਸਿਹਤ ਅਭਿਆਨ ਮੀਟਿੰਗ ਹੋਈ

## ਸਿਹਤ ਖੇਤਰ ਵਿੱਚ ਵੱਧ ਰਹੀਆਂ ਬੇਨਿਯਮੀਆਂ ਅਤੇ ਗੜਬੜੀਆਂ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ

ਜਨ ਸਿਹਤ ਅਭਿਆਨ ਵੱਲੋਂ ਨੰਗਲ ਵਿੱਚ ਮੀਟਿੰਗ ਕੀਤੀ ਗਈ ਜਿਸ ਵਿੱਚ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਨੁਮਾਇੰਦਿਆਂ ਨੇ ਭਾਗ ਲਿਆ ਅਤੇ ਸਿਹਤ ਖੇਤਰ ਦੀਆਂ ਮੌਜੂਦਾ ਚੁਣੌਤੀਆਂ ਬਾਰੇ ਚਰਚਾ ਕੀਤੀ ਗਈ। ਰਾਸ਼ਟਰੀ ਕੋ-ਕਨਵੀਨਰ ਅਮੂਲਿਆ ਨਿਧੀ ਨੇ ਕਿਹਾ ਕਿ ਭਾਰਤ ਵਿੱਚ ਜਨ ਸਿਹਤ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ ਅਤੇ ਸਾਨੂੰ ਸਿਹਤ ਦੇ ਖੇਤਰ ਵਿੱਚ ਨਿੱਜੀਕਰਨ ਨੂੰ ਰੋਕਣ ਦੇ ਨਾਲ ਹਸਪਤਾਲਾਂ ਨੂੰ ਬਚਾਉਣ ਅਤੇ ਲੋਕਾਂ ਦੀ ਸਿਹਤ ਸੁਰੱਖਿਆ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਲੋਕ ਵਿਰੋਧੀ ਅਤੇ ਕਾਰਪੋਰੇਟ-ਸੰਚਾਲਿਤ ਸਿਹਤ ਏਜੰਡਾ ਆਮ ਲੋਕਾਂ ਦੀ ਬਿਹਤਰ ਸਿਹਤ ਪ੍ਰਤੀ ਲੋੜੀਂਦੀ ਸੰਵੇਦਨਸ਼ੀਲਤਾ ਦੀ ਘਾਟ ਦਾ ਪ੍ਰਤੀਬਿੰਬ ਹੈ ਅਤੇ ਇਸ ਆਰਥਿਕ ਲੁੱਟ ਦੀ ਨੀਤੀ ਦਾ ਸਭ ਤੋਂ ਵੱਧ ਅਸਰ ਸਮਾਜਿਕ-ਆਰਥਿਕ ਤੌਰ ਤੇ ਕਮਜ਼ੋਰ ਤਬਕਿਆਂ ਨੂੰ ਝੱਲਣਾ ਪੈ ਰਿਹਾ ਹੈ। ਇਹ ਲੋਕ ਭਲਾਈ ਰਾਜ ਦੁਆਰਾ ਆਪਣੀਆਂ ਜ਼ਿੰਮੇਵਾਰੀਆਂ ਅਤੇ ਸੰਵਿਧਾਨਕ ਜਵਾਬਦੇਹੀ ਤੋਂ ਭੱਜਣ ਦੀ ਕੋਸ਼ਿਸ਼ ਹੈ। ਜਨਤਕ ਸਿਹਤ ਏਜੰਡੇ ਦੀ ਅਣਗਹਿਲੀ ਦੇ ਗੰਭੀਰ ਨਤੀਜੇ ਕੋਵਿਡ-19 ਮਹਾਂਮਾਰੀ ਦੌਰਾਨ ਵੱਡੇ ਪੱਧਰ ਤੇ ਸਾਹਮਣੇ ਆਏ ਜਦੋਂ ਜਨਤਕ ਸਿਹਤ ਸੰਭਾਲ ਖੇਤਰ ਦੀ ਕਮਜ਼ੋਰੀ, ਅਕੁਸ਼ਲਤਾਵਾਂ ਅਤੇ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਦੀ ਸਮਰੱਥਾ ਦੀ ਘਾਟ ਸਾਹਮਣੇ ਆਈ ਅਤੇ ਸਰਕਾਰ ਵੱਲੋਂ ਸਮੇਂ ਸਿਰ ਲੋੜੀਂਦੀ ਸਹਾਇਤਾ ਨਾ ਦੇਣ ਅਤੇ ਪ੍ਰਾਈਵੇਟ ਸੈਕਟਰ ਦੀਆਂ ਮਹਿੰਗੀਆਂ ਅਤੇ ਮੁਨਾਫੇ ਵਾਲੀਆਂ ਸਿਹਤ ਸੇਵਾਵਾਂ ਕਾਰਨ ਬਹੁਤ ਸਾਰੇ ਲੋਕ ਮਾਰੇ ਗਏ।



ਉਨ੍ਹਾਂ ਕਿਹਾ ਕਿ ਸਰਕਾਰ ਬੀਮਾ-ਆਧਾਰਿਤ ਸਿਹਤ ਮਾਡਲ ਵੱਲ ਵਧ ਰਹੀ ਹੈ ਜਿਸਦਾ ਟੀਚਾ 2025 ਤੱਕ ਨਿੱਜੀ ਬੀਮਾ ਕਵਰੇਜ ਨੂੰ 30% ਤੱਕ ਵਧਾਉਣਾ ਹੈ ਜਦਕਿ ਸਰਕਾਰੀ ਹਸਪਤਾਲਾਂ ਨੂੰ ਬੀਮਾ-ਅਧਾਰਿਤ ਸੰਸਥਾਵਾਂ ਵਿੱਚ ਬਦਲਣ ਦੀ ਬਜਾਏ ਉਹਨਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਡਾਕਟਰ ਜੇ ਐਸ ਕਹਿਲ ਨੇ ਕਿਹਾ ਕਿ ਸਸਤੀਆਂ ਫੀਸਾਂ ਦੇ ਨਾਲ ਮਿਆਰੀ ਮੈਡੀਕਲ ਸਿੱਖਿਆ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਸਰਕਾਰ ਨੂੰ ਫੀਸਾਂ ਦੇ ਨਿਯਮਾਂ ਦੇ ਨਾਲ ਸਰਕਾਰੀ ਮੈਡੀਕਲ ਕਾਲਜਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਡਾਕਟਰ ਐਸ.ਪੀ.ਸੰਧੂ ਨੇ ਦੱਸਿਆ ਕਿ ਸਾਨੂੰ ਜਨ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਬੀਮਾ ਯੋਜਨਾਵਾਂ ਜਿਨ੍ਹਾਂ ਵਿੱਚ ਅਕਸਰ ਹੀ ਘੋਟਾਲੇ ਹੁੰਦੇ ਹਨ ਤੇ ਨਿਰਭਰ ਹੋਣ ਦੀ ਲੋੜ ਨਹੀਂ ਹੈ। ਆਲ ਇੰਡੀਆ ਐਸੋਸੀਏਸ਼ਨ ਆਫ ਲੈਬ ਟੈਕਨੀਸ਼ੀਅਨ ਦੇ ਪ੍ਰਧਾਨ ਸਤੀਸ਼ ਕੁਮਾਰ ਨੇ ਦੱਸਿਆ ਕਿ ਉਹ ਲੈਬ ਟੈਕਨੀਸ਼ੀਅਨਾਂ ਦੇ ਮਾਣ-ਸਨਮਾਨ ਅਤੇ ਅਧਿਕਾਰਾਂ ਲਈ ਲੜ ਰਹੇ ਹਨ ਅਤੇ ਇਸ ਲਈ ਸਾਰਿਆਂ ਨੂੰ ਮਿਲਕੇ ਲੜਨਾ ਚਾਹੀਦਾ ਹੈ। ਮਨੋਜ ਕੁਮਾਰ ਨੇ ਕਿਹਾ ਕਿ ਖੇਤਰੀ ਪੱਧਰ ਤੇ ਸਿਹਤ ਸੰਮੇਲਨ ਦਾ ਆਯੋਜਨ ਕਰਨਾ ਚਾਹੀਦਾ ਹੈ ਅਤੇ ਜਨਤਕ ਸਿਹਤ ਖੇਤਰ ਦੀ ਮੁਹਿੰਮ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਕੁਲਦੀਪ ਚੰਦ ਕੋ-ਕਨਵੀਨਰ ਜਨ ਸਿਹਤ ਅਭਿਆਨ ਪੰਜਾਬ ਨੇ ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਜ਼ਮੀਨੀ ਸਥਿਤੀ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਮਿਲੀਭੁਗਤ ਨਾਲ ਨਿੱਜੀ ਸਿਹਤ ਕੇਂਦਰ ਲੋਕਾਂ ਦੀ ਲੁੱਟ ਕਰ ਰਹੇ ਹਨ। ਉਨ੍ਹਾਂ ਨੇ ਮੈਡੀਕਲ ਖੇਤਰ ਵਿੱਚ ਹੋ ਰਹੀ ਲੁੱਟ ਸਬੰਧੀ ਆਰ ਟੀ ਆਈ ਅਧਾਰਿਤ ਅਤੇ ਵੱਖ ਵੱਖ ਮੀਡੀਆ ਰਿਪੋਰਟਾਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸਾਡੇ ਸੰਘਰਸ਼ ਸਦਕਾ ਪਿਛਲੀ ਸਰਕਾਰ ਨੇ ਕੁੱਝ ਸਿਹਤ ਕੇਂਦਰਾਂ ਦੇ ਨਿੱਜੀਕਰਨ ਕਰਨ ਦੇ ਫੈਸਲੇ ਨੂੰ ਵਾਪਸ ਲਿਆ ਸੀ। ਉਨ੍ਹਾਂ ਕਿਹਾ ਕਿ ਅਸੀਂ ਜੇਐਸਏ ਪੰਜਾਬ ਦੀਆਂ ਜ਼ਿਲ੍ਹਾ ਇਕਾਈਆਂ ਅਤੇ ਰਾਜ ਇਕਾਈਆਂ ਦੀ ਸਥਾਪਨਾ ਕਰਾਂਗੇ।

ਉਨ੍ਹਾਂ ਕਿਹਾ ਕਿ ਸਾਰਿਆਂ ਲਈ ਮਿਆਰੀ ਸਸਤੀਆਂ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪਿੰਡ ਮੋਘਪੁਰ ਵਿਖੇ ਵੀ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਲੱਗਭੱਗ 30 ਔਰਤਾਂ ਨੇ ਭਾਗ ਲਿਆ ਅਤੇ ਰਜਨੀ, ਕੰਚਨ, ਚੰਦਰਕਾਂਤਾ, ਰਮਨਦੀਪ ਕੌਰ, ਮੁਖਤਿਆਰ ਕੌਰ, ਸੁਨੀਤਾ ਦੇਵੀ, ਅਮਨਦੀਪ ਕੌਰ, ਰੀਤੂ, ਸੁਨੀਤਾ, ਊਸ਼ਾ, ਜੋਤੀ, ਸ਼ਿੰਦੋ, ਪੂਨਮ, ਸ਼ਿਲਪਾ, ਅਨੀਤਾ, ਬਲਜੀਤ ਕੌਰ, ਵੀਰੋ, ਮਨਜੀਤ ਕੌਰ, ਪ੍ਰਿੰਅਕਾ ਆਦਿ ਨੇ ਸਿਹਤ ਸੇਵਾਵਾਂ ਬਾਰੇ ਆਪਣੇ ਨਿੱਜੀ ਤਜਰਬੇ ਸਾਂਝੇ ਕੀਤੇ।

ਸਮਾਜ ਸੇਵੀ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਆਦਾਤਰ ਸਿਹਤ ਕੇਂਦਰ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਇਸ ਮੌਕੇ ਜਨਤਕ ਸਿਹਤ ਪ੍ਰਣਾਲੀ ਦੀ ਜਵਾਬਦੇਹੀ, ਮਜ਼ਬੂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ, ਆਊਟਸੋਰਸਿੰਗ ਅਤੇ ਠੇਕੇਦਾਰੀ ਪ੍ਰਥਾ ਤੇ ਪਾਬੰਦੀ ਲਗਾਉਣ, ਸਿਹਤ ਕਾਮਿਆਂ ਦੀ ਸੁਰੱਖਿਆ, ਸਾਰੇ ਪੱਧਰਾਂ ਤੇ ਸਭ ਲਈ ਸਿਹਤ ਪਹੁੰਚ ਅਪਣਾਉਣ, ਸਿਹਤ ਸਬੰਧੀ ਚਿੰਤਾਵਾਂ ਨੂੰ ਜਨਤਕ ਸਿਹਤ ਨੀਤੀ ਦਾ ਕੇਂਦਰ ਬਣਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ।

**ਕੁਲਦੀਪ ਚੰਦ, 9417563054**

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਕਮੇਟੀ ਦੀ ਚੋਣ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਮੀਟਿੰਗ ਨਵਾਂਸ਼ਹਿਰ ਵਿਚ ਜ਼ਿਲ੍ਹਾ ਚੇਅਰਮੈਨ ਮਨਮੋਹਨ ਸਿੰਘ ਗੁਲਾਟੀ ਦੀ ਅਗਵਾਈ ਵਿੱਚ ਹੋਈ। ਜਿਸ ਵਿਚ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਅਤੇ ਜਨਰਲ ਸਕੱਤਰ ਪੰਜਾਬ ਡਾਕਟਰ ਹਰਿਕ੍ਰਿਸ਼ਨ ਬੰਗਾ, ਦਰਸ਼ਨ ਦਰਦੀ ਸਲਾਹਕਾਰ ਪੰਜਾਬ ਉਚੇਚੇ ਤੌਰ ਤੇ ਹਾਜ਼ਿਰ ਹੋਏ। ਇਸ ਮੌਕੇ ਜ਼ਿਲ੍ਹਾ



ਸ਼ਹੀਦ ਭਗਤ ਸਿੰਘ ਨਗਰ ਦੀ ਇਕਾਈ ਦੀ ਚੋਣ ਕੀਤੀ ਗਈ। ਜਿਸ ਵਿਚ ਮਨਮੋਹਨ ਸਿੰਘ ਗੁਲਾਟੀ ਨੂੰ ਜ਼ਿਲ੍ਹਾ ਚੇਅਰਮੈਨ, ਬਹਾਦੁਰ ਚੰਦ ਅਰੋੜਾ ਜ਼ਿਲ੍ਹਾ ਪ੍ਰਧਾਨ, ਐਡਵੋਕੇਟ ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ, ਕਿਰਨ ਬਾਲਾ ਬੰਗਾ ਜਨਰਲ ਸਕੱਤਰ, ਵੀਨਾ ਰਾਣੀ ਨੂੰ ਜੁਆਇੰਟ ਸਕੱਤਰ, ਸ਼ਾਮਾ ਮਲਹਣ ਸਲਾਹਕਾਰ, ਡਾਕਟਰ ਮਲਕੀਤ ਕੌਰ ਜੰਡੀ ਮੀਡੀਆ ਸਲਾਹਕਾਰ, ਵਾਸੁਦੇਵ ਪਰਦੇਸੀ ਪ੍ਰੈਸ ਸਕੱਤਰ, ਪ੍ਰਵੀਨ ਕੁਮਾਰ, ਸਤਨਾਮ ਸਿੰਘ, ਵਰਿਆਮ ਸਿੰਘ ਟਾਹਲੀ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਹਾਜਿਰ ਸਤੀਸ਼ ਕੁਮਾਰ ਸੋਨੀ ਸੰਸਥਾਪਕ ਪ੍ਰਧਾਨ ਨੇ ਚੁਣੀ ਹੋਈ ਟੀਮ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਸਮਾਜ-ਸੇਵੀ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਉਮੀਦ ਜਾਹਿਰ ਕੀਤੀ। ਡਾਕਟਰ ਹਰਿਕ੍ਰਿਸ਼ਨ ਜਨਰਲ ਸਕੱਤਰ ਪੰਜਾਬ ਨੇ ਕਿਹਾ ਸਾਡੀ ਸੁਸਾਇਟੀ ਵਲੋਂ ਜੋ ਮੁਹਿੰਮ ਧਰਤੀ ਬਚਾਓ ਬੇਟੀ ਬਚਾਓ ਚਲਾਈ ਹੋਈ ਹੈ, ਸਾਡੀ ਚੁਣੀ ਹੋਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇਕਾਈ ਇਸ ਨੂੰ ਅੱਗੇ ਵਧਾਉਣ 'ਚ ਪ੍ਰਮੁੱਖ ਰੋਲ ਅਦਾ ਕਰੇਗੀ। ਚੇਅਰਮੈਨ ਮਨਮੋਹਨ ਸਿੰਘ ਗੁਲਾਟੀ ਨੇ ਕਿਹਾ ਕਿਹਾ ਅੱਜ ਬੇਟੀਆਂ ਨੂੰ ਬਚਾਉਣਾ ਸਮੇਂ ਦੀ ਮੰਗ ਹੈ, ਆਦਰਸ਼ ਸੋਸ਼ਲ ਵੈਲਫ਼ੇਅਰ ਸੁਸਾਇਟੀ ਪੰਜਾਬ ਵਲੋਂ ਬੇਟੀ ਬਚਾਓ ਧਰਤੀ ਮੁਹਿੰਮ ਸਮਾਜ ਨੂੰ ਨਵੀਂ ਸੇਧ ਦੇ ਰਹੀ ਹੈ। ਐਡਵੋਕੇਟ ਜਸਪ੍ਰੀਤ ਬਾਜਵਾ ਨੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਸੁਸਾਇਟੀ ਵਲੋਂ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਵਿਚ ਵਧ ਚੜ੍ਹ ਕੇ ਭਾਗ ਲੈਣ ਦਾ ਭਰੋਸਾ ਦਿਵਾਇਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਹਾਦੁਰ ਚੰਦ ਅਰੋੜਾ, ਮੈਡਮ ਵੀਨਾ ਸ਼ਰਮਾ, ਸ਼ਾਮਾ ਮਲਹਣ, ਦਰਸ਼ਨ ਦਰਦੀ, ਵਾਸੁਦੇਵ ਪਰਦੇਸੀ, ਡਾਕਟਰ ਮਲਕੀਤ ਕੌਰ ਜੰਡੀ ਨੇ ਵੀ ਆਪਣੇ ਸੰਬੋਧਿਤ ਕੀਤਾ।

# ਦਲਿਤ ਮੁਕਤੀ ਮਾਰਚ ਨੇ ਕੀਤੀ ਨਜ਼ੂਲ ਜਮੀਨਾਂ ਦੇ ਮਾਲਕੀ ਹੱਕ ਦੇਣ ਦੀ ਮੰਗ





**ਮੂਨਕ, (ਦਲਜੀਤ ਕੌਰ)** ਜ਼ਮੀਨ ਦੀ ਕਾਣੀ ਵੰਡ ਅਤੇ ਜਾਤੀ ਦਾਬੇ ਦੇ ਖ਼ਿਲਾਫ ਚੱਲਿਆ ਦਲਿਤ ਮੁਕਤੀ ਮਾਰਚ ਮੂਨਕ ਤੋਂ ਭੂੰਦੜ ਭੈਣੀ, ਹਮੀਰਗੜ੍ਹ, ਭਾਨੂਆਂ ਤੋਂ ਦੇਹਲਾ ਪਹੁੰਚਿਆ।

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਆਗੂ ਜਗਤਾਰ ਤੋਲੇਵਾਲ ਨੇ ਕਿਹਾਕਿ ਜਿੱਥੇ ਪੰਜਾਬ ਵਿੱਚ ਜਮੀਨ ਦੀ ਕਾਣੀ ਵੰਡ ਹੈ ਉੱਥੇ ਸਰਕਾਰਾਂ ਨਜ਼ੂਲ ਸੁਸਾਇਟੀ ਦੀਆਂ ਜਮੀਨਾਂ ਦੇ ਮਾਲਕੀ ਹੱਕ ਦੇਣ ਬਾਰੇ ਵੀ ਵਿਤਕਰਾ ਰੱਖਦੀਆਂ ਨੇ 1956 ਵਿਚ ਦਲਿਤ ਮਜ਼ਦੂਰਾਂ ਦੀਆਂ ਸੁਸਾਇਟੀਆਂ ਬਣਾ ਕੇ ਦਿੱਤੀਆਂ ਇਹ ਜਮੀਨਾਂ ਦੇ ਹੁਣ ਤੱਕ ਮਾਲਕੀ ਹੱਕ ਨਹੀਂ ਦਿੱਤੇ ਹਨ ਅਤੇ ਨਾ ਹੀ ਇਹਨਾ ਜਮੀਨਾ ਤੇ ਕੀਤੇ ਘੜੰਮ ਚੌਧਰੀਆਂ ਤੋਂ ਨਜਾਇਜ ਕਬਜ਼ੇ ਛੁਡਵਾਏ ਹਨ। ਸਰਕਾਰ ਦਲਿਤ ਵਿਰੋਧੀ ਮਾਨਸਿਕਤਾ ਰੱਖਦੇ ਹੋਏ ਬੇਜ਼ਮੀਨੇ ਲੋੜਵੰਦ ਪਰਿਵਾਰਾਂ ਨੂੰ ਹਰ ਸਾਲ 5-5 ਮਰਲੇ ਪਲਾਟ ਦੇਣ ਦਾ ਲਾਅਰਾ ਲਾਉਂਦੀ ਹੈ। ਘਰਾਂ ਦੀਆਂ ਰਜਿਸਟਰੀਆਂ ਵੀ ਜਾਰੀ ਨਹੀਂ ਕਰ ਰਹੀ। ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਕਰਕੇ ਰਿਜ਼ਰਵੇਸ਼ਨ ਵਿਚ ਮਿਲਣ ਵਾਲੀਆਂ ਨੌਕਰੀਆਂ ਨੂੰ ਖਤਮ ਕਰ ਰਹੀ ਹੈ। ਮਹਿਗਾਈ ਦੇ ਹਿਸਾਬ ਨਾਲ ਅੱਜ ਮਜ਼ਦੂਰ ਦੀ ਦਿਹਾੜੀ 1000/ਰੁ ਬਣਦੀ ਹੈ।

ਪਰ ਮਨਰੇਗਾ ਸਮੇਤ ਮਜ਼ਦੂਰ ਦੀ ਦਿਹਾੜੀ ਇਸ ਦੇ ਨੇੜ ਤੇੜ ਵੀ ਨਹੀਂ ਹੈ, ਜਾਤੀ ਦਾਬਾ ਖਤਮ ਹੋਣ ਦੀ ਬਜਾਏ ਵਧਦਾ ਜਾ ਰਿਹਾ ਹੈ। ਇਸ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਦਲਿਤ ਮੁਕਤੀ ਮਾਰਚ ਸੰਗਰੂਰ, ਮਲੇਰਕੋਟਲਾ, ਪਟਿਆਲਾ, ਬਰਨਾਲਾ ਦੇ ਲਗਭਗ 300 ਪਿੰਡਾਂ ਵਿੱਚ ਜਾਣ ਦਾ ਫੈਸਲਾ ਕੀਤਾ ਸੀ ਜਿਸ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅੱਜ ਲਗਭਗ 200 ਪਿੰਡਾ ਵਿੱਚ ਪਹੁੰਚ ਕਰ ਚੁੱਕੀ ਹੈ ਅੱਗੇ ਵੀ ਮਾਰਚ ਜਾਰੀ ਹੈ।

ਉਪਰੋਕਤ ਤੋਂ ਇਲਾਵਾ ਸ਼ਿੰਗਾਰਾ ਸਿੰਘ ਹੇੜੀਕੇ, ਗੁਰਦਾਸ ਝਲੂਰ ਆਦਿ ਨੇ ਸੰਬੋਧਨ ਕੀਤਾ। ਕਾਫਲੇ ਵਿਚ ਵੀਰਪਾਲ ਦੁੱਲੜ, ਜਸਵਿੰਦਰ ਸਿੰਘ ਹੇੜੀਕੇ, ਰਮਨਦੀਪ ਸਿੰਘ ਤੋਲੇਵਾਲ ਆਦਿ ਵਿਅਕਤੀ ਸ਼ਾਮਲ ਸਨ।

# ਡੀ.ਏ.ਵੀ. ਕਾਲਜ ਵਿੱਚ ਸੱਤਵੇਂ ਤਨਖ਼ਾਹ ਕਮਿਸ਼ਨ ਨੂੰ ਲਾਗੂ ਨਾ ਕਰਨ ਅਤੇ ਨਵੀਂ ਸਿੱਖਿਆ ਨੀਤੀ ਦੇ ਵਿਰੋਧ ਵਿੱਚ ਰੋਸ ਧਰਨਾ ਦਿੱਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਏ.ਆਈ. ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਅਧਿਆਪਕਾਂ ਲਈ ਸੱਤਵੇਂ ਤਨਖਾਹ ਕਮਿਸ਼ਨ ਅਤੇ ਰਾਸ਼ਟਰੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਵਿੱਚ ਪੰਜਾਬ ਸਰਕਾਰ ਦੀ ਢਿੱਲ-ਮੱਠ ਦਾ ਵਿਰੋਧ ਕੀਤਾ ਜਾ ਰਿਹਾ ਹੈ। ਐਫ ਸੀ ਟੀ ਯੂ ਅਤੇ ਪੀਸੀਸੀਟੀਯੂ ਦੇ ਸੱਦੇ 'ਤੇ




ਡੀ ਏ ਵੀ ਕਾਲਜ ਹੁਸ਼ਿਆਰਪੁਰ ਦੇ ਅਧਿਆਪਕਾਂ ਨੇ ਦੋ ਪੀਰੀਅਡਾਂ ਲਈ ਹੜਤਾਲ ਕੀਤੀ। ਪੰਜਾਬ ਅਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੀ ਹੁਸ਼ਿਆਰਪੁਰ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਡਾ. ਕੁਲਵੰਤ ਸਿੰਘ ਰਾਣਾ ਨੇ ਕਿਹਾ ਕਿ ਕਾਲਜਾਂ ਵੱਲੋਂ ਤਨਖ਼ਾਹ ਨਿਸ਼ਚਿਤ ਕਰਨ ਸਬੰਧੀ ਕੇਸ ਕਰੀਬ ਇੱਕ ਸਾਲ ਪਹਿਲਾਂ ਡਾਇਰੈਕਟਰ ਹਾਇਰ ਐਜੂਕੇਸ਼ਨ ਮੁਹਾਲੀ ਦੇ ਦਫ਼ਤਰ ਨੂੰ ਭੇਜੇ ਗਏ ਸਨ ਪਰ ਸਰਕਾਰ ਕਾਲਜ ਅਧਿਆਪਕਾਂ ਦੀਆਂ ਤਨਖਾਹਾਂ ਤੈਅ ਕਰਨ ਵਿੱਚ ਦੇਰੀ ਕਰ ਰਹੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅਧਿਆਪਕਾਂ ਦੀਆਂ ਤਨਖਾਹਾਂ ਤੁਰੰਤ ਤੈਅ ਕੀਤੀਆਂ ਜਾਣ ਅਤੇ ਵਧੀਆਂ ਗ੍ਰਾਂਟਾਂ ਜਾਰੀ ਕੀਤੀਆਂ ਜਾਣ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਨੂੰ ਜਲਦੀ ਪੂਰਾ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਪ੍ਰੋਫੈਸਰ ਅਮਰਜੀਤ ਸਿੰਘ, ਪ੍ਰੋਫੈਸਰ ਵਿਸ਼ਾਲ ਸ਼ਰਮਾ, ਪ੍ਰੋਫੈਸਰ ਕਪਿਲ ਚੋਪੜਾ, ਲਾਇਬ੍ਰੇਰੀਅਨ ਹਿਤੇਸ਼ ਕੁਮਾਰ, ਪ੍ਰੋਫੈਸਰ ਟਰੇਸੀ ਕੋਹਲੀ, ਡਾ. ਨੀਰੂ ਮਹਿਤਾ, ਪ੍ਰੋਫੈਸਰ ਅਨਿਲ ਕੁਮਾਰ, ਡਾ. ਵਰਸ਼ਾ, ਡਾ: ਸੋਨੂੰ, ਪ੍ਰੋਫੈਸਰ ਕਮਲਜੀਤ ਕੌਰ, ਪ੍ਰੋ. ਨਵੀਨ, ਡਾ. ਰਾਹੁਲ ਕਾਲੀਆ, ਡਾ. ਸੁਰਜੀਤ ਕੌਰ, ਡਾ. ਕੁਸੁਮ ਆਦਿ ਹਾਜ਼ਰ ਸਨ।

# ਸੀ.ਟੀ. ਗਰੁੱਪ ਆਫ ਕਾਲੇਜ ਦੇ ਵਿਦਿਆਰਥੀਆਂ ਨੂੰ ਸ਼ੇਅਰ ਬਜ਼ਾਰ ਪ੍ਰਤੀ ਕੀਤਾ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਕੋਰੋਨਾ ਕਾਲ ਪਿੱਛੋਂ ਜਿੰਨੀ ਤੇਜੀ ਨਾਲ ਦੇਸ਼ ਵਿੱਚ ਸ਼ੇਅਰ ਬਜ਼ਾਰ ਵਿੱਚ ਟ੍ਰੇਡਿੰਗ ਕਰਨ ਲੋਕ ਉਤਰੇ ਤੇ ਉਨ੍ਹਾਂ ਵਿੱਚੋਂ 90 ਫੀਸਦੀ ਨੇ ਆਪਣਾ ਪੈਸਾ ਗਵਾਇਆ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ, ਇਸ ਲਈ ਖਾਸਕਰ ਨੌਜਵਾਨ ਪੀੜ੍ਹੀ ਨੂੰ ਇਸ ਰੁਝਾਨ ਤੋਂ ਬਚਣ ਦੀ ਲੋੜ ਹੈ, ਇਹ ਪ੍ਰਗਟਾਵਾ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਦੇ ਐਮ.ਡੀ. ਪਰਮਜੀਤ ਸਿੰਘ ਸੱਚਦੇਵਾ ਵੱਲੋਂ ਸੀ.ਟੀ. ਗਰੁੱਪ ਆਫ ਕਾਲੇਜ ਜਲੰਧਰ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਪੈਸਾ ਕਮਾਉਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾ ਤਹਾਨੂੰ ਖੁਦ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨਾ ਪਵੇਗਾ ਤੇ ਫਿਰ ਟ੍ਰੇਡਿੰਗ ਦੀ ਸੋਚ ਨੂੰ ਛੱਡ ਕੇ ਮਿਊਚਲ ਫੰਡ ਜਾਂ ਫਿਰ ਲੰਬੇ ਸਮੇਂ ਦੇ ਨਿਵੇਸ਼ ਉੱਪਰ ਧਿਆਨ ਕੇਂਦਰਿਤ ਕਰਨਾ ਪਵੇਗਾ ਜਿਸ ਪਿੱਛੋਂ ਚੰਗੇ ਨਤੀਜੇ ਆਉਣ ਦੀ ਮਜ਼ਬੂਤ ਸੰਭਾਵਨਾ ਹੈ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਅੱਜ ਨੌਜਵਾਨ ਵਰਗ ਬਹੁਤ ਤੇਜ਼ੀ ਨਾਲ ਪੈਸਾ ਕਮਾਉਣ ਦੇ ਚੱਕਰ ਵਿੱਚ ਟ੍ਰੇਡਿੰਗ ਜਰੀਏ ਆਪਣਾ ਜਾਂ ਮਾਪਿਆਂ ਦਾ ਪੈਸਾ ਸ਼ੇਅਰ ਬਜ਼ਾਰ ਵਿੱਚ ਨਿਵੇਸ਼ ਕਰ ਰਿਹਾ ਹੈ ਲੇਕਿਨ ਪੈਸਾ ਕਮਾਉਣ ਦੀ ਥਾਂ ਵੱਡੀ ਗਿਣਤੀ ਵਿੱਚ ਲੋਕ ਆਪਣਾ ਪੈਸਾ ਗਵਾ ਚੁੱਕੇ ਹਨ ਜਾਂ ਫਿਰ ਗਵਾ ਰਹੇ ਹਨ। ਉਨ੍ਹਾਂ ਕਿਹਾ ਕਿ ਸਫਲਤਾ ਲਈ ਕਦੇ ਵੀ ਕੋਈ ਸ਼ਾਰਟ ਕੱਟ ਨਹੀਂ ਹੁੰਦਾ ਇਸ ਲਈ ਤਹਾਨੂੰ ਸਬਰ-ਸੰਤੋਖ ਨਾਲ ਜ਼ਿੰਦਗੀ ਵਿੱਚ ਅੱਗੇ ਵੱਧਣ ਤੇ ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਨਿਵੇਸ਼ ਦੇ ਰੂਪ ਵਿੱਚ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਸ ਦੇ ਚੰਗੇ ਨਤੀਜੇ ਇੱਕ ਦਿਨ ਸਾਹਮਣੇ ਵੀ ਆਉਂਦੇ ਹਨ। ਇਸ ਸਮੇਂ ਕਾਲੇਜ ਡਾਇਰੈਕਟਰ ਡਾ. ਜਸਦੀਪ ਕੌਰ ਧਾਮੀ ਵੱਲੋਂ ਪਰਮਜੀਤ ਸੱਚਦੇਵਾ ਦਾ ਕਾਲੇਜ ਪ੍ਰੰਗਣ ਉੱਪਰ ਜਿੱਥੇ ਸਵਾਗਤ ਕੀਤਾ ਉੱਥੇ ਹੀ ਵਡਮੁੱਲੇ ਵਿਚਾਰ ਵਿਦਿਆਰਥੀਆਂ ਦੇ ਨਾਲ ਸਾਂਝੇ ਕਰਨ ਪ੍ਰਤੀ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਨਿਤਿਨ ਅਰੋੜਾ, ਵਿਭਾਗ ਮੁੱਖੀ ਮਲਕੀਤ ਸਿੰਘ, ਸਹਾਇਕ ਪ੍ਰੋਫੈਸਰਾਂ ਵਿੱਚ ਮਿਸਟਰ ਕਾਰਤਿਕ, ਅਨੁਜ ਸ਼ਰਮਾ, ਅੰਜਲੀ ਜੋਸ਼ੀ, ਸਪਨਾ ਸ਼ਰਮਾ, ਮੋਹਿਨੀ, ਚਰਨਜੀਤ ਕੌਰ, ਸੁਪਰਿਯਾ ਮਹਾਜਨ, ਤਨਵੀ ਵਰਮਾ, ਰਮਨਦੀਪ ਕੌਰ ਸਿੱਧੂ, ਰਮਨਦੀਪ ਕੌਰ ਭਾਟੀਆ, ਹਰਪ੍ਰੀਤ ਕੌਰ, ਵਿਵੇਕਾ ਆਦਿ ਹਾਜਰ ਰਹੇ।



# ਵਿਰੋਧੀ ਆਪਣੇ ਸ਼ਬਦਾਂ ਦੀ ਵਰਤੋਂ ਕਰਨ ਲੱਗਿਆਂ ਸੁਚੇਤ ਰਹਿਣ- ਕਮਲਾ ਹੈਰਿਸ ਨੇ ਟਰੰਪ ਨੂੰ ਦਿੱਤੀ ਨਸੀਹਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉੱਪ ਰਾਸ਼ਟਰਪਤੀ ਤੇ ਰਾਸ਼ਟਰਪਤੀ ਚੋਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਸੈਨੇਟਰ ਜੇ ਡੀ ਵੈਂਸ ਦੀ ਹੈਤੀਅਨ ਪ੍ਰਵਾਸੀਆਂ ਬਾਰੇ ਝੂਠੀਆਂ ਅਫਵਾਹਾਂ ਫੈਲਾਉਣ ਕਿ ਉਹ ਸਪਰਿੰਗਫੀਲਡ, ਓਹੀਓ ਵਿਚ ਪਾਲਤੂ ਕੁੱਤੇ-ਬਿੱਲੀਆਂ ਚੋਰੀ ਕਰਕੇ ਖਾਂਦੇ ਹਨ, ਦੇ ਮੁੱਦੇ 'ਤੇ ਸਖਤ ਸ਼ਬਦਾਂ ਵਿਚ ਅਲੋਚਨਾ ਕਰਦਿਆਂ ਉਨਾਂ ਨੂੰ ਆਪਣੇ ਸ਼ਬਦਾਂ ਉਪਰ ਨਿਯੰਤਰਣ ਰੱਖਣ ਦੀ ਨਸੀਹਤ ਵੀ ਦਿੱਤੀ ਹੈ।

ਫਿਲਾਡੈਲਫੀਆ ਵਿਚ ਨੈਸ਼ਨਲ ਐਸੋਸੀਏਸ਼ਨ ਆਫ ਬਲੈਕ ਜਰਨਲਿਸਟਸ ਨਾਲ ਗੱਲਬਾਤ ਕਰਦਿਆਂ ਹੈਰਿਸ ਨੇ ਆਪਣੇ ਵਿਰੋਧ ਰਿਪਬਲੀਕਨ ਉਮੀਦਵਾਰ ਨੂੰ ਸਲਾਹ ਦਿੱਤੀ ਕਿ ਉਹ ਕੌਮੀ ਪੱਧਰ 'ਤੇ ਸ਼ਬਦਾਂ ਦੀ ਵਰਤੋਂ ਕਰਨ ਲੱਗਿਆਂ ਸੁਚੇਤ ਰਹਿਣ। ਤਕਰੀਬਨ 45 ਮਿੰਟਾਂ ਦੀ ਮੁਲਾਕਾਤ ਦੌਰਾਨ ਹੈਰਿਸ ਨੇ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਹੈ। ਮੈ ਹੈਤੀਅਨ ਭਾਈਚਾਰੇ ਨਾਲ ਖੜੀ ਹਾਂ। ਉਨਾਂ ਕਿਹਾ ਕਿ ਨਿਰਆਧਾਰ ਅਫਵਾਹਾਂ ਨੇ ਸਮੁੱਚੇ ਖੇਤਰ ਵਿਚ ਡਰ ਤੇ ਸਹਿਮ ਦਾ ਮਹੌਲ ਪੈਦਾ ਕਰ ਦਿੱਤਾ ਹੈ। ਹੈਰਿਸ ਨੇ ਕਿਹਾ ਕਿ ਇਕ ਵਕੀਲ ਵਜੋਂ ਆਪਣੇ ਸ਼ੁਰੂਆਤੀ ਕਰੀਅਰ ਦੌਰਾਨ ਮੈ ਸਿੱਖਿਆ ਹੈ ਕਿ ਤੁਹਾਡੇ ਵੱਲੋਂ ਵਰਤੇ ਗਏ ਸ਼ਬਦਾਂ ਦਾ ਚਾਹੇ ਕੋਈ ਜੇਲ ਦੇ ਅੰਦਰ ਹੈ ਜਾਂ ਬਾਹਰ ਹੈ, ਉਪਰ ਅਸਰ ਪੈਂਦਾ ਹੈ। ਹੈਰਿਸ ਨੇ ਕਿਹਾ ਕਿ ਜਦੋਂ ਤੁਹਾਡੇ ਸਾਹਮਣੇ ਮਾਈਕਰੋਫੋਨ ਹੋਵੇ ਤਾਂ ਤੁਹਾਨੂੰ ਬਹੁਤ ਹੀ ਗੰਭੀਰਤਾ ਨਾਲ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਤੁਹਾਡੇ ਦੁਆਰਾ ਬੋਲੇ ਗਏ ਸ਼ਬਦਾਂ ਦਾ ਕੀ ਅਰਥ ਹੈ।



ਪਿਛਲੇ ਹਫਤੇ ਹੈਰਿਸ ਨਾਲ ਬਹਿਸ ਤੋਂ ਬਾਅਦ ਟਰੰਪ ਦੁਆਰਾ ਹੈਤੀ ਲੋਕਾਂ ਬਾਰੇ ਦਿੱਤੇ ਗਏ ਬਿਆਨ ਨੂੰ ਸਥਾਨਕ ਅਧਿਕਾਰੀਆਂ ਨੇ ਨਾਕਾਰ ਦਿੱਤਾ ਸੀ ਪਰੰਤੂ ਟਰੰਪ ਦੇ ਬਿਆਨ ਤੋਂ ਬਾਅਦ ਸਪਰਿੰਗਫੀਲਡ ਖੇਤਰ ਵਿਚ ਬੰਬ ਧਮਾਕੇ ਕਰਨ ਵਰਗੀਆਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਜਿਸ ਕਾਰਨ ਕੁਝ ਪਬਲਿਕ ਸਕੂਲ ਤੇ ਮਿਊਂਸਪਿਲ ਇਮਾਰਤਾਂ ਨੂੰ ਖਾਲੀ ਕਰਵਾਉਣਾ ਪਿਆ ਸੀ।

ਖੇਤਰ ਵਿਚਲੀਆਂ ਯੁਨੀਵਰਸਿਟੀਆਂ ਤੇ ਕਾਲਜਾਂ ਨੇ ਵੀ ਧਮਕੀਆਂ ਮਿਲਣ ਉਪਰੰਤ ਆਪਣੀਆਂ ਸਰਗਰਮੀਆਂ ਰੱਦ ਕਰ ਦਿੱਤੀਆਂ ਸਨ। ਇਥੇ ਇਹ ਵੀ ਜਿਕਰਯੋਗ ਹੈ ਕਿ ਰਿਪਬਲੀਕਨ ਪਾਰਟੀ ਦੇ ਉੱਪ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਵੈਂਸ ਨੇ ਉਕਤ ਅਫਵਾਹਾਂ ਨੂੰ ਹਾਲ ਹੀ ਵਿਚ ਕਈ ਵਾਰ ਦੁਹਰਾਇਆ ਹੈ। ਓਹੀਓ ਵਿਚ ਇਕ ਮੁਲਾਕਾਤ ਦੌਰਾਨ ਉਨਾਂ ਕਿਹਾ ਕਿ ਹੈਤੀਅਨ ਲੋਕਾਂ ਬਾਰੇ ਅਫਵਾਹਾਂ ਫੈਲਣ 'ਤੇ ਉਨਾਂ ਨੂੰ ਕੋਈ ਦੁੱਖ ਨਹੀਂ ਹੈ।

### ਇਕ ਰਿਪੋਰਟਰ ਬੀਬੀ ਦੀ ਹੱਤਿਆ ਦਾ ਮਾਮਲਾ

## 24 ਸਤੰਬਰ ਨੂੰ ਫਾਹੇ ਲਾਏ ਜਾਣ ਵਾਲੇ ਸ਼ੱਕੀ ਦੋਸ਼ੀ ਨੇ ਸੁਪਰੀਮ ਕੋਰਟ ਨੂੰ ਫਾਂਸੀ ਉਪਰ ਰੋਕ ਲਾਉਣ ਦੀ ਕੀਤੀ ਅਪੀਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਿਸੂਰੀ ਰਾਜ ਵਿਚ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਇਕ ਸ਼ੱਕੀ ਦੋਸ਼ੀ ਨੇ ਯੂ ਐਸ ਸੁਪਰੀਮ ਕੋਰਟ ਨੂੰ ਆਪਣੀ ਫਾਂਸੀ ਉਪਰ ਰੋਕ ਲਾਉਣ ਦੀ ਅਪੀਲ ਕੀਤੀ ਹੈ। 45 ਸਾਲਾ ਸ਼ੱਕੀ ਮੈਰਸੀਲਸ ਵਿਲੀਅਮਜ, ਜਿਸ ਨੂੰ 24 ਸਤੰਬਰ ਨੂੰ ਫਾਹੇ ਲਾਇਆ ਜਾਣਾ ਹੈ, ਲਗਾਤਾਰ ਦਾਅਵਾ ਕਰਦਾ ਰਿਹਾ ਹੈ ਕਿ ਉਹ ਨਿਰਦੋਸ਼ ਹੈ। ਸੁਪਰੀਮ ਕੋਰਟ ਵਿਚ ਕੀਤੀ ਅਪੀਲ ਵਿਚ ਉਸ ਨੇ ਕਿਹਾ ਹੈ ਕਿ ਆਪਣੀ ਜਾਨ ਬਚਾਉਣ ਲਈ ਕਈ ਸਾਲਾਂ ਤੱਕ ਲੜੀ ਕਾਨੂੰਨੀ ਲੜਾਈ ਦੌਰਾਨ ਪ੍ਰਕ੍ਰਿਆ ਦੌਰਾਨ ਉਸ ਦੇ ਹੱਕਾਂ ਦੀ ਉਲੰਘਣਾ ਕੀਤੀ ਗਈ ਹੈ। ਵਿਲੀਅਮਜ ਨੂੰ ਕਿਸੇ ਵੇਲੇ ਇਕ ਅਖਬਾਰ ਦੀ ਰਿਪੋਰਟਰ ਰਹੀ ਫੇਲੀਸੀਆ ਗੇਲ ਦੀ ਹੋਈ ਮੌਤ ਦੇ ਮਾਮਲੇ ਵਿਚ 2001 ਵਿੱਚ ਪਹਿਲਾ ਦਰਜਾ ਹੱਤਿਆ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਸੀ। ਗੇਲ 1998 ਵਿਚ ਆਪਣੇ ਘਰ ਵਿਚ ਮ੍ਰਿਤਕ ਹਾਲਤ ਵਿਚ ਮਿਲੀ ਸੀ।


ਉਸ ਨੂੰ ਚਾਕੂ ਮਾਰ ਕੇ ਮਾਰਿਆ ਗਿਆ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਵਿਲੀਅਮਜ ਦੇ ਵਕੀਲਾਂ ਨੇ ਕਿਹਾ ਹੈ ਕਿ ਮਿਸੂਰੀ ਦੇ ਸਾਬਕਾ ਗਵਰਨਰ ਏਰਿਕ ਗਰੀਟਨਸ ਨੇ ਪਹਿਲਾਂ ਫਾਂਸੀ ਅਣਮਿੱਥੇ ਸਮੇ ਲਈ ਰੋਕ ਦਿੱਤੀ ਸੀ ਤੇ ਮਾਮਲੇ ਦੀ ਜਾਂਚ ਲਈ ਇਕ ਬੋਰਡ ਬਣਾਇਆ ਸੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕੀ ਵਿਲੀਅਮਜ ਰਹਿਮ ਦਾ ਹੱਕਦਾਰ ਹੈ। ਵਕੀਲਾਂ ਅਨੁਸਾਰ ਇਸ ਬੋਰਡ ਨੇ 6 ਸਾਲਾਂ ਤੱਕ ਜਾਂਚ ਕੀਤੀ ਪਰੰਤੂ ਗਵਰਨਰ ਮਾਈਕਲ ਪਰਸਨ ਨੇ ਅਹੁੱਦਾ ਸੰਭਾਲਣ ਉਪਰੰਤ ਅਚਾਨਕ ਜਾਂਚ ਪ੍ਰਕਿਆ ਹੀ ਖਤਮ ਕਰ ਦਿੱਤੀ।

ਵਕੀਲਾਂ ਅਨੁਸਾਰ ਪਰਸਨ ਨੇ ਅਹੁੱਦਾ ਸੰਭਾਲਦਿਆਂ ਹੀ ਬੋਰਡ ਭੰਗ ਕਰ ਦਿੱਤਾ ਤੇ ਵਿਲੀਅਮਜ ਦੀ ਸਜ਼ਾ ਉਪਰ ਲਾਈ ਰੋਕ ਰੱਦ ਕਰ ਦਿੱਤੀ। ਅਜਿਹਾ ਕਰਕੇ ਗਵਰਨਰ ਨੇ ਵਿਲੀਅਮਜ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਇਸ ਲਈ ਅਦਾਲਤ ਨੂੰ ਵਿਸ਼ੇਸ਼ ਤੌਰ 'ਤੇ ਇਸ ਮਾਮਲੇ ਵੱਲ ਧਿਆਨ ਦੇਣ ਦੀ ਲੋੜ ਹੈ।

### ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਉਪਰ ਰੋਕ ਲਾਉਣ ਦੀ ਆਖਰੀ ਅਪੀਲ ਕੀਤੀ ਰੱਦ

## ਲੁੱਟਮਾਰ ਦੌਰਾਨ ਗੋਲੀ ਮਾਰ ਕੇ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਮੌਤ ਦੀ ਸਜ਼ਾ ਪ੍ਰਾਪਤ 46 ਸਾਲਾ ਫਰੈਡੀ ਓਨਜ ਨਾਮੀ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾ ਦਿੱਤਾ ਗਿਆ। ਦੱਖਣੀ ਕੈਰੋਲੀਨਾ ਰਾਜ ਵਿਚ ਪਿਛਲੇ 13 ਸਾਲਾਂ ਦੌਰਾਨ ਇਹ ਪਹਿਲੀ ਫਾਂਸੀ ਹੈ। ਓਨਜ ਨੂੰ 1 ਨਵੰਬਰ 1997 ਨੂੰ ਗਰੀਨਵਿਲੇ (ਦੱਖਣੀ ਕੈਰੋਲੀਨਾ) ਵਿਚ ਇਕ ਸਟੋਰ ਵਿੱਚ ਲੁੱਟਮਾਰ ਦੌਰਾਨ ਕਲਰਕ ਈਰੇਨ ਗਰੇਵਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਸੀ ਤੇ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਸ ਸਮੇ ਓਨਜ ਦੀ ਉਮਰ 19 ਸਾਲ ਸੀ। ਗੋਲੀਬਾਰੀ ਵਿਚ ਮਾਰੀ ਗਈ 41



ਸਾਲਾ ਗਰੇਵਸ 3 ਬੱਚਿਆਂ ਦੀ ਮਾਂ ਸੀ ਤੇ ਜਿਸ ਸਮੇ ਉਸ ਨੂੰ ਗੋਲੀ ਮਾਰੀ ਗਈ ਉਹ ਸਟੋਰ ਵਿਚ ਰਾਤ ਵਾਲੀ ਸ਼ਿਫਟ ਵਿੱਚੇ ਕੰਮ ਕਰ ਰਹੀ ਸੀ। ਜੇਲ ਵਿਭਾਗ ਅਨੁਸਾਰ ਘਟਨਾ ਦੇ ਦੋ ਸਾਲ ਬਾਅਦ 1999 ਵਿਚ ਓਨਜ ਨੂੰ ਹੱਤਿਆ, ਹੱਥਿਆਰਬੰਦ ਲੁੱਟਮਾਰ ਤੇ ਅਪਰਾਧਕ ਸਾਜਿਸ਼ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਤੋਂ ਬਾਅਦ ਲੰਬੀ ਕਾਨੂੰਨੀ ਲੜਾਈ ਲੜੀ ਗਈ। ਦੱਖਣੀ ਕੈਰੋਲੀਨਾ ਦੀ ਸੁਪਰੀਮ ਕੋਰਟ ਨੇ ਬੀਤੇ ਵੀਰਵਾਰ ਉਸ ਦੀ ਸਜ਼ਾ ਉਪਰ ਰੋਕ ਲਾਉਣ ਦੀ ਮੰਗ ਰੱਦ ਕਰ ਦਿੱਤੀ ਸੀ ਤੇ ਹੈਨਰੀ ਗਵਰਨਰ ਮੈਕਮਾਸਟਰ ਨੇ ਵੀ ਰਹਿਮ ਦੀ ਅਪੀਲ ਠੁਕਰਾਅ ਦਿੱਤੀ ਸੀ। ਮੌਤ ਦੀ ਸਜ਼ਾ ਲਈ ਤੈਅ ਸਮੇ ਤੋਂ ਕੁਝ ਘੰਟੇ ਪਹਿਲਾਂ ਆਖਰੀ ਅਪੀਲ ਵਿਚ ਓਨਜ ਦੇ ਵਕੀਲਾਂ ਨੇ ਮੰਗ ਕੀਤੀ ਸੀ ਕਿ ਉਸ ਦੀ ਸਜ਼ਾ ਉਪਰ ਰੋਕ ਲਾਈ ਜਾਵੇ ਕਿਉਂਕਿ ਦੱਖਣੀ ਕੈਰੋਲੀਨਾ ਦੇ ਜੇਲ ਵਿਭਾਗ ਨੇ ਓਨਜ ਨੂੰ ਜ਼ਹਿਰ ਦੇ ਟੀਕਾ ਬਾਰੇ ਬੁਨਿਆਦੀ ਜਾਣਕਾਰੀ ਨਾ ਦੇ ਕੇ ਪ੍ਰਕ੍ਰਿਆ ਦੀ ਉਲੰਘਣਾ ਕੀਤੀ ਹੈ। ਸੁਪਰੀਮ ਕੋਰਟ ਨੇ ਵਕੀਲਾਂ ਦੀ ਇਸ ਦਲੀਲ ਵੱਲ ਕੋਈ ਤਵਜ਼ੋਂ ਨਹੀਂ ਦਿੱਤੀ ਤੇ ਅਪੀਲ ਮੂਲੋਂ ਹੀ ਰੱਦ ਕਰ ਦਿੱਤੀ।

## ਭਗਵੰਤ ਮਾਨ ਸਰਕਾਰ ਜ਼ਬਰ ਰਾਹੀਂ ਸੰਘਰਸ਼ ਨੂੰ ਦਬਾਉਣ ਦਾ ਭੁਲੇਖਾ ਕੱਢ ਦੇਵੇ: ਮਨਜੀਤ ਧਨੇਰ

**ਜਗਰਾਉਂ, (ਦਲਜੀਤ ਕੌਰ)** ਅਖਾੜਾ ਪਿੰਡ ਦੇ ਜੁਝਾਰੂ ਲੋਕਾਂ ਨੇ ਪੁਲਸ ਜਬਰ ਦੀ ਕਨਸੋਅ ਮਿਲਣ ਤੇ ਰਾਤੋ ਰਾਤ ਬਾਇਓ ਗੈਸ ਫੈਕਟਰੀ ਵਿਰੋਧੀ ਸੰਘਰਸ਼ ਮੋਰਚੇ ਨੂੰ ਕਿਲੇ ਦਾ ਰੂਪ ਦੇ ਦਿੱਤਾ। ਸਾਰੀ ਰਾਤ ਤੇ ਫਿਰ ਸਵੇਰ ਤੋਂ ਹੀ ਗੈਸ ਫੈਕਟਰੀ ਵਿਰੋਧੀ ਸੰਘਰਸ਼ ਕਮੇਟੀ ਦੀ ਅਗਵਾਈ 'ਚ ਜਗਰਾਂਓ ਹਠੂਰ ਸੜਕ ਤੇ ਦੋਹੇਂ ਰਾਹ ਸੰਘਰਸ਼ ਕਾਰੀਆ ਨੇ ਟਰਾਲ਼ੀਆਂ, ਖੇਤੀ ਦਾ ਸੰਦ ਸੰਦੇੜਾ ਲੈ ਕੇ ਕਿਲੇ ਦੀ ਨਿਆਂਈ ਬੰਦ ਕਰ ਦਿੱਤੇ। ਦੋਹੇ ਨਾਕਿਆਂ ਤੇ ਟੈਂਟ ਲਗਾਕੇ ਰੋਹ ਭਰਪੂਰ ਧਰਨਾ ਸ਼ੁਰੂ ਕਰ ਦਿੱਤਾ ਗਿਆ। ਪਿੰਡ ਦੇ ਸਾਰੇ ਘਰਾਂ ਨੂੰ ਤਾਲੇ ਲਾ ਕੇ ਸਮੁੱਚੇ ਪਰਿਵਾਰ ਧਰਨੇ ਚ ਸ਼ਾਮਲ ਹੋਏ। ਪਿੰਡ ਦੇ ਗੁਰੂਦੁਆਰਾ ਸਾਹਿਬ 'ਚ ਬਣਿਆ ਲੰਗਰ ਤੇ ਚਾਹ ਹਰ ਮੁਖ 'ਚ ਗਿਆ। ਲੋਕ ਜਦੋ ਮਿੱਥ ਲੈਂਦੇ ਹਨ ਫਿਰ ਉਹ ਸੀਸ ਤਲੀ ਤੇ ਧਰ ਲੈਂਦੇ ਹਨ ਅੱਜ ਦਾ ਲੋਕ ਰੋਹ ਇਸ ਦੀ ਜਿਓਂਦੀ ਮਿਸਾਲ ਹੈ। ਸ਼ੱਚਮੁੱਚ ਲੋਕਾਂ ਨੂੰ ਜਦੋ ਇਹ ਪਤਾ ਲੱਗਾ ਕਿ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਚ ਕੀਤੇ ਕੋਰਟ ਕੇਸ ਚ ਸੱਚਾ ਬਨਣ ਲਈ ਧੱਕੇ ਨਾਲ, ਪੁਲਸ ਬਲ ਦੇ ਜ਼ੋਰ ਨਾਲ ਧਰਨਾਕਾਰੀਆਂ ਨੂੰ ਉਠਾਉਣ ਦੀ ਵਿਓਂਤਬੰਦੀ ਕਰ ਲਈ ਗਈ ਹੈ ਤਾਂ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੋਂਦਾ ਦੀ ਅਗਵਾਈ ਚ ਪਿੰਡ ਵਾਸੀਆਂ ਨੇ ਜਬਰ ਦਾ ਸਬਰ ਤੇ ਏਕੇ ਨਾਲ ਮੁਕਾਬਲਾਂ ਕਰਨ ਦਾ ਮਨ ਬਣਾ ਲਿਆ ਤੇ ਸਮੁੱਚਾ ਇਲਾਕਾ ਸੰਘਰਸ਼ ਮੋਰਚੇ ਚ ਫ਼ੌਜੀਆਂ ਵਾਂਗ ਡੱਟ ਗਿਆ।



ਇਸ ਸਮੇਂ ਹੋਈ ਵਿਸ਼ਾਲ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਪੰਜਾਬ ਸਰਕਾਰ ਇਹ ਭੁਲੇਖਾ ਦਿਮਾਗ਼ ਚੋਂ ਕੱਢ ਦੇਵੇ ਕਿ ਉਹ ਜਬਰ ਨਾਲ ਇਹ ਸੰਘਰਸ਼ ਮੋਰਚਾ ਉਜਾੜ ਦੇਣਗੇ। ਪੰਜਾਬ ਦੇ ਲੋਕ ਧੱਕਾ ਕਦਾਚਿਤ ਬਰਦਾਸ਼ਤ ਨਹੀ ਕਰਨਗੇ ਤੇ ਹਰ ਧੱਕੇ ਦਾ ਮੂੰਹ ਤੋੜ ਜਵਾਬ ਦੇਣਗੇ। ਲੋਕ ਵਿਕਾਸ ਦੇ ਨਾਂ ਤੇ ਮੋਤ ਨਹੀ ਚਾਹੁੰਦੇ।

ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਲਗਾਤਾਰ ਮੀਟਿੰਗਾਂ 'ਚ ਸਾਬਤ ਕਰਨ ਦੇ ਬਾਵਜੂਦ ਕਿ ਇਹ ਬਾਇਓ ਗੈਸ ਫ਼ੈਕਟਰੀਆਂ ਅਸਲ ਚ ਕੈਂਸਰ ਫ਼ੈਕ-ਟਰੀਆਂ ਹਨ ਫਿਰ ਵੀ ਸਰਕਾਰ ਇੰਨਾਂ ਦੇ ਲਾਇਸੈਂਦ ਰੱਦ ਨਹੀ ਕਰ ਰਹੀ। ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ , ਜਗਤਾਰ ਸਿੰਘ ਦੇਹੜਕਾ ਨੇ ਕਿਹਾ ਕਿ ਪੰਜਾਬ ਸਰਕਾਰ ਜੋ ਕਿ ਲੋਕਾਂ ਦੀ ਦੀ ਸਿਹਤ ਨਾਲ ਖਿ-ਲਵਾੜ ਕਰ ਰਹੀ ਹੈ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਨੇ ਸਿਹਤ ਤੇ ਸਿੱਖਿਆ ਨੂੰ ਮੁੱਖ ਏਜੰਡਾ ਬਣਾਇਆ ਸੀ ਤੇ ਹੁਣ ਵੀ ਉਹ ਇਸ ਦਾ ਢਿੰਡੋਰਾ ਪਿੱਟ ਰਹੀ ਹੈ ਪਰ ਵਿਕਾਸ ਦੀ ਆੜ 'ਚ ਵਿਨਾਸ਼ ਲਿਆ ਰਹੀ ਹੈ ਜਿਸ ਦੀ ਇਜਾਜਤ ਨਹੀ ਦਿੱਤੀ ਜਾ ਸਕਦੀ। ਇਸ ਸਮੇਂ ਬੋਲਦਿਆਂ ਬਲਾਕ ਪ੍ਰਧਾਨ ਤਰਸੇਮ ਬੱਸੂਵਾਲ ਨੇ ਲੋਕਾਂ ਨੂੰ ਦੱਸਿਆ ਕਿ ਲੋਕ ਏਕਤਾ ਮੂਹਰੇ ਕੋਰਟ ਕਨੂੰਨ ਤੇ ਫੈਸਲੇ ਨਹੀ ਖੜਦੇ ਹੁੰਦੇ। ਉਨਾਂ ਕਿਹਾ ਕਿ ਤਾਲਮੇਲ ਕਮੇਟੀ ਦੀ ਅਗਵਾਈ ਚ ਬਾਇਓ ਗੈਸ ਫ਼ੈਕਟਰੀਆਂ ਖ਼ਿਲਾਫ਼ ਸੰਘਰਸ਼ ਤੇਜ ਹੋਵੇਗਾ। ਇਸ ਮਕਸਦ ਲਈ ਨਵੀ ਵਿਓਂਤ ਲਈ 26 ਸਿਤੰਬਰ ਨੂੰ ਤਾਲਮੇਲ ਕਮੇਟੀ ਦੀ ਮੀਟਿੰਗ ਸੱਦ ਲਈ ਗਈ

## ਚਰਚ ਦੇ ਪਾਸਟਰ ਨੂੰ ਇਕ ਔਰਤ ਨਾਲ ਅਣ-ਉਚਿੱਤ ਸਬੰਧਾਂ ਕਾਰਨ ਅਹੁੱਦੇ ਤੋਂ ਹਟਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡਲਾਸ, ਟੈਕਸਾਸ ਵਿਚ ਇਕ ਚਰਚ ਦੇ ਪਾਸਟਰ ਨੂੰ ਇਕ ਔਰਤ ਨਾਲ ਅਣਉਚਿੱਤ ਸਬੰਧ ਬਣਾਉਣ ਕਾਰਨ ਅਹੁੱਦੇ ਤੋਂ ਪੱਕੇ ਤੌਰ 'ਤੇ ਹਟਾ ਦੇਣ ਦੀ ਖਬਰ ਹੈ। ਟਰਿਨਿਟੀ ਬਾਈਬਲ ਚਰਚ ਨੇ ਆਪਣੀ ਵੈੱਬ ਸਾਈਟ ਉਪਰ ਐਲਾਨ ਕੀਤਾ ਹੈ ਕਿ ਕਈ ਦਿਨ ਪਹਿਲਾਂ ਪਾਸਟਰ ਸਟੀਵਨ ਜੇ ਲਾਅਸਨ ਦੇ ਔਰਤ ਨਾਲ ਸਬੰਧਾਂ ਬਾਰੇ ਪਤਾ ਲੱਗਣ ਉਪਰੰਤ ਉਸ ਨੂੰ ਅਹੁੱਦੇ ਤੋਂ ਵੱਖ ਕਰ ਦਿੱਤਾ ਗਿਆ ਹੈ। ਚਰਚ ਨੇ ਔਰਤ ਨਾਲ ਸਬੰਧਾਂ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਹੈ ਤੇ ਨਾ ਹੀ ਉਸ ਔਰਤ ਬਾਰੇ ਕੋਈ ਜਾਣਕਾਰੀ ਦਿੱਤੀ ਹੈ।

## ਜਿਲਾ ਜੱਜ ਦੀ ਉਸ ਦੇ ਚੈਂਬਰ ਵਿਚ ਗੋਲੀਆਂ ਮਾਰ ਕੇ ਹੱਤਿਆ, ਸ਼ੈਰਿਫ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੈਂਟੁਕੀ ਰਾਜ ਵਿਚ ਸ਼ੈਰਿਫ ਵੱਲੋਂ ਕਥਿੱਤ ਤੌਰ 'ਤੇ ਇਕ ਜੱਜ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ ਜਿਸ ਉਪਰੰਤ ਸ਼ੈਰਿਫ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੈਂਟੁਕੀ ਸਟੇਟ ਪੁਲਿਸ ਦੇ ਬੁਲਾਰੇ ਮੈਟ ਗੇਅਹਰਟ ਅਨੁਸਾਰ ਵਾਇਟਬਰਗ, ਕੈਂਟੁਕੀ ਵਿਚ ਲੈਚਰ ਕਾਊਂਟੀ ਕੋਰਟਹਾਊਸ ਵਿਖੇ 54 ਸਾਲਾ ਜੱਜ ਕੈਵਿਨ ਮੂਲਿਨਸ ਨੂੰ ਦੁਪਹਿਰ ਬਾਅਦ ਉਸ ਦੇ ਚੈਂਬਰ ਵਿਚ ਗੋਲੀਆਂ ਮਾਰੀਆਂ ਗਈਆਂ। ਤਕਰੀਬਨ 2.55 ਵਜੇ ਸੂਚਨਾ ਮਿਲਣ 'ਤੇ ਅਨੇਕਾਂ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਅਧਿਕਾਰੀ ਤੇ ਡਾਕਟਰੀ ਅਮਲਾ ਮੌਕੇ .ਤੇ ਪੁੱਜਾ। ਜੱਜ ਜਿਸ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ, ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਤੇ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਲੈਚਰ ਕਾਊਂਟੀ ਸ਼ੈਰਿਫ ਸ਼ਾਅਨ ਸਟਾਈਨਸ ਨੇ ਕੋਰਟਹਾਊਸ ਵਿਚ ਜੱਜ ਨਾਲ ਕਿਸੇ ਮੁੱਦੇ 'ਤੇ ਹੋਈ ਬਹਿਸ ਉਪਰੰਤ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਗੇਅਹਰਟ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ। 43 ਸਾਲਾ ਸ਼ੈਰਿਫ ਨੂੰ ਮੌਕੇ ਉਪਰ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਵਿਰੁੱਧ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਦੀ ਸ਼ੁਰੂ ਵਿਚ ਜਾਣਕਾਰੀ ਕੈਂਟੁਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਸੋਸ਼ਲ ਮੀਡੀਆ ਉਪਰ ਦਿੰਦਿਆਂ ਕਿਹਾ ਕਿ ਇਕ ਡਿਸਟ੍ਰਿਕਟ ਜੱਜ ਨੂੰ ਗੋਲੀਆਂ ਮਾਰੀਆਂ ਗਈਆਂ ਹਨ। ਗਵਰਨਰ ਨੇ ਲਿਖਿਆ ਕਿ ਲੈਚਰ ਕਾਊਂਟੀ ਵਿਚ ਇਕ ਡਿਸਟ੍ਰਿਕਟ ਜੱਜ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਉਨਾਂ ਹੋਰ ਕਿਹਾ ਕਿ ਵਿਸ਼ਵ ਵਿਚ ਹਿੰਸਾ ਬਹੁਤ ਵਧ ਗਈ ਹੈ ਮੈ ਪ੍ਰਾਰਥਨਾ ਕਰਦਾ ਹਾਂ ਕਿ ਚੰਗੇ ਭਵਿੱਖ ਲਈ ਕੋਈ ਰਸਤਾ ਨਿਕਲੇ।

## ਕੈਲਫੋਰਨੀਆ ਵਿਚ ਅੱਗ ਬੁਝਾਉਣ ਵਾਲਾ ਮੁਲਾਜ਼ਮ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਹੈਰਾਨੀਜਨਕ ਘਟਨਾ ਵਿਚ ਕੈਲੀਫੋਰਨੀਆ ਦੇ ਇਕ ਫਾਇਰ ਫਾਈਟਰ ਨੂੰ ਪਿਛਲੇ 6 ਮਹੀਨਿਆਂ ਦੌਰਾਨ ਰਾਜ ਵਿਚ 5 ਵੱਖ ਵੱਖ ਥਾਵਾਂ 'ਤੇ ਕਥਿੱਤ ਤੌਰ 'ਤੇ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਏਜੰਸੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇੰਜੀਨੀਅਰ ਰਾਬਰਟ ਹਰਨਾਂਡੇਜ਼ (38) ਨੂੰ ਮੈਂਡੋਸਿਨੋ ਕਾਊਂਟੀ, ਕੈਲੀਫੋਰਨੀਆ ਵਿਚ ਇਕ ਫਾਇਰ ਸਟੇਸ਼ਨ ਤੋਂ ਕੈਲੀਫੋਰਨੀਆ ਫਾਇਰ ਲਾਅ ਇਨਫੋਰਸਮੈਂਟ ਅਫਸਰਾਂ ਨੇ ਜੰਗਲ ਨੂੰ ਅੱਗ ਲਾਉਣ ਦੇ ਸ਼ੱਕ ਤਹਿਤ ਗ੍ਰਿਫਤਾਰ ਕੀਤਾ ਹੈ। ਕੈਲੀਫੋਰਨੀਆ ਅੱਗ ਬੁਝਾਊ ਵਿਭਾਗ ਦੇ ਡਾਇਰੈਕਟਰ ਤੇ ਮੁੱਖੀ ਜੋ ਟਾਇਲਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਇਕ ਸਾਡਾ ਮੁਲਾਜ਼ਮ ਵੀ ਜਨਤਾ ਦਾ ਭਰੋਸਾ ਤੋੜ ਸਕਦਾ ਹੈ।



## ਆਪਣਾ ਪੰਜਾਬ

ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ
ਰੰਗਲਾ ਪੰਜਾਬ ਜੀ, ਰੰਗਲਾ ਪੰਜਾਬ ਜੀ
ਸਾਰੇ ਰੰਗਾਂ ਵਿਚ ਰੰਗਿਆ, ਰੰਗਲਾ ਪੰਜਾਬ ਜੀ
ਸੋਹਣਾ ਪੰਜਾਬ ਜੀ, ਸੋਹਣਾ ਪੰਜਾਬ ਜੀ
ਕੋਈ ਕਿੱਦਾਂ ਭੁੱਲ ਜਾਊ, ਜੋ ਤੱਕ ਲਏ ਪੰਜਾਬ ਜੀ
ਬੁਲੰਦੀਆਂ ਵੱਲ ਨੂੰ ਜਾਏ ਉਡਦਾ
ਤੇ ਮੱਲਾਂ ਮਾਰਦਾ ਪੰਜਾਬ ਜੀ
ਆਪਣਾ ਪੰਜਾਬ ਜੀ ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਜਿੱਥੇ ਸਾਰੇ ਭਾਈਚਾਰੇ
ਸਭ ਰਲ ਮਿਲ ਰਹਿੰਦੇ ਨੇ
ਕਦੇ ਵੀ ਤਰੇੜ ਜਿੱਥੇ
ਨਹੀਉਂ ਦਿਲਾਂ ਵਿਚ ਪੈਂਦੇ ਨੇ
ਬਾਲਾ, ਮਰਦਾਨਾ ਨਾਲ ਗੁਰੂ ਨਾਨਕ ਦੇਵ ਜੀ
ਛਿੜਦੀ ਸੀ ਜਿੱਥੇ ਫੇਰ, ਰੱਬੀ ਰਬਾਬ ਜੀ
ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਮੱਕੀ ਵਾਲੀ ਰੋਟੀ ਜਿੱਥੇ, ਸਰੋਂ ਵਾਲਾ ਸਾਗ ਹੁੰਦਾ
ਤੱਤੇ ਤੱਕੇ ਗੁੜ ਦਾ, ਵੱਖਰਾ ਸੁਆਦ ਹੁੰਦਾ
ਕਾੜਨੀਆਂ 'ਚ ਦੁੱਧ ਜਿੱਥੇ, ਚਾਟੀਆਂ 'ਚ ਲੱਸੀਆਂ
ਓਟੇ ਵਾਲੇ ਚੌਂਕੇ ਵਿਚ, ਮਾਂ ਹੱਥੀ ਪੱਕੀਆਂ
ਪੈਂਦੀਆਂ ਨੇ ਛਿੰਝਾਂ ਜਿੱਥੇ ਹੁੰਦੀਆਂ ਕਬੱਡੀਆਂ
ਮੇਲਿਆਂ 'ਚ ਦੌੜਦੀਆਂ, ਜਿੱਥੇ ਬੈਲ ਗੱਡੀਆਂ
ਜਿੱਥੇ ਸਰੋਂ ਖਿੜੇ ਫੁੱਲ ਪੀਲੇ
ਤੇ ਮੱਕੀ, ਕਣਕਾਂ, ਕਮਾਦ ਜੀ
ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਜਾਤਾਂ ਪਾਤਾਂ ਵਾਲੇ ਭੇਦ, ਪੰਜਾਬੀ ਨਹੀਂ ਕਰਦੇ
ਨੀਲੀ ਛੱਤ ਵਾਲੇ ਕੋਲੋਂ, ਰਹਿਣ ਸਦਾ ਡਰਦੇ
ਪਿਆਰ ਨਾਲ ਮੇਰੀ ਜਾਨ, ਪੈਰਾਂ ਵਿਚ ਧਰ ਦਿੰਦੇ
ਵੱਟੇ ਜੇ ਕੋਈ ਘੂਰੀ ਫੇ ਪੰਜਾਬੀ ਕਿੱਥੇ ਜਰਦੇ
ਸਾਫ ਦਿਲ ਦੇ ਪੰਜਾਬੀ
ਤੇ ਨਹੀਂ ਆਉਂਦੇ ਵਲ਼ਾਂ-ਛਲ਼ ਦੇ ਹਿਸਾਬ ਜੀ
ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਕੰਧ ਦੇ ਉਤੋਂ ਦੀ ਜਿੱਥੇ ਕੌਲੀ ਦਾਲ ਦੀ ਵਟਾਉਂਦੇ ਨੇ
ਅੱਪਰਾਂ ਵੀ ਆਵੇ, ਘਰੇ ਆਪਣੇ ਬਿਠਾਉਂਦੇ ਨੇ
ਦੁੱਧ ਦਾ ਗਿਲਾਸ ਨਾਲ ਪਿੰਨੀ ਅੱਗੇ ਰੱਖਦੇ
ਸੇਵਾ ਭਾਵਨਾ ਦੇ ਵੇਲੇ ਪੰਜਾਬੀ ਕਿੱਥੇ ਧੱਕਦੇ
ਬਾਬੇ ਨਾਨਕ ਦਿਆਂ ਲੰਗਰਾਂ ਨੂੰ
ਨਹੀਂ ਕਦੇ ਭੁੱਲਦਾ ਪੰਜਾਬ ਜੀ
ਆਪਣਾ ਪੰਜਾਬ ਜੀ ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਰਹਿੰਦੀ ਦੁਨੀਆਂ ਤਾਈਂ ਰੱਬਾ
ਸਾਂਝ ਪੰਜਾਬੀਆਂ ਦੀ ਬਣਾਈ ਰੱਖੀ
ਮਿਹਰਾਂ ਭਰੀਆਂ ਤੂੰ ਹੱਥ ਦਾਤਾਂ
ਸਿਰਾਂ ਤੇ ਟਿਕਾਈ ਰੱਖੀ
ਸਦਾ ਨਿਗ੍ਹਾ ਸਵੱਲੀ ਦਾਤਾਂ
ਤੂੰ ਏਦਾਂ ਹੀ ਬਣਾਈ ਰੱਖੀ
'ਧਾਮੀ' ਕਰੇ ਅਰਦਾਸਾਂ ਰੱਬਾ
ਰਵੇ ਸਦਾ ਹੱਸਦਾ ਪੰਜਾਬ ਜੀ
ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।

ਰੰਗਲਾ ਪੰਜਾਬ ਜੀ, ਰੰਗਲਾ ਪੰਜਾਬ ਜੀ
ਸਾਰੇ ਰੰਗਾਂ ਵਿਚ ਰੰਗਿਆ, ਰੰਗਲਾ ਪੰਜਾਬ ਜੀ
ਸੋਹਣਾ ਪੰਜਾਬ ਜੀ, ਸੋਹਣਾ ਪੰਜਾਬ ਜੀ
ਕੋਈ ਕਿੱਦਾਂ ਭੁੱਲ ਜਾਊ, ਜੋ ਤੱਕ ਲਏ ਪੰਜਾਬ ਜੀ
ਬੁਲੰਦੀਆਂ ਵੱਲ ਨੂੰ ਜਾਏ ਉਡਦਾ
ਤੇ ਮੱਲਾਂ ਮਾਰਦਾ ਪੰਜਾਬ ਜੀ
ਆਪਣਾ ਪੰਜਾਬ ਜੀ, ਆਪਣਾ ਪੰਜਾਬ ਜੀ
ਜੀਹਦੇ ਉਤੇ ਮਾਣ ਸਾਨੂੰ, ਜੀਹਦੇ ਉਤੇ ਨਾਜ਼ ਜੀ।



– ਜੋਗਿੰਦਰ ਸਿੰਘ ਧਾਮੀ

24 ਸਤੰਬਰ ਲਈ ਵਿਸ਼ੇਸ਼

# 'ਪੰਥ ਵਸੈ ਮੈਂ ਉਜੜਾਂ ਮਨੁ ਚਾਓ ਘਨੇਰਾ ਦੇ ਪਹਿਰੇਦਾਰ : ਗੁਰਚਰਨ ਸਿੰਘ ਟੌਹੜਾ

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਇਆਂ ਨੂੰ ਸਿਰਫ 20 ਸਾਲ ਹੋ ਗਏ ਹਨ। ਪ੍ਰੰਤੂ ਪੰਥਕ ਸੋਚ ਦੇ ਨਿਘਾਰ ਤੋਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਸਦੀਆਂ ਬੀਤ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਸਿੱਖ/ ਪੰਥਕ ਲੀਡਰਸ਼ਿਪ ਦਾ ਖਲਾਅ ਪੈਦਾ ਹੋ ਗਿਆ ਹੈ। ਪੰਥਕ ਸੋਚ ਵਾਲੀ ਲੀਡਰਸ਼ਿਪ ਗਾਇਬ ਹੀ ਹੋ ਗਈ ਜਾਂ ਸਿਆਸੀ ਤਾਕਤ ਦੇ ਨਸ਼ੇ ਵਿੱਚ ਘੂਕ ਸੁੱਤੀ ਪਈ ਹੈ। ਸਿੱਖ ਜਗਤ ਅਤੇ ਸ਼੍ਰੋਮਣੀ ਅਕਾਲੀ ਦਲ ਗਹਿਰੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਤਾਂ ''ਪੰਥ ਵਸੈ ਮੈਂ ਉਜੜਾਂ ਮਨੁ ਚਾਓ ਘਨੇਰਾ'' ਦੇ ਸਿਧਾਂਤ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਸਤਾ ਰਹੀ ਹੈ। ਅੱਜ ਦੇ ਅਖੌਤੀ ਪੰਥ ਹਿਤੈਸ਼ੀ ਇਸ ਵਿਚਾਰਧਾਰਾ ਦੇ ਵਿਰੁੱਧ ਚਲ ਰਹੇ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਵਿਰਾਸਤ ਦਾ ਲਾਹਾ ਲੈਣ ਲਈ ਉਨ੍ਹਾਂ ਦਾ 100ਵਾਂ ਜਨਮ ਦਿਵਸ ਮਨਾਉਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸੁਧਾਰ ਲਹਿਰ ਦੇ ਨੇਤਾ ਪੱਬਾਂ ਭਾਰ ਹੋਏ ਪਏ ਹਨ, ਪ੍ਰੰਤੂ ਜਥੇਦਾਰ ਟੌਹੜਾ ਦੀ ਵਿਚਾਰਧਾਰਾ ਦੀ ਪਹਿਰੇਦਾਰੀ ਨਹੀਂ ਕਰ ਰਹੇ। ਇਹ ਵੀ ਉਨ੍ਹਾਂ ਦਾ ਸਿਆਸੀ ਤਾਕਤ ਹਾਸਲ ਕਰਨ ਦਾ ਢਕੌਂਸਲਾ ਹੀ ਹੈ। ਸਿੱਖ ਲੀਡਰਸ਼ਿਪ ਪੀਰੀ ਦੀ ਥਾਂ ਮੀਰੀ ਲਈ ਲਲਚਾ ਰਹੀ ਹੈ। ਸਿੱਖ ਜਗਤ ਦੀ ਤ੍ਰਾਸਦੀ ਹੈ ਕਿ ਉਸ ਦੇ ਬਹੁਤੇ ਸਿਆਸੀ ਤੇ ਧਾਰਮਿਕ ਰਹਿਬਰਾਂ ਨੇ ਸਿਆਸਤ ਨੂੰ ਵਿਓਪਾਰ ਦੇ ਤੌਰ 'ਤੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਉਹ ਇਤਨੇ ਖ਼ੁਦਗਰਜ ਹੋ ਗਏ ਹਨ ਕਿ ਉਨ੍ਹਾਂ ਨੇ ਧਰਮ ਨੂੰ ਵੀ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਦਾ ਸਾਧਨ ਬਣਾ ਲਿਆ ਹੈ। ਆਪਣੇ ਪਰਿਵਾਰਾਂ ਅਤੇ ਨਜ਼ਦੀਕੀਆਂ ਨੂੰ ਸਿਆਸਤ ਦੇ ਵਾਰਸ ਬਣਾ ਲਿਆ ਹੈ। ਪੰਥ ਦਾ ਕਿਸੇ ਨੂੰ ਫ਼ਿਕਰ ਨਹੀਂ। ਖ਼ੁਦਗਰਜ ਸਿਆਸਤਦਾਨਾ ਨੇ ਧਾਰਮਿਕ/ ਗੁਰਮਤਿ ਦੇ ਧਾਰਨੀ ਪੰਥਕ ਹਿਤੈਸ਼ੀ ਗੁਰਮੁਖਾਂ ਅਤੇ ਪਾਰਟੀ ਦੇ ਵਫ਼ਾਦਾਰਾਂ ਨੂੰ ਅਣਡਿਠ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਪੰਥਕ ਸੋਚ ਨੂੰ ਤਿਲਾਂਜ਼ਲੀ ਦਿੱਤੀ ਗਈ। ਜਿਵੇਂ ਗੁਰਬਾਣੀ ਵਿੱਚ ਆਉਂਦਾ ਹੈ '॥ ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥' ਭਾਵ ਭਾਵੇਂ ਸਾਰਾ ਘਾਹ ਅੱਗ ਨਾਲ ਸੜ ਜਾਵੇ ਤਾਂ ਵੀ ਕੁਝ ਬੂਟੇ ਸਹੀ ਸਲਾਮਤ ਰਹਿ ਜਾਂਦੇ ਹਨ। ਅਰਥਾਤ ਭ੍ਰਿਸ਼ਟ ਧਾਰਮਿਕ ਤੇ ਸਿਆਸੀ ਨੇਤਾਵਾਂ ਵਿੱਚ ਵੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਅਧਿਆਤਮਿਕ ਇਨਸਾਨ ਸਿੱਖ ਧਰਮ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦੇ ਹੋਏ ਨੈਤਿਕਤਾ ਨਾਲ ਵਿਚਰਦੇ ਰਹੇ। ਉਹ ਭ੍ਰਿਸ਼ਟਾਚਾਰ ਦੇ ਦਾਵਾਨਲ ਵਿੱਚ ਸ਼ਾਮਲ ਨਹੀਂ ਹੋਏ। ਉਨ੍ਹਾਂ ਨੇ ਸਿਆਸੀ ਤੇ ਧਾਰਮਿਕ ਜੀਵਨ ਵਿੱਚ ਵਿਚਰਦੇ ਹੋਇਆਂ ਨੇ ਆਪਣੀ ਚਿੱਟੀ ਚਾਦਰ ਨੂੰ ਦਾਗ਼ ਨਹੀਂ ਲੱਗਣ ਦਿੱਤਾ। ਪਾਕਿ ਤੇ ਪਵਿਤਰ ਰਹਿੰਦਿਆਂ ਆਪਣਾ ਜੀਵਨ ਬਸਰ ਕੀਤਾ। ਭਾਵੇਂ ਉਨ੍ਹਾਂ ਦੇ ਆਲੇ ਦੁਆਲੇ ਵੀ ਖ਼ੁਦਗਰਜ਼ ਸਿਆਸਤਦਾਨਾਂ ਨੇ ਘੇਰਾਬੰਦੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੰਤੂ ਜਥੇਦਾਰ ਟੌਹੜਾ ਨੇ ਉਨ੍ਹਾਂ ਦੀ ਇੱਕ ਨਹੀਂ ਸੁਣੀ। ਉਨ੍ਹਾਂ ਨੇ ਧਾਰਮਿਕ ਸਿਧਾਂਤਾਂ ਅਤੇ ਸਿਆਸਤ ਵਿੱਚ ਭਾਈ ਭਤੀਜਾਵਾਦ ਤੋਂ ਦੂਰ ਰਹਿੰਦਿਆਂ ਸਿੱਖ ਪੰਥ ਦੀ ਬਾਂਹ ਫੜੀ ਰੱਖੀ। ਜਿਤਨੀ ਦੇਰ ਉਹ ਇਸ ਸੰਸਾਰ ਵਿੱਚ ਰਹੇ, ਉਨ੍ਹਾਂ ਸਿੱਖ ਸਿਆਸਤਦਾਨਾ ਨੂੰ ਪੰਥਕ ਸਿਆਸਤ ਤੋਂ ਕਿਨਾਰਾ ਕਰਨ ਨਹੀਂ ਦਿੱਤਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਬਾਕੀ ਕਰਕੇ ਉਸ ਸਮੇਂ ਦੇ ਦਿਗਜ ਨੇਤਾ ਵੀ ਤਿਬਕਦੇ ਰਹੇ। ਉਹ ਸਿੱਖਾਂ ਦੇ ਹੱਕ ਤੇ ਸੱਚ ਦੇ ਮੁੱਦਈ ਬਣਕੇ ਖੜ੍ਹਦੇ ਰਹੇ। ਅਧਿਆਤਮਿਕਤਾ ਅਤੇ ਸਿਆਸਤ ਦਾ ਸੁਮੇਲ ਟਾਵੇਂ ਟਾਵੇਂ ਵਿਅਕਤੀਆਂ ਵਿਚ ਹੁੰਦਾ ਹੈ। ਉਹ ਸਿਆਸਤਦਾਨ ਨਾਲੋਂ ਧਾਰਮਿਕ ਵਿਅਕਤੀ ਜ਼ਿਆਦਾ ਸਨ। ਜੱਥੇਦਾਰ ਗੁਰਚਰਨ ਸਿੰਘ ਟੌਹੜਾ ਅਧਿਆਤਮਵਾਦ ਅਤੇ ਸਿਆਸਤ ਦਾ ਸੁਮੇਲ ਸਨ। ਸਿੱਖ ਧਰਮ ਦੁਨੀਆਂ ਦੇ ਸਭ ਧਰਮਾਂ ਤੋਂ ਸਰਵੋਤਮ, ਆਧੁਨਿਕ ਅਤੇ ਨਵਾਂ ਧਰਮ ਹੈ। ਇਸਦੇ ਜਨਮ ਨੂੰ ਮਸਾਂ ਅਜੇ ਸਾਢੇ ਪੰਜ ਕੁ ਸਦੀਆਂ ਹੀ ਹੋਈਆਂ ਹਨ, ਫਿਰ ਵੀ ਸਿੱਖ ਧਰਮ ਦੁਨੀਆਂ ਵਿਚ ਫੈਲਿਆ ਹੋਇਆ ਹੈ ਪ੍ਰੰਤੂ ਪੰਜਾਬ ਇਸ ਦੀ ਜਨਮ ਭੂਮੀ ਹੈ। ਦੁੱਖ ਇਸੇ ਗੱਲ ਦਾ ਹੈ ਕਿ ਪੰਜਾਬੀ ਪੰਥਕ ਸੋਚ ਤੋਂ ਥਿੜ੍ਹਕ ਰਹੇ ਹਨ। ਸਿੱਖ ਧਰਮ ਦੀ ਵਿਚਾਰਧਾਰਾ, ਦਰਸ਼ਨ, ਪਰੰਪਰਾਵਾਂ ਅਤੇ ਦਾਰਸ਼ਨਿਕਤਾ ਮਾਨਵਤਾ ਅਰਥਾਤ ਸਰਬਤ ਦੇ ਭਲੇ ਦੇ ਅਸੂਲਾਂ ਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿਰ ਹੈ। ਇਸ ਧਾਰਮਿਕ ਸੰਸਥਾ ਦੀ ਪ੍ਰਧਾਨਗੀ ਹੁਣ ਤੱਕ ਸਭ ਤੋਂ ਲੰਮਾ ਸਮਾਂ ਕਰਨ ਦਾ ਮਾਣ ਸਿੱਖਾਂ ਦੇ ਰੌਸ਼ਨ ਦਿਮਾਗ਼ ਦੇ ਤੌਰ ਤੇ ਜਾਣੇ ਜਾਂਦੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਜਾਂਦਾ ਹੈ। ਜੇ ਇਉਂ ਕਹਿ ਲਈਏ ਕਿ ਉਹ ਸਿੱਖੀ ਨੂੰ ਪ੍ਰਣਾਏ ਹੋਏ ਇਨਸਾਨ ਸਨ ਤਾਂ ਇਸ ਵਿਚ ਵੀ ਕੋਈ ਅਤਕਥਨੀ ਨਹੀਂ, ਜਿਨ੍ਹਾਂ ਆਪਣੀ ਸਾਰੀ ਉਮਰ ਇਮਾਨਦਾਰੀ, ਸਾਦਗੀ ਅਤੇ ਦਿਆਨਤਦਾਰੀ ਨਾਲ ਸਿੱਖ ਪਰੰਪਰਾਵਾਂ ਤੇ ਪਹਿਰਾ ਹੀ ਨਹੀਂ ਦਿੱਤਾ, ਸਗੋਂ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਕੇ ਰੱਖਣ ਵਿਚ ਸਫਲਤਾ ਵੀ ਪ੍ਰਾਪਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੁੰਦਿਆਂ ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਕਾਰ ਨਹੀਂ ਵਰਤੀ, ਸਗੋਂ ਆਪਣੇ ਭਰੋਸੇਯੋਗ ਸਹਿਯੋਗੀਆਂ ਦੀ ਕਾਰ ਦੀ ਹੀ ਵਰਤੋਂ ਕਰਦੇ ਰਹੇ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਦੀਂ ਵੀ ਟੀ।ਏ।ਡੀ।ਏ।ਨਹੀਂ ਲਿਆ। ਉਨ੍ਹਾਂ ਨੂੰ ਸਿਆਸਤ ਵਿੱਚ ਇਮਾਨਦਾਰੀ ਦੇ ਪ੍ਰਤੀਕ ਦੇ ਤੌਰ ਤੇ ਜਾਣਿਆਂ ਜਾਂਦਾ ਹੈ।





ਸੰਸਾਰ ਵਿੱਚ ਬਹੁਤ ਸਾਰੇ ਸਿੱਖ ਸਿਆਸਤਦਾਨ ਹਨ/ਸਨ, ਉਨ੍ਹਾਂ ਵਿੱਚੋਂ ਕੁਝ ਇਕ ਨੂੰ ਘਾਗ ਸਿਆਸਤਦਾਨ ਵੀ ਕਿਹਾ ਜਾਂਦਾ ਹੈ। ਵੇਖਣ ਵਾਲੀ ਗੱਲ ਹੈ ਕਿ ਇਨ੍ਹਾਂ ਸਿੱਖ ਸਿਆਸਤਦਾਨਾ ਵਿੱਚੋਂ ਸਟੇਟਸਮੈਨ ਕਿਤਨੇ ਕੁ ਹਨ/ਸਨ। ਹੋਰ ਵੀ ਕੁਝ ਸਟੇਟਸਮੈਨ ਹੋਣਗੇ ਪ੍ਰੰਤੂ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਸਿਆਸਤਦਾਨਾ ਵਿੱਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਬਿਹਤਰੀਨ ਸਟੇਟਸਮੈਨ ਸਮਝਦਾ ਹਾਂ। ਸਟੇਟਸਮੈਨ ਆਪਣੀ ਕਾਰਗੁਜ਼ਾਰੀ ਨਾਲ ਬਣਦਾ ਹੈ। ਸਟੇਟਸਮੈਨ ਸਮਾਜ ਵਿੱਚ ਵਿਚਰਦਿਆਂ ਕਦੀਂ ਵੀ ਜ਼ਾਤ ਪਾਤ, ਧਰਮ ਅਤੇ ਸਿਆਸੀ ਪਾਰਟੀ ਨੂੰ ਤਰਜੀਹ ਨਹੀਂ ਦਿੰਦਾ। ਉਹ ਸਾਰਿਆਂ ਨੂੰ ਬਰਾਬਰ ਸਤਿਕਾਰ ਦਿੰਦਾ ਹੈ। ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦਾ ਹੈ। ਇਥੇ ਮੈਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਇੱਕ ਉਦਾਹਰਣ ਦਿੰਦਾ ਹਾਂ, ਜਿਸ ਦਾ ਮੈਂ ਚਸ਼ਮਦੀਦ ਗਵਾਹ ਹਾਂ। ਇੱਕ ਵਾਰ ਜਦੋਂ ਅਕਾਲੀ ਦਲ ਦੀ ਸਰਕਾਰ ਸੀ ਤੇ ਸ੍ਰ. ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਤਾਂ ਮੈਂ ਇਕ ਸਿਆਸਤਦਾਨ ਕੋਲ ਕਿਸੇ ਦੋਸਤ ਦੇ ਕੰਮ ਲਈ ਗਿਆ ਤਾਂ ਉਸ ਸਿਆਸਤਦਾਨ ਨੇ ਕਿਹਾ ਕਿ ਭਾਵੇਂ ਤੁਹਾਡਾ ਕੰਮ ਜਾਇਜ਼ ਹੈ ਪ੍ਰੰਤੂ ਇਹ ਕੰਮ ਮੁੱਖ ਮੰਤਰੀ ਦੀ ਇਜ਼ਾਜਤ ਤੋਂ ਬਿਨਾ ਸੰਭਵ ਨਹੀਂ। ਇਸ ਲਈ ਤੁਸੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਮਿਲ ਲਵੋ, ਉਹ ਹੀ ਮੁੱਖ ਮੰਤਰੀ ਤੋਂ ਕਰਵਾ ਸਕਦੇ ਹਨ। ਮੈਂ ਦੂਜੇ ਦਿਨ ਸਵਖਤੇ ਹੀ ਜਿਸ ਦੋਸਤ ਦਾ ਕੰਮ ਸੀ, ਉਸ ਨੂੰ ਨਾਲ ਲੈ ਕੇ ਟੌਹੜਾ ਪਿੰਡ ਪਹੁੰਚ ਗਿਆ। ਟੌਹੜਾ ਸਾਹਿਬ ਨੂੰ ਮਿਲਣ ਵਾਲਿਆਂ ਦੀ ਲੰਬੀ ਲਾਈਨ ਲੱਗੀ ਹੋਈ ਸੀ। ਜਦੋਂ ਮੇਰੀ ਵਾਰੀ ਆਈ ਤਾਂ ਦਰਵਾਜੇ ਤੇ ਖੜ੍ਹੇ ਵਿਅਕਤੀ ਨੇ ਮੈਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਕਿਉਂਕਿ ਮੈਨੂੰ ਸ੍ਰ. ਬੇਅੰਤ ਸਿੰਘ ਦਾ ਬੰਦਾ ਸਮਝਿਆ ਜਾਂਦਾ ਸੀ। ਜਦੋਂ ਉਹ ਵਿਅਕਤੀ ਥੋੜ੍ਹਾ ਐਧਰ ਓਧਰ ਹੋਇਆ ਮੈਂ ਮੌਕਾ ਤਾੜ ਕੇ ਕਮਰੇ ਵਿੱਚ ਦਾਖ਼ਲ ਹੋ ਗਿਆ। ਟੌਹੜਾ ਸਾਹਿਬ ਉਠ ਕੇ ਖੜ੍ਹੇ ਹੋ ਗਏ ਤੇ ਮੈਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। ਉਨ੍ਹਾਂ ਮੈਨੂੰ ਆਪਣੇ ਕੋਲ ਬਿਠਾ ਲਿਆ ਤੇ ਉਸ ਵਿਅਕਤੀ ਨੂੰ ਚਾਹ ਲਿਆਉਣ ਲਈ ਕਹਿ ਦਿੱਤਾ, ਜਿਹੜਾ ਮੈਨੂੰ ਅੰਦਰ ਦਾਖ਼ਲ ਹੋਣ ਤੋਂ ਰੋਕ ਰਿਹਾ ਸੀ। ਮੈਂ ਟੌਹੜਾ ਸਾਹਿਬ ਨੂੰ ਬੇਨਤੀ ਕੀਤੀ ਕਿ ਇਹ ਲੜਕਾ ਜਿਹੜਾ ਮੇਰੇ ਨਾਲ ਹੈ, ਇਸ ਦਾ ਕੰਮ ਫਲਾਣੇ ਸਿਆਸਤਦਾਨ ਕੋਲ ਹੈ ਪ੍ਰੰਤੂ ਉਸ ਨੇ ਕਿਹਾ ਹੈ ਕਿ ਮੁੱਖ ਮੰਤਰੀ ਦੀ ਸਿਫ਼ਾਰਸ਼ ਤੋਂ ਬਿਨਾ ਕੰਮ ਨਹੀਂ ਹੋ ਸਕਦਾ। ਟੌਹੜਾ ਸਾਹਿਬ ਮੈਨੂੰ ਕਹਿਣ ਲੱਗੇ ' ਉਸ ਸਿਆਸਦਾਨ ਨੂੰ ਜਾ ਕੇ ਕਹਿ ਦਿਓ, ਆਪਣੇ ਬਾਦਲ ਨੂੰ ਕਹਿ ਦੇਣ ਕਿ ਇਹ ਕੰਮ ਮੇਰਾ ਹੈ।' ਮੈਂ ਸਮਝਿਆ ਟੌਹੜਾ ਸਾਹਿਬ ਨੇ ਮੈਨੂੰ ਟਰਕਾ ਦਿੱਤਾ ਹੈ। ਮੈਂ ਵਾਪਸ ਆ ਕੇ ਉਸ ਸਿਆਸਤਦਾਨ ਕੋਲ ਚਲਾ ਗਿਆ ਤੇ ਟੌਹੜਾ ਸਾਹਿਬ ਦਾ ਸੰਦੇਸ਼ਾ ਦੇ ਦਿੱਤਾ। ਬਾਅਦ ਵਿੱਚ ਉਹ ਕੰਮ ਹੋ ਗਿਆ। ਅੱਜ ਉਹ ਅਧਿਕਾਰੀ ਟੌਹੜਾ ਸਾਹਿਬ ਦੇ ਗੁਣਗਾਨ ਕਰ ਰਿਹਾ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿਚ ਐਨਾ ਲੰਮਾਂ ਸਮਾਂ ਪ੍ਰਧਾਨ ਰਹਿਣ ਦਾ ਉਨ੍ਹਾਂ ਦਾ ਬੇਦਾਗ਼ ਰਿਕਾਰਡ ਹੈ। ਉਹ 1969-76, 80-88 ਅਤੇ 98-2004 ਵਿਚ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ 1977 ਤੋਂ 79 ਤੱਕ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਰਹੇ। ਮਾਰਚ 2004 ਵਿਚ ਵੀ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਪ੍ਰੰਤੂ ਸਹੁੰ ਚੁਕਣ ਤੋਂ ਪਹਿਲਾਂ ਹੀ ਸਵਰਗ ਸਿਧਾਰ ਗਏ। ਜਥੇਦਾਰ ਟੌਹੜਾ ਆਮ ਤੌਰ ਤੇ ਕਿਸੇ ਨਾ ਕਿਸੇ ਟਿਪਣੀ ਕਰਕੇ ਵਿਵਾਦਾਂ ਵਿਚ ਘਿਰੇ ਰਹਿੰਦੇ ਸਨ, ਉਹ ਹਮੇਸ਼ਾ ਵਿਲੱਖਣ ਚਰਚਾ ਹੀ ਛੇੜਦੇ ਸਨ ਪ੍ਰੰਤੂ ਜਥੇਦਾਰ ਟੌਹੜਾ ਜਿੰਨਾ ਕੋਈ ਵੀ ਸਿਆਸਤਦਾਨ ਸੂਝਵਾਨ ਅਤੇ ਇਮਾਨਦਾਰ ਹੋਣਾ ਮੁਸ਼ਕਲ ਹੈ। ਇਸੇ ਕਰਕੇ ਉਹਨਾਂ ਨੂੰ ਸਿੱਖਾਂ ਦਾ ਰੌਸ਼ਨ ਦਿਮਾਗ ਨੇਤਾ ਕਿਹਾ ਜਾਂਦਾ ਸੀ। ਕੋਈ ਵੀ ਗੱਲ ਉਹ ਅਵੇਸਲੇ ਹੋਕੇ ਜਾਂ ਅਚਾਨਕ ਨਹੀਂ ਸਗੋਂ ਜਾਣ ਬੁਝ ਕੇ ਹੀ ਕਰਦੇ ਸਨ।

ਉਨ੍ਹਾਂ ਦਾ ਵਿਆਹ ਸਰਦਾਰਨੀ ਜੋਗਿੰਦਰ ਕੌਰ ਨਾਲ ਹੋਇਆ, ਜੋ ਸਿਖ ਵਿਚਾਰਧਾਰਾ ਨਾਲ ਪਰੁਚੀ ਹੋਈ ਸੀ। ਉਨ੍ਹਾਂ ਦੀ ਇੱਕ ਗੋਦ ਲਈ ਹੋਈ ਲੜਕੀ ਕੁਲਦੀਪ ਕੌਰ ਹੈ ਜੋ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਹੈ। ਉਨ੍ਹਾਂ ਦਾ ਜਵਾਈ ਹਰਮੇਲ ਸਿੰਘ ਪੰਜਾਬ ਦਾ ਮੰਤਰੀ ਰਿਹਾ ਹੈ। ਹਰਮੇਲ ਸਿੰਘ ਟੌਹੜਾ ਦਾ ਲੜਕਾ ਹਰਿੰਦਰਪਾਲ ਸਿੰਘ ਟੌਹੜਾ ਮਾਰਕੀਟ ਕਮੇਟੀ ਪਟਿਆਲਾ ਦਾ ਚੇਅਰਮੈਨ ਰਿਹਾ ਹੈ। ਸਿੱਖ ਇਤਿਹਾਸ ਵਿਚ ਜੱਥੇਦਾਰ ਟੌਹੜਾ ਇਮਾਨਦਾਰੀ ਅਤੇ ਸਾਦਗੀ ਦੇ ਪ੍ਰਤੀਕ ਦੇ ਤੌਰ ਤੇ ਜਾਣੇ ਜਾਂਦੇ ਰਹਿਣਗੇ। ਉਚੇ ਅਹੁਦਿਆਂ ਤੇ ਰਹਿਣ ਦੇ ਬਾਵਜੂਦ ਵੀ ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ, ਜਿਹੜੀ ਜਾਇਦਾਦ ਸਿਆਸਤ ਵਿਚ ਆਉਣ ਤੋਂ ਪਹਿਲਾਂ ਸੀ, ਉਹੀ ਅਖ਼ੀਰ ਤੱਕ ਰਹੀ।

ਅਜਿਹੇ ਵਿਲੱਖਣ ਇਨਸਾਨ ਆਟੇ ਵਿਚ ਲੂਣ ਦੇ ਬਰਾਬਰ ਹੀ ਮਿਲਦੇ ਹਨ। ਉਹ 1 ਅਪ੍ਰੈਲ 2004 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਮਰਨ ਉਪਰੰਤ ਉਨ੍ਹਾਂ ਨੂੰ ਪੰਥ ਰਤਨ ਦਾ ਖ਼ਿਤਾਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਿੱਤਾ ਗਿਆ। ਜਥੇਦਾਰ ਟੌਹੜਾ ਨੇ ਆਪਣੀ ਲਿਆਕਤ, ਦਿਆਨਤਦਾਰੀ ਅਤੇ ਇਮਾਨਦਾਰੀ ਕਰਕੇ ਆਪਣੀ ਕਰਨੀ ਤੇ ਕਹਿਣੀ ਦਾ ਸਿੱਕਾ ਆਪਣੇ ਵਿਰੋਧੀਆਂ ਤੇ ਵੀ ਚਲਾਇਆ। ਜਥੇਦਾਰ ਟੌਹੜਾ ਹਮੇਸ਼ਾ ਹੀ ਕੰਡਿਆਲੇ ਰਾਹਾਂ ਦਾ ਪਾਂਧੀ ਰਿਹਾ ਹੈ ਪ੍ਰੰਤੂ ਕਦੇ ਲੜਖੜਾਇਆ ਨਹੀਂ ਸਿਰਫ ਆਪਣੀ ਜ਼ਿੰਦਗੀ ਦੇ ਅਖੀਰੀ ਦਿਨਾਂ ਵਿਚ ਪਰਿਵਾਰਕ ਮਜ਼ਬੂਰੀਆਂ ਕਰਕੇ ਉਸ ਨੂੰ ਥੋੜ੍ਹਾਂ ਥਿੜ੍ਹਕਣਾ ਪਿਆ।



ਉਜਾਗਰ ਸਿੰਘ
91-94178 13072

# ਗੜ੍ਹੀ ਅਜੀਤ ਸਿੰਘ ਦੇ 17ਵੇਂ ਸੱਭਿਆਚਾਰਕ ਤੇ ਛਿੰਝ ਮੇਲੇ ਦੌਰਾਨ 'ਚ ਹਿੱਟ ਕਲਾਕਾਰਾਂ ਨੇ ਲਗਾਈ ਹਾਜਰੀ

ਦੇਹਰਾ ਲੱਖ ਦਾਤਾ ਪੀਰ ਨਿਗਾਹਾ ਛਿੰਝ ਕਮੇਟੀ ਰਜਿ. ਗੜ੍ਹੀ ਅਜੀਤ ਸਿੰਘ ਵਿਖੇ ਛਿੰਝ ਮੇਲਾ ਕਮੇਟੀ, ਐਨਆਰਆਈ ਤੇ ਨਗਰ ਨਿਵਾਸੀਆ ਦੇ ਸਹਿਯੋਗ ਨਾਲ ਕਰਵਾਇਆ ਮੇਲੇ ਦੌਰਾਨ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਖੁੱਲੇ ਪੰਡਾਲ ਵਿੱਚ ਸੱਭਿਆਚਾਰਕ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਲਾਕਾਰ ਤੇ ਪ੍ਰਬੰਧਕ ਰੂਪ ਲਾਲ ਧੀਰ, ਰਾਜ ਦਦਰਾਲ ਤੋਂ ਇਲਾਵਾ ਡਿਊਟ ਜੋੜੀ ਸਰਫੂ ਸਦੀਕ ਤੇ ਰਣਵੀਰ ਕੌਰ ਤੋਂ ਇਲਾਵਾ ਪ੍ਰਸਿੱਧ ਗਾਇਕ ਜੋੜੀ ਹਰਜੀਤ ਸਿੱਧੂ ਤੇ ਪ੍ਰਵੀਨ ਦਰਦੀ ਨੇ ਆਪਣੇ ਹਿੱਟ ਗੀਤ ਗਾਕੇ ਦਰਸ਼ਕਾਂ ਦਾ ਮੰਨੋਰੰਜਨ ਕੀਤਾ ਇਸ ਮੌਕੇ ਸੰਗਤ ਵਾਸਤੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਵਰਤਾਏ ਗਏ ਗਿਆ ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਦਾਨੀ ਸੱਜਣਾਂ ਅਤੇ ਸਹਿਯੋਗੀਆਂ ਦੇ ਧੰਨਵਾਦ ਕਰਨ ਦੇ ਨਾਲ-ਨਾਲ ਉਨਾਂ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਪ੍ਰਧਾਨ ਅਮਰੀਕ ਸਿੰਘ ਪੁਰੇਵਾਲ, ਰੂਪ ਲਾਲ ਧੀਰ,ਰਾਜ ਦਦਰਾਲ, ਬਹਾਦਰ ਸਿੰਘ ਥਿਆੜਾ,ਅਵਤਾਰ ਸਿੰਘ ਦਿਓਲ, ਬਲਵੀਰ ਸਿੰਘ ਤੇ ਲਖਵਿੰਦਰ ਸਿੰਘ ਪੰਚ, ਹਰਜਿੰਦਰ ਸਿੰਘ ਬਾਠ, ਗੋਬਿੰਦ ਧੀਰ, ਮੱਖਣ ਸਿੰਘ ਬਾਠ, ਨੰਬਰਦਾਰ ਮਹਿੰਦਰ ਸਿੰਘ ਅਣਦੇਹ ਯੂਐਸਏ, ਬਲਕਾਰ ਸਿੰਘ ਅਣਦੇਹ, ਭੁਪਿੰਦਰ ਸਿੰਘ ਗਿੱਲ, ਮੇਜਰ ਸਿੰਘ ਥਿਆੜਾ, ਕੁਲਦੀਪ ਸਿੰਘ ਗਿੱਲ,ਜਗੀਰ ਦਦਰਾਲ, ਗੁਰਜਿੰਦਰ ਸਿੰਘ ਗਿੰਦਾ, ਮੋਹਣ ਦੁਸਾਂਝ, ਡਾਕਟਰ ਜੋਗਾ ਸਿੰਘ ਧੀਰ, ਜਗੀਰ ਦਦਰਾਲ, ਰਾਮ ਮੂਰਤੀ, ਸੁਖਜੀਵਨ ਬਾਠ ਗੁਰਦਾਵਰ ਥਿਆੜਾ, ਸੁਖਬੀਰ ਸਿੰਘ ਥਿਆੜਾ,ਅਤੇ ਗਿਆਨੀ ਜੋਗਿੰਦਰ ਸਿੰਘ, ਗੋਬਿੰਦ ਧੀਰ, ਗੁਰਪਾਲ ਧੀਰ ਤੋ ਇਲਾਵਾ ਪਿੰਡ ਵਾਸੀ ਤੇ ਇਲਾਕਾ ਨਿਵਾਸੀ ਹਾਜ਼ਰ ਸਨ। ਤੇ 23ਸਤੰਬਰ ਨੂੰ ਵਿਸ਼ਾਲ ਛਿੰਜ ਮੇਲੇ ਦੌਰਾਨ ਨਾਮਵਰ ਪਹਿਲਵਾਨ ਪਹੁੰਚ ਰਹੇ ਹਨ ਤੇ ਅਨੇਕਾਂ ਕੁਸ਼ਤੀਆਂ ਹੋਣਗੀਆਂ ਉਨਾਂ ਦਰਸ਼ਕਾਂ ਨੂੰ ਇਸ ਛਿੰਝ ਮੇਲੇ 'ਚ ਹੁੰਮ ਹੁੰਮਾਕੇ ਜਰੂਰ ਸ਼ਾਮਲ ਹੋਣਾ।



– ਬੱਗਾ ਸੇਲਕੀਆਣਾ

**1 ਅਕਤੂਬਰ 1873 'ਤੇ ਵਿਸ਼ੇਸ਼**

# ਸਿੰਘ ਸਭਾ ਲਹਿਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

29 ਮਾਰਚ 1849 ਨੂੰ ਪੰਜਾਬ ਤੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਨੇ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਿਆਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਗ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਹਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14, 15, 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ, ਪੰਡਤ ਸ਼ਰਧਾ ਰਾਮ ਫਿਲੌਰੀ, ਗੁਰੂ ਦੰਤ, ਲੇਖਰਾਜ ਆਦਿ ਨੇ ਅੰਗਰੇਜ਼ੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਗਿਆਨੀ ਗਿਆਨ ਸਿੰਘ, ਸਕੱਤਰ ਸ. ਅਮਰ ਸਿੰਘ, ਮੀਤ ਸਕੱਤਰ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ, ਖਜਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ। ਪਰ ਇਸਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜੋਸ਼ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ। ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ :

1. ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ। 4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਿਕ ਵਿੱਦਿਆ ਦੇ ਕੇ ਹਰ ਪੱਖ ਤੋਂ ਜਾਗਰਿਤ ਕਰਨਾ।
7. ਹਕੂਮਤ ਨਾਲ ਟਕਰਾਅ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿੱਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਿਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ।
2. ਵਿੱਦਿਅਕ ਪੰਜਾਬ- ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖਾਲਸਾ ਅਖ਼ਬਾਰ।
4. ਸੰਨ 1996 ਵਿਚ ਰਸਾਲਾ ਸੁਧਾਰਕ- ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਖਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ-ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਕੀਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1876 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ, ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜ੍ਹੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ 'ਸਪਤਾਹਿਕ' ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ-ਕੋਨੇ 'ਤੇ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ। ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1990 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ, ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ, ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਹਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਂ ਦੇ ਕੇ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

**ਅੰਤਿਕਾ–** ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅੱਪੜੇ। ਜਿਵੇਂ 'ਖਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖਾਲਸਾ ਦੀਵਾਨ ਲਾਹੌਰ', 'ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ' ਨੇ ਗੁਰਮਰਿਆਦਾ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਮਾ ਇਤਿਹਾਸ ਹੈ।

# ਬਿਨਾਂ ਦਵਾਈਆਂ ਮਸਾਜ਼ ਨਾਲ ਜੋੜਾਂ ਦੇ ਦਰਦ ਠੀਕ ਕਰਨ ਵਾਲਾ- ਬਿੱਟੂ ਬਹਾਦਰ ਪਟਿਆਲਾ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਹਰ ਇਨਸਾਨ ਜ਼ਿੰਦਗੀ 'ਚ ਕਾਮਯਾਬੀ ਲਈ ਖੇਤਰ ਵਿਸ਼ੇਸ਼ ਵਿੱਚ ਦ੍ਰਿੜਤਾ ਨਾਲ ਸਖ਼ਤ ਮਿਹਨਤ ਕਰਦਾ ਹੈ, ਪਰ ਆਮੋਮਨ ਕਿਸਮਤ ਕਿਸੇ ਕਿਸੇ ਨੂੰ ਕਾਮਯਾਬੀ ਦਾ ਪੱਲਾ ਹੱਥ ਫੜਾਉਂਦੀ ਹੈ ਤਾਂ ਪਰਮਾਤਮਾ ਉਹਦੀ ਘਾਲਣਾ ਤੋਂ ਖੁਸ਼ ਹੋ ਕੇ ਉਹਦੀ ਮੰਜ਼ਿਲ ਦਾ ਰਸਤਾ ਬਦਲ ਦਿੰਦਾ ਹੈ। ਅਜਿਹਾ ਹੀ ਵਾਕਿਆ ਮਾਲਵੇ ਦੇ ਜ਼ਿਲਾ ਸੰਗਰੂਰ ਦੇ ਅਮਰਗੜ ਨੇੜਲੇ ਪਿੰਡ ਮੂਲਾਬੱਧਾ ਦੇ ਬਿੱਟੂ ਬਹਾਦਰ ਨਾਲ ਹੋਇਆ ਹੈ।

ਇੱਕ ਅੱਤ ਗੁਰਬੱਤ ਭਰੀ ਜ਼ਿੰਦਗੀ ਹੰਢਾਉਂਦੇ ਪਰਿਵਾਰ ਵਿੱਚ ਕੁਦਰਤ ਦੀ ਇਸ ਹੁਸੀਨ ਆਬੋ ਹਵਾ ਵਿੱਚੋਂ 1 ਅਗਸਤ 1976 ਨੂੰ ਪਿਤਾ ਸ੍ਰ. ਨਰਾਤਾ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਬਚਨ ਕੌਰ ਦੇ ਵਿਹੜੇ ਪਹਿਲੀ ਹਿਝਕੀ ਭਰਨ ਵਾਲੇ ਬਹਾਦਰ ਸਿੰਘ ਉਰਫ ਬਿੱਟੂ ਬਹਾਦਰ ਨੇ ਨਾਭਾ ਤੋਂ ਆਰਟ ਐਂਡ ਕਰਾਫਟਸ ਵਿੱਚ ਡਿਪਲੋਮਾ ਪਾਸ ਕੀਤਾ ਅਤੇ ਜੰਮੂ ਤੋਂ ਈਟੀਟੀ ਕੀਤੀ, ਪਰ ਨੌਕਰੀ ਨਹੀਂ ਮਿਲੀ। ਪਰਿਵਾਰਿਕ ਪਿਛੋਕੜ ਗਾਇਕੀ ਨਾ ਹੋਣ ਦੇ ਬਾਵਜੂਦ ਵੀ ਉਸਨੂੰ ਗਾਇਕੀ ਦੀ ਚਿਣਗ ਉਸਦੇ ਵੱਡੇ ਭਰਾ ਇੰਟਰਨੈਸ਼ਨਲ ਲੋਕ ਗਾਇਕ ਜੱਸੀ ਜਸਪਾਲ ਤੋਂ ਲੱਗ ਗਈ। ਸ਼ੌਕ ਵਜੋਂ ਬਹਾਦਰ ਬਿੱਟੂ ਨੇ ਆਕਾਸ਼ਵਾਣੀ ਪਟਿਆਲਾ ਅਤੇ ਜਲੰਧਰ ਤੋਂ "ਹਾਸਿਆਂ ਦੇ ਗੋਲ ਗੱਪੇ" ਪ੍ਰੋਗਰਾਮ 'ਚ ਅਤੇ ਡੀਡੀ ਪੰਜਾਬੀ ਦੇ "ਹੱਸਦਾ ਪੰਜਾਬ" ਟੈਲੀਕਾਸਟ ਪ੍ਰੋਗਰਾਮ 'ਚ ਆਪਣੀ ਕਲਾ ਦੇ ਜੌਹਰ ਦਿਖਾਏ। ਉਸਦਾ ਇੱਕ ਦੋਗਾਣਾ "ਪੇਸ਼ੀ" ਵੀ ਡੀਡੀ ਪੰਜਾਬੀ ਨੇ ਰਿਕਾਰਡ ਕਰਕੇ "ਲਿਸ਼ਕਾਰਾ" ਪ੍ਰੋਗਰਾਮ ਵਿੱਚ ਪੇਸ਼ ਕੀਤਾ ਸੀ। ਬਿੱਟੂ ਦੀ ਆਵਾਜ਼ ਵਿੱਚ ਪਰਪੱਕਤਾ ਹੈ, ਸੋਹਜ ਹੈ ਜੋ ਇੱਕ ਮੱਝੇ ਹੋਏ ਗਾਇਕ ਦਾ ਭੁਲੇਖਾ ਪਾਉਂਦੀ ਹੈ, ਪਰ ਕਿਸਮਤ ਨੇ ਗਾਇਕੀ ਦੇ ਇਸ ਪਿੜ ਵਿੱਚ ਕਾਮਯਾਬੀ ਲਈ ਸਾਥ ਨਹੀਂ ਦਿੱਤਾ।ਫਿਰ ਉਸਨੇ ਮਨਦੀਪ ਦੀਪੀ ਦੇ ਮਿਊਜ਼ਿਕ ਵਿੱਚ ਮੱਟੂ ਬੀਂਬੜ ਵਾਲੇ ਦਾ ਲਿਖਿਆ ਗੀਤ "ਪਟਿਆਲੇ ਵਾਲਿਆਂ..." ਰਿਕਾਰਡ ਕਰਵਾਇਆ, ਬਦਕਿਸਮਤੀ ਕਾਰਣ ਇਹ ਗੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਰੌਲ਼ੇ ਦੀ ਭੇਂਟ ਚੜ ਗਿਆ।ਅੱਤ ਗਰੀਬੀ ਅਤੇ ਬੇਰੁਜ਼ਗਾਰੀ ਦਾ ਝੰਜੋੜਿਆ ਬਿੱਟੂ ਘਰ ਦਾ ਖਰਚਾ ਚਲਾਉਣ ਲਈ ਫੀਜੋਥਰੈਪੀ ਸਿੱਖਣ ਲੱਗ ਪਿਆ, ਐਕਿਊਪ੍ਰੈਸ਼ਰ ਬਾਬਤ ਉਹ ਪਹਿਲਾਂ ਹੀ ਕੁਝ ਜਾਣਕਾਰੀ ਰੱਖਦਾ ਸੀ।

ਮੈਨੂੰ ਇੱਕ ਦਿਨ ਉਹਦੇ ਪਟਿਆਲਾ ਸਥਿਤ ਕੰਮਕਾਜੀ ਥਾਂ 'ਤੇ ਮਿਲਣ ਦਾ ਮੌਕਾ ਮਿਲਿਆ, ਉਸ ਕੋਲ ਕਾਫੀ ਮਰੀਜ਼ ਆਪਣਾ ਇਲਾਜ ਕਰਵਾਉਣ ਦੂਰੋਂ ਦੂਰੋਂ ਆਏ ਹੋਏ ਸਨ। ਉਸਨੇ ਜਾਣਕਾਰੀ ਸਾਂਝੀ ਕਰਦਿਆਂ ਚਾਨਣਾ ਪਾਇਆ ਕਿ ਬੇਰੁਜ਼ਗਾਰੀ ਤੋਂ ਪੀੜਿਤ ਅਤੇ ਘਰੇਲੂ ਖਰਚਿਆਂ ਤੋਂ ਤੰਗ ਉਹ ਕਿਸੇ ਜਾਣਕਾਰ ਨਾਲ ਬਾਬਾ ਅਬਦੁੱਲਾ ਸ਼ਾਹ ਦੀ ਦਰਗਾਹ ਨੇੜੇ ਸਮਾਣਾ ਗਿਆ ਸੀ। ਉੱਥੇ ਬਾਬਾ ਭੋਲੇ ਸ਼ਾਹ ਜੀ ਸਰਵਾਈਕਲ,



ਗੋਡੇ, ਮੋਢੇ, ਰੀੜ੍ਹ ਦੀ ਹੱਡੀ ਸਮੇਤ ਜੋੜਾਂ ਦੇ ਦਰਦਾਂ ਦਾ ਇਲਾਜ਼ ਮਾਸਾਜ਼ ਨਾਲ ਕਰ ਰਹੇ ਸੀ। ਉਸਤੋਂ ਪ੍ਰਭਾਵਿਤ ਹੋ ਕੇ ਉਸਨੇ ਇਸ ਕਾਰਜ ਨੂੰ ਕਰਨ ਦਾ ਨਿਰਣਾ ਕਰ ਲਿਆ। ਬਾਬਾ ਜੀ ਨੂੰ ਇਸ ਬਾਬਤ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਬਿੱਟੂ ਨੂੰ ਜੋੜਾਂ ਦੀਆਂ ਬਾਰੀਕੀਆਂ, ਪ੍ਰਸਥਿਤੀਆਂ, ਦਰਦ ਦੇ ਕਾਰਣਾਂ ਅਤੇ ਇਲਾਜ ਕਰਨ ਦੀਆਂ ਤਕਨੀਕਾਂ ਬਾਰੇ ਆਪਣੇ ਮੁਤਾਬਿਕ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸੇ ਦੌਰਾਨ ਉਸਨੂੰ ਐਨ ਆਈ ਐਸ ਪਟਿਆਲਾ ਵਿਖੇ ਖਿਡਾਰੀਆਂ ਨੂੰ ਖੇਡ ਦੌਰਾਨ ਆਉਂਦੀਆਂ ਜੋੜਾਂ ਦੇ ਦਰਦਾਂ ਦੀਆਂ ਸਮੱਸਿਆਂਵਾਂ ਦੇਖਣ ਲਈ ਬੁਲਾਇਆ ਜਾਣ ਲੱਗਾ। ਉਹਦੀ ਰੁਚੀ ਨੂੰ ਦੇਖਦਿਆਂ ਐਨ ਆਈ ਐਸ ਦੇ ਕੋਚ ਵੱਲੋਂ ਉਸਨੂੰ ਇਸੇ ਸੰਸਥਾ ਤੋਂ ਸਪੋਰਟਸ ਮਾਸਾਜ਼ ਅਤੇ ਮਸਲਇੰਜ਼ਰੀ ਦਾ ਕੋਰਸ ਕਰਨ ਦੀ ਸਲਾਹ ਦੇ ਦਿੱਤੀ ਗਈ। ਉਸਦੇ ਗਾਈਡ ਵਰਿੰਦਰ ਵਰਮਾ ਉਸਨੂੰ ਮਨੁੱਖੀ ਸਰੀਰ ਦੀਆਂ 206 ਹੱਡੀਆਂ ਦੀ ਕਾਰਜ ਪ੍ਰਣਾਲੀ ਬਾਰੇ ਵਿਸਥਾਰ ਪੂਰਵਕ ਗਹਿਰਾਈ ਨਾਲ ਜਾਣਕਾਰੀ ਮਹੱਈਆ ਕਰਵਾਈ ਜੋਂ ਉਹਦੀ ਕਾਮਯਾਬੀ ਵਿੱਚ ਆਧਾਰ ਬਣੀ। ਉਸਨੇ ਪੂਰੀ ਮਿਹਨਤ, ਲਗਨ ਅਤੇ ਰੁਚੀ ਨਾਲ ਇਹ ਕੋਰਸ ਵੀ ਪਾਸ ਕਰ ਲਿਆ।

ਆਖੀਰ ਉਸਨੇ ਆਪਣੇ ਬਲਬੂਤੇ ਕੰਮ ਸ਼ੁਰੂ ਕਰਨ ਦਾ ਨਿਰਣਾ ਕਰ ਲਿਆ। ਸ਼ੁਰੂਆਤੀ ਦੌਰ ਵਿੱਚ ਉਸ ਕੋਲ ਦਿਨ ਵਿੱਚ ਉਸ ਸਿਰਫ ਇੱਕ ਹੀ ਮਰੀਜ਼ ਆਉਂਦਾ ਜਾਂ ਦਿਨ ਖਾਲੀ ਹੀ ਨਿਕਲ ਜਾਂਦਾ। ਹੌਲੀ ਹੌਲੀ ਮਰੀਜ਼ਾਂ ਦੀ ਗਿਣਤੀ ਵਧਦੀ ਗਈ। ਉਹਦੀ ਜ਼ਿੰਦਗੀ ਦੀ ਕਿਸਮਤ ਦਾ ਸਿਤਾਰਾ ਚਮਕਣ ਲੱਗਾ।ਅੱਜ ਉਹ ਬਿਨਾਂ ਦਵਾਈਆਂ ਤੋਂ ਮਾਸਾਜ਼ ਰਾਹੀਂ ਰੀੜ੍ਹ ਦੀ ਹੱਡੀ ਸਮੇਤ ਸਾਰੇ ਜੋੜਾਂ ਦਾ ਦਰਦ ਨੂੰ ਠੀਕ ਕਰਨ ਦੀ ਮੁਹਾਰਤ ਰੱਖਦਾ ਹੈ। ਹੁਣ ਤੱਕ ਉਸ ਕੋਲੋਂ ਪੰਜਾਬ ਅਤੇ ਭਾਰਤ ਹੀ ਨਹੀਂ, ਦੇਸ਼ ਵਿਦੇਸ਼ ਤੋਂ ਵੀ ਲੋਕ ਇਲਾਜ ਕਰਵਾ ਕੇ ਰਾਹਤ ਪਾ ਚੁੱਕੇ ਹਨ। ਉਹਦਾ ਕਹਿਣਾ ਹੈ ਕਿ ਕਬੀਰ ਜੀ ਦੇ ਕਥਨ "ਕਰਤ ਕਰਤ ਅਭਿਆਸ ਕੇ ਜੜਮਤਿ ਹੋਤ ਸੁਜਾਨ॥" ਮੁਤਾਬਿਕ ਕਿਸੇ ਵੀ ਕੰਮ ਦਾ ਲਗਾਤਾਰ ਅਭਿਆਸ ਕਰਨ ਲਈ ਅਸੀਂ ਉਸ ਕਾਰਜ ਵਿੱਚ ਪ੍ਰਵੀਨਤਾ ਹੋ ਜਾਂਦੀ ਹੈ, ਚਾਹੇ ਉਹ ਕੰਮ ਕਿੰਨਾਂ ਵੀ ਮੁਸ਼ਕਲ ਕਿਉਂ ਨਾਂ ਹੋਵੇ। ਉਸਦੀ ਇਹ ਵੀ ਖਾਸੀਅਤ ਹੈ ਕਿ ਉਸਨੇ ਕਦੇ ਵੀ ਕਿਸੇ ਮਰੀਜ਼ ਦਾ ਐਕਸਰੇ ਜਾਂ ਐਮ ਆਈ ਆਰ ਟੈਸਟ ਕਰਵਾ ਕੇ ਲਿਆਉਣ ਲਈ ਨਹੀਂ ਕਿਹਾ।

ਹੁਣ ਉਹਨੂੰ ਮੁਹਾਰਤ ਅਤੇ ਤਜਰਬੇ ਕਾਰਣ ਹੱਥ ਲਗਾ ਕੇ ਹੀ ਸਮੱਸਿਆ ਦੀ ਜਾਣਕਾਰੀ ਹੋ ਜਾਂਦੀ ਹੈ, ਪਰ ਇਸ ਕੰਮ ਵਿੱਚ ਇਮਾਨਦਾਰੀ ਅਤੇ ਕਿਰਦਾਰ ਨੂੰ ਪਹਿਲ ਕਦਮੀ ਰੱਖਣਾ ਪਹਿਲੀ ਸ਼ਰਤ ਅਤੇ ਜ਼ਰੂਰਤ ਹੈ।

ਆਮ ਲੋਕਾਂ ਤੋਂ ਇਲਾਵਾ ਗਾਇਕ, ਫਿਲਮੀ ਹਸਤੀਆਂ, ਪੁਲਿਸ ਮੁਲਾਜ਼ਮ ਅਤੇ ਹੋਰ ਵੀ ਸਿਵਲ ਉੱਚ ਅਧਿਕਾਰੀ ਉਸਤੋਂ ਆਪਣੇ ਸਮੱਸਿਆ ਦਾ ਇਲਾਜ ਕਰਵਾ ਕੇ ਰਾਹਤ ਭਰੀ ਜ਼ਿੰਦਗੀ ਜੀਅ ਰਹੇ ਹਨ, ਜਿੰਨਾਂ ਵਿੱਚ ਸੰਗੀਤ ਸਮਰਾਟ ਚਰਨਜੀਤ ਅਹੂਜਾ, ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ, ਗਾਇਕ ਸੁਖਵੰਤ ਲਵਲੀ ਦਾ ਭਤੀਜਾ, ਗਾਇਕ ਮੋਹਣ ਮਕਬੂਲ, ਸ਼ਾਟ ਪੁੱਟ ਖਿਡਾਰਨ ਮਨਪ੍ਰੀਤ ਕੌਰ ਸਬ ਇੰਸਪੈਕਟਰ ਪੰਜਾਬ ਪੁਲਿਸ, ਡਾ. ਪਰਜਿੰਦਰ ਕੌਰ ਫਤਿਹਗੜ੍ਹ ਸਾਹਿਬ ਦੀ ਰੀੜ ਦੀ ਹੱਡੀ ਦਾ ਇਲਾਜ ਆਦਿ ਸ਼ਾਮਿਲ ਹਨ।

ਬਿੱਟੂ ਬਹਾਦਰ ਦੀ ਰੂਹਾਨੀ ਖੂਬਸੂਰਤੀ ਅਤੇ ਖਾਸੀਅਤ ਇਹ ਹੈ ਕਿ ਉਹ ਗਰੀਬ ਲੋੜਵੰਦ ਬੇਸਹਾਰਾ ਲੋਕਾਂ ਦਾ ਇਲਾਜ ਬਿਲਕੁਲ ਮੁਫਤ 'ਚ ਕਰਦਾ ਹੈ, ਇੱਥੋਂ ਤਕ ਕਿ ਕਿਰਾਇਆ ਵੀ ਆਪਣੇ ਕੋਲੋਂ ਦੇ ਦਿੰਦਾ ਹੈ। ਇਸ ਨਾਲ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਸਕੋ' 'ਤੇ ਅਮਲ ਕਰਦੇ ਹਨ। ਉਹਦਾ ਕਹਿਣਾ ਹੈ ਕਿ ਉਹ ਆਪਣੀ ਕਮਾਈ 'ਚੋਂ ਕੱਢਿਆ ਦਸਮਾ ਦਸੌਂਧਾ ਅਜਿਹੇ ਕਾਰਜਾਂ 'ਤੇ ਹੀ ਖਰਚ ਕਰ ਦਿੰਦਾ ਹੈ।

ਇਸ ਤੋਂ ਇਲਾਵਾ ਉਹਦੀ ਟੀਮ ਪਟਿਆਲਾ, ਬਰਨਾਲਾ,ਭੱਟੀਵਾਲ (ਸੰਗਰੂਰ) ਵਿਖੇ ਵੀ ਹਰ ਹਫ਼ਤੇ ਮਰੀਜ਼ਾਂ ਦੇ ਇਲਾਜ ਲਈ ਜਾਂਦੀ ਹੈ।

ਉਹ ਕਲੱਬਾਂ,ਸਮਾਜ ਸੇਵੀ ਸੰਸਥਾਵਾਂ ਅਤੇ ਸਮਾਜ ਸੇਵੀ ਸਖ਼ਸ਼ੀਅਤਾਂ ਦੇ ਸਹਿਯੋਗ ਨਾਲ ਲਗਾਏ ਕੈਂਪਾਂ ਵਿੱਚ ਮੁਫ਼ਤ ਇਲਾਜ ਕਰਦੇ ਹਨ। ਪਰਮਜੀਤ ਸਿੰਘ ਡੱਬ (ਅਮਰੀਕਾ) ਹਰ ਸਾਲ ਆਪਣੇ ਖਰਚੇ ਤੇ ਕੈਂਪ ਲਗਾ ਕੇ ਬਿੱਟੂ ਬਹਾਦਰ ਦੀ ਟੀਮ ਨੂੰ ਲੋਕ ਸੇਵਾ ਲਈ ਬੁਲਾਉਂਦੇ ਹਨ। ਹੁਣ ਤੱਕ ਹਜਾਰਾਂ ਵਿਆਕਤੀ ਉਸ ਦੇ ਇਸ ਗੁਣ ਤੋਂ ਲਾਭ ਉਠਾ ਚੁੱਕੇ ਹਨ। ਪ੍ਰਮਾਤਮਾ ਉਸਦੀ ਮਿਹਨਤ ਨੂੰ ਹੋਰ ਬੁਲੰਦੀਆਂ ਦੀ ਕਾਮਯਾਬੀ ਬਖ਼ਸ਼ੇ।

# ਪੱਤਣਾਂ 'ਤੇ ਮਲਾਹ ਹੋਵੇ....




ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਪੱਤਣ ਤੇ ਦਰਿਆ, ਦਰਿਆ ਤੇ ਪੱਤਣ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਪੱਤਣ ਤੋਂ ਬਿਨਾਂ ਦਰਿਆ ਤੇ ਦਰਿਆ ਤੋਂ ਬਿਨਾਂ ਪੱਤਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਪੰਜਾਬ ਦੀ ਵਾਸਤਵਿਕ ਹੋਂਦ ਲੱਭਣ ਲਈ ਪੰਜਾਂ ਦਰਿਆਵਾਂ ਦੀ ਗਿਣਤੀ ਵਿੱਚ ਪਈ ਘਾਟ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਂਦਾ ਹੈ। ਭੂਗੋਲਿਕ ਹੱਦਬੰਦੀ ਨੇ ਪੰਜਾਬ ਦੇ ਦਰਿਆਵਾਂ ਨੂੰ ਖੋਰਾ ਲਗਾਇਆ ਹੈ। ਫਿਰ ਵੀ ਦਰਿਆਵਾਂ ਸੰਗ ਦੋਸਤੀ, ਦਰਿਆਵਾਂ ਪ੍ਰਤੀ ਆਪਣੇਪਨ ਦੀ ਭਾਵਨਾ, ਦਰਿਆਵਾਂ ਨਾਲ ਜੁੜੀ ਉਪਜੀਵਕਾ, ਦਰਿਆਵਾਂ 'ਤੇ ਨਿਰਭਰਤਾ ਅਤੇ ਦਰਿਆਵਾਂ ਵਰਗੀ ਵਿਸ਼ਾਲਤਾ ਲਈ ਮਨੁੱਖ ਦਰਿਆਵਾਂ ਦਾ ਕਰਜ਼ਦਾਰ ਹੈ। ਦਰਿਆਵਾਂ ਵਰਗੀ ਰਵਾਨੀ ਪੰਜਾਬੀਆਂ ਦੇ ਸੁਭਾਅ ਦਾ ਅੰਗ ਬਣ ਜਾਣ ਵਾਲਾ ਪਹਿਲੂ ਹੈ। ਪੰਜਾਬੀ ਲੋਕ ਜੀਵਨ ਦਰਿਆਵਾਂ ਦੇ ਅੰਗ ਸੰਗ ਤੁਰਦਾ ਰਿਹਾ ਹੈ। ਦਰਿਆਵਾਂ ਦੇ ਪੱਤਣਾਂ ਨਾਲ ਕਿਸੇ ਗੂੜ੍ਹੀ ਸਾਂਝ ਦੀ ਖਿੱਚ ਪੰਜਾਬੀਆਂ ਦੇ ਦਿਲਾਂ ਨੂੰ ਧੂਹ ਪਾਉਂਦੀ ਰਹੀ ਹੈ।

ਪੁਰਾਣੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ ਮਿਹਨਤ ਮਜਦੂਰੀ ਕਰਨ ਵਾਲੇ ਲੋਕ ਝੁੱਗੀਆਂ ਬਣਾ ਕੇ ਰਹਿੰਦੇ ਸਨ ਤੇ ਛੋਟੀ ਖੇਤੀ ਕਰਦੇ ਸਨ। ਆਮ ਤੌਰ 'ਤੇ ਉਹ ਪਾਲਤੂ ਪਸ਼ੂ ਰੱਖਦੇ ਸਨ ਤੇ ਲੋੜ ਅਨੁਸਾਰ ਜਿਥੇ ਪਾਣੀ ਤੇ ਘਾਹ-ਪੱਠਾ ਹੁੰਦਾ, ਉਥੇ ਜਾ ਵੱਸਦੇ ਸਨ। ਉਹ ਲੋਕ ਜਿਥੇ ਵੀ ਜਾਂਦੇ, ਦਰਿਆਵਾਂ ਦੇ ਪੱਤਣ ਆਬਾਦ ਹੋ ਜਾਂਦੇ ਸਨ। ਉਨ੍ਹਾਂ ਅਲਬੇਲੇ ਲੋਕਾਂ ਨੇ ਪੰਜਾਬ ਨੂੰ ਕਈ ਪ੍ਰੇਮ ਕਹਾਣੀਆਂ ਦਿੱਤੀਆਂ ਤੇ ਕਈ ਲੋਕ ਨਾਇਕ/ਨਾਇਕਾਵਾਂ ਨੂੰ ਅਮਰ ਕਰ ਦਿੱਤਾ :

ਪੱਤਣੋਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚੱਲ ਨਾਲ ਘੜਿਆ
ਜਿਥੇ ਵੱਸੇ ਮੇਰਾ ਦਿਲਦਾਰ ਘੜਿਆ...

ਪੱਤਣ ਉਹ ਸਥਾਨ ਹੈ, ਜਿਸ ਥਾਣੀਂ ਲੰਘ ਕੇ ਹੀ ਦਰਿਆ ਦੇ ਆਰ-ਪਾਰ ਆਉਣ ਜਾਣ ਦਾ ਹੀਲਾ-ਵਸੀਲਾ ਬਣ ਸਕਦਾ ਹੈ। ਪੱਤਣ ਨੇ ਪੰਜਾਬ ਦੇ ਲੋਕ ਸਾਹਿਤ ਦੇ ਕੁਝ ਹਿੱਸੇ ਨੂੰ ਸਦੀਵਤਾ ਪ੍ਰਦਾਨ ਕੀਤੀ ਹੈ। ਪੱਤਣ ਪ੍ਰਕਿਰਤੀ ਅਤੇ ਪ੍ਰਾਕਿਰਤਕ ਸੁੰਦਰਤਾ ਦਾ ਪ੍ਰਤੀਕ ਬਣਦਾ ਹੈ। ਕੰਢਿਆਂ ਤੋਂ ਬਾਹਰ ਛਲਕਦਾ ਹੋਇਆ ਦਰਿਆ ਦਾ ਪਾਣੀ ਦੂਰ ਤੱਕ ਵਿਛੀ ਚਾਂਦੀ ਰੰਗੀ ਚਾਦਰ ਵਾਂਗ ਪ੍ਰਤੀਤ ਹੁੰਦਾ ਹੈ। ਦਰਿਆ ਦੇ ਪਾਣੀ ਦੇ ਸ਼ੋਰ ਤੇ ਉਸਦੀ ਰਵਾਨੀ ਦੇ ਮਨ ਲੁਭਾਵਣੇ ਦ੍ਰਿਸ਼ ਸਭ ਨੂੰ ਚੰਗੇ ਲੱਗਦੇ ਹਨ। ਕਹਿੰਦੇ ਹਨ ਪ੍ਰੇਮੀ ਜੋੜਿਆਂ ਦੀਆਂ ਰੂਹਾਂ ਵੀ ਪੱਤਣਾਂ 'ਤੇ ਵਾਸਾ ਕਰਦੀਆਂ ਰਹੀਆਂ ਹਨ। ਪੰਜਾਬੀ ਲੋਕ ਗੀਤਾਂ ਵਿੱਚ ਪੱਤਣ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ। ਮਿਲਣ ਦੀ ਤਾਂਘ, ਵਿਛੋੜੇ ਦੀ ਕਸਕ ਤੇ ਉਡੀਕ ਦੀ ਬਿਹਬਲਤਾ ਨੂੰ ਬਿਆਨਣ ਵਾਲੇ ਇਕ ਲੋਕ ਗੀਤ ਦੀਆਂ ਤੁਕਾਂ ਵਿੱਚ ਪ੍ਰੇਮੀ ਨੂੰ ਪੱਤਣ ਲੰਘ ਕੇ ਆਉਣ ਦੀਆਂ ਅਰਜ਼ੋਈਆਂ ਕੀਤੀਆਂ ਗਈਆਂ ਹਨ :



ਮੇਰੇ ਕਾਗ ਬਨੇਰੇ ਉੱਤੇ ਬੋਲਿਆ
ਮੇਰਾ ਦਿਲ ਤੱਤੜੀ ਦਾ ਡੋਲਿਆ
ਮੈਂ ਮੰਦੜਾ ਬੋਲ ਨਾ ਬੋਲਿਆ
ਓ ਯਾਰ, ਲੰਘ ਆ ਜਾ, ਪੱਤਣ ਝਨਾਂ ਦਾ
ਵੇ ਮੈਂ ਕੋਠੇ 'ਤੇ ਚੜ੍ਹ ਖਲੀ ਆਂ
ਮੇਰੀਆਂ ਸੜਨ ਪੈਰਾਂ ਦੀਆਂ ਤਲੀਆਂ
ਝੁੱਲੀ ਵਾ' ਤੇ ਜ਼ੁਲਫ਼ਾਂ ਹਿੱਲੀਆਂ
ਓ ਯਾਰ, ਲੰਘ ਆ ਜਾ, ਪੱਤਣ ਝਨਾਂ ਦਾ।।।

ਜੇ ਪੱਤਣ ਨੂੰ ਵਿਸ਼ਾਲ ਅਰਥਾਂ ਵਿੱਚ ਤੇ ਵਿਸਤ੍ਰਿਤ ਪਰਿਪੇਖ ਵਿੱਚ ਸਮਝਣ ਦਾ ਯਤਨ ਕਰੀਏ ਤਾਂ ਪੱਤਣ ਮਨੁੱਖਤਾ ਲਈ, ਦੇਸ਼ ਦੇਸ਼ਾਂਤਰਾਂ ਲਈ, ਕੌਮਾਂ, ਧਰਮਾਂ, ਨਸਲਾਂ ਆਦਿ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਮਾਨਵਤਾ ਲਈ ਪਿਆਰ ਤੇ ਸਾਂਝਾਂ ਦਾ ਪੁਲ ਜਾਂਦਾ ਹੈ। ਪੱਤਣ ਮਨੁੱਖ ਨੂੰ ਉਸ ਵਾਦੀ ਵਿੱਚ ਲੈ ਕੇ ਜਾ ਸਕਦਾ ਹੈ - ਜਿਥੇ ਵੈਰ-ਵਿਰੋਧ ਨਾ ਹੋਵੇ, ਵੱਖਰੇਵਾਂ ਨਾ ਹੋਵੇ, ਵਿੱਥਾਂ ਨਾ ਹੋਵਣ ! ਜਿਹੜਾ ਮਨੁੱਖ ਪਿਆਰ ਦੇ ਪੱਤਣਾਂ ਦੇ ਆਰ-ਪਾਰ ਲੰਘ ਜਾਂਦਾ ਹੈ, ਉਹ ਨਿਮਰਤਾ ਨੂੰ ਆਪਣੀ ਜ਼ਿੰਦਗੀ ਦੀ ਰਾਸ ਬਣਾ ਸਕਦਾ ਹੈ। ਪੱਤਣ ਦਾ ਖੁਸ਼ਗਵਾਰ ਮਾਹੌਲ ਤੇ ਮਨਮੋਹਕ ਦ੍ਰਿਸ਼ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਪੱਤਣ ਦਾ ਚੌਗਿਰਦਾ ਮਨੁੱਖ ਦੀ ਜ਼ਿੰਦਗੀ ਨੂੰ ਹੁਸੀਨ ਬਣਾ ਦਿੰਦਾ ਹੈ :

ਮੈਂ ਤਾਂ ਪਾਣੀ ਭਰੇਂਨੀਂ ਆਂ ਪੱਤਣੂੰ
ਭੈੜੇ ਨੈਣ ਨਾ ਰਹਿੰਦੇ ਤੱਕਣੂੰ
ਸੁੰਝੇ ਦੰਦ ਨਾ ਰਹਿੰਦੇ ਹੱਸਣੂੰ
ਮੇਰਾ ਢੋਲ ਜੁਆਨੀਆਂ ਮਾਣੇ
ਭਾਵੇਂ ਜਾਣੇ ਤੇ ਭਾਵੇਂ ਨਾ ਜਾਣੇ।।।

ਬਰਹਾ ਦੇ ਸੱਲ੍ਹ ਸਹਿ ਰਹੇ ਲੋਕ ਕਿਸੇ ਦੀ ਉਡੀਕ ਕਰਦਿਆਂ ਏਨੇ ਉਤਸੁਕ ਹੋ ਜਾਂਦੇ ਹਨ ਕਿ ਉਹ ਬੇਸਬਰੀ ਨਾਲ ਪੱਤਣਾਂ 'ਤੇ ਖੜੇ ਪੁਕਾਰਦੇ ਸੁਣੇ ਜਾ ਸਕਦੇ ਹਨ :

ਲੱਕ ਬੰਨ੍ਹ ਪੱਤਣਾਂ 'ਤੇ ਖੜੀਆਂ
ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ।
ਪੱਤਣਾਂ 'ਤੇ ਰੋਣ ਖੜੀਆਂ,
ਜਿਨ੍ਹਾਂ ਦੇ ਰਾਤੀਂ ਯਾਰ ਵਿਛੜੇ....

ਔਹ ਗਏ ਸੱਜਣ ,ਔਹ ਗਏ ਨੀ ਮਾਏ
ਲੰਘ ਗਏ ਕਾਲੀ ਧਾਰ
ਉੱਚੇ ਪੱਤਣੂੰ ਚੜ੍ਹ ਵੇਖਦੀ ਨੀ ਮਾਏ
ਬਰਕਤ ਮਰਦਾਂ ਦੇ ਨਾਲ....

ਕਈ ਵਿਯੋਗੇ ਲੋਕ ਪੱਤਣਾਂ 'ਤੇ ਜਾ ਕੇ ਹਵਾਵਾਂ ਨਾਲ ਆਪਣਾ ਦੁੱਖ ਸੁੱਖ ਸਾਂਝਾ ਕਰਦੇ ਹਨ। ਵਹਿੰਦੇ ਪਾਣੀਆਂ ਨਾਲ ਗੱਲਾਂ ਕਰਕੇ, ਉਨ੍ਹਾਂ ਨੂੰ ਆਪਣੇ ਦੁੱਖੜੇ ਦੱਸਦੇ ਹਨ। ਫਿਰ ਵੀ ਦਰਿਆ ਦੇ ਪੱਤਣ 'ਤੇ ਕਹਿਰਾਂ ਦੇ ਹੁਸਨ ਦੀ ਗੱਲ ਪੰਜਾਬੀ ਲੋਕ ਗੀਤਾਂ ਵਿੱਚ ਛਿੜਦੀ ਹੈ :

ਸੱਕ ਮਲ਼ਦੀਆਂ, ਪਾਣੀ ਦੇ ਪੱਤਣਾਂ ਨੂੰ
ਅੱਗ ਲਾਣ ਲਾਹੌਰਨਾਂ ਚੱਲੀਆਂ ਨੇ।
ਇਕ ਮਾਹੇ, ਦੋ ਮਾਹੇ, ਤਿੰਨ ਮਾਹੇ ਚੱਲਦੇ ਆਏ
ਵੇ ਲਾਲ ਜੰਮੂ ਦਰਿਆ, ਤੁਸਾਂ ਪੱਤਣ ਡੇਰੇ ਲਾਏ।
ਚੇਤਰ ਦੇ ਮਹੀਨੇ ਵੇ ਲਾਲ ਚਿਤ ਲੱਗਦਾ ਨਾ ਮੇਰਾ
ਪੱਤਣ ਤੋਂ ਪਾਰ ਰੱਬਾ ਡਾਢਿਆ, ਮਾਹੀ ਦਾ ਡੇਰਾ।

ਪੱਤਣਾਂ ਨਾਲ ਕਿਸੇ ਪ੍ਰੇਮੀ, ਯੋਧੇ, ਸੰਤ, ਫਕੀਰ, ਪੈਗੰਬਰ ਦੀ ਜੀਵਨ ਗਾਥਾ ਦੀ ਕੋਈ ਘਟਨਾ ਜਾਂ ਕੋਈ ਪ੍ਰਸੰਗ ਵੀ ਜੁੜਿਆ ਹੁੰਦਾ ਹੈ। ਪੱਤਣਾਂ ਨਾਲ ਜੁੜੇ ਕਈ ਅਜਿਹੇ ਬਿਰਤਾਂਤ ਵੀ ਵੇਖੇ ਸੁਣੇ ਜਾ ਸਕਦੇ ਹਨ :

ਕਿਹੜੇ ਪੱਤਣ ਤੇਰੀਆਂ ਮੱਝੀਆਂ ਲੰਘਿਆਂ
ਕਿਹੜੇ ਪੱਤਣ ਗਾਈਂ
ਕਿਹੜੇ ਪੱਤਣ ਮੀਆਂ ਰਾਂਝਾ ਲੰਘਿਆ
ਹੀਰ ਨਿਮਾਣੀ ਦਾ ਸਾਈਂ।

ਵਗਦੇ ਦਰਿਆ ਸੁੰਦਰ ਲੱਗਦੇ ਹਨ। ਪਾਣੀ ਤੋਂ ਬਿਨਾਂ ਦਰਿਆ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪੱਤਣ ਦੀ ਰੌਣਕ ਵਗਦੇ ਦਰਿਆਵਾਂ ਨਾਲ ਹੀ ਹੁੰਦੀ ਹੈ। ਪੱਤਣਾਂ 'ਤੇ ਕਈ ਮੇਲੇ ਲੱਗਦੇ ਹਨ। ਲੋਕ ਅਨੁਸ਼ਠਾਨਾਂ ਅਨੁਸਾਰ ਲੋਕ ਕਈ ਤਰ੍ਹਾਂ ਦੀ ਪੂਜਾ ਸਮੱਗਰੀ ਪਾਣੀ ਦੀ ਭੇਂਟ ਚੜ੍ਹਾਉਂਦੇ ਹਨ, ਜਿਸ ਨੂੰ ਸਮਰਪਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਪੱਤਣਾਂ 'ਤੇ ਇਸ਼ਨਾਨ ਕੀਤਾ ਜਾਂਦਾ ਹੈ। ਪੱਤਣਾਂ ਨਾਲ ਸਥਿਤ ਧਾਰਮਿਕ ਅਸਥਾਨਾਂ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਪੱਤਣ ਮਨੁੱਖ ਨੂੰ ਰੋਟੀ ਰੋਜ਼ੀ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਸਥਾਨ ਬਣਦਾ ਹੈ। ਜਲ ਜੀਵ ਮਨੁੱਖ ਵਾਸਤੇ ਬੜਾ ਅਹਿਮ ਜੀਵ ਧਨ ਬਣਦੇ ਹਨ। ਪੱਤਣ ਤੇ ਟਿਕਾਣਾ ਕਰਕੇ ਸਵਾਰੀਆਂ ਤੇ ਮਾਲ ਦੀ ਢੋਆ ਢੁਆਈ ਤੋਂ ਵੀ ਮਨੁੱਖ ਕਮਾਈ ਕਰਦਾ ਹੈ। ਪਾਣੀ ਦਾ ਭੰਡਾਰ ਕਰਕੇ, ਉਸ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਪਾਣੀ ਜੀਵਨ ਦਾਤਾ ਹੈ। ਧਰਤੀ ਨੂੰ ਹਰਿਆਵਲ ਤੇ ਖੁਸ਼ਹਾਲੀ ਬਖਸ਼ਦਾ ਹੈ। ਬਨਸਪਤੀ ਪਾਣੀ ਨਾਲ ਹੀ ਵਧਦੀ ਫੁੱਲਦੀ ਹੈ। ਪੱਤਣ ਦਾ ਪਾਣੀ ਨਾਲ ਯੁਗਾਂ ਪੁਰਾਣਾ ਨਾਤਾ ਹੈ। ਸ਼ਾਲਾ! ਦਰਿਆ ਦਾ ਪਾਣੀ, ਮਿੱਤਰਤਾ ਦਾ ਪੱਤਣ, ਸਦ ਭਾਵਨਾ ਦਾ ਪੱਤਣ, ਮਜ਼ਬੂਤੀ ਦਾ ਪੱਤਣ ਬਣੇ!

ਸਮਾਜਿਕ ਤੇ ਵਿਵਹਾਰਕ ਜੀਵਨ ਵਿੱਚ ਵੀ ਪੱਤਣ ਦਾ ਵਿਸ਼ੇਸ਼ ਮਹੱਤਵ ਹੈ। ਇੱਕ ਮੁਟਿਆਰ ਮੈਦਾਨੀ ਇਲਾਕੇ ਵਿੱਚੋਂ ਪਹਾੜਾਂ ਵਿੱਚ ਕਿਸੇ ਦੂਰ ਦੁਰੇਡੀ ਥਾਂ 'ਤੇ ਵਿਆਹੀ ਜਾਂਦੀ ਹੈ। ਪੱਤਣ ਤੇ ਆਪਣੀਆਂ ਸਖੀਆਂ ਦੇ ਨਾਲ ਮਾਣੇ ਸਾਥ ਨੂੰ ਯਾਦ ਕਰਕੇ ਉਹ ਆਖਦੀ ਹੈ :

ਬਾਬਲ ਦਿੱਤੜਾ ਦਾਜ ਘੋੜੇ ਪਾਲਕੀਆਂ
ਅਸਾਂ ਜਾਣਾ ਪੱਤਣੋਂ ਪਾਰ
ਪਰਬਤ ਸਾਡੇ ਆਲ੍ਹਣੇ।।।

ਦੂਰ ਵਿਆਹੀ ਗਈ ਇਕ ਭੈਣ ਆਪਣੇ ਪੇਕੇ ਘਰ ਨੇੜਲੇ ਪੱਤਣ ਨੂੰ ਯਾਦ ਕਰਕੇ, ਆਪਣੇ ਭਰਾ ਨੂੰ ਯਾਦ ਕਰਦਿਆਂ ਕਹਿੰਦੀ ਹੈ:

ਸੁੱਕੇ ਪੱਤਣ ਦਰਿਆਵਾਂ ਦੇ, ਵੇ ਸੁੱਕੇ ਪੱਤਣ।।।
ਹੋਰ ਸਾਨੂੰ ਲੱਖ ਮਿਲਦੇ
ਵੇ, ਗੂੜ੍ਹੇ ਸਾਕ ਸਾਕ ਭਰਾਵਾਂ ਦੇ ...
ਪੱਤਣਾਂ ਤੇ ਮਲਾਹ ਕੋਈ ਨਾ
ਇਸ ਮੇਰੇ ਮਾਹੀਏ ਦੀ
ਮਿਲਣੇ ਦੀ ਸਲਾਹ ਕੋਈ ਨਾ ...
ਪੱਤਣਾਂ 'ਤੇ ਮਲਾਹ ਹੋਵੇ
ਤੇਰੇ ਮੇਰੇ ਮਿਲਣ ਦਾ
ਇਹ ਪੱਤਣ ਗਵਾਹ ਹੋਵੇ ...
ਪੱਤਣਾਂ 'ਤੇ ਨਿੰਮ੍ਹਾ ਨਿੰਮ੍ਹਾ ਦੀਵਾ ਬਲ਼ਦਾ
ਸੱਜਣਾਂ ਵੇ ਆ ਜਾ, ਰੋਸਾ ਕਿਹੜੀ ਗੱਲ ਦਾ।।।

ਇੱਕ ਹੋਰ ਲੋਕ ਬੋਲੀ ਵਿੱਚ ਪੱਤਣੋਂ ਪਾਣੀ ਲੰਘਣ, ਬੇੜੀ ਵਿੱਚ ਬੈਠੀਆਂ ਸਵਾਰੀਆਂ ਅਤੇ ਤ੍ਰਿੰਜਣ ਦੀਆਂ ਸਖੀਆਂ ਦੇ ਸਾਥ ਸਬੰਧੀ ਵੀ ਇੱਕ ਅਟੱਲ ਸਚਾਈ ਨੂੰ ਬਿਆਨਿਆ ਗਿਆ ਹੈ:

ਜਿਹੜੇ ਪੱਤਣ ਪਾਣੀ ਅੱਜ ਲੰਘ ਜਾਣਾ
ਫੇਰ ਨਾ ਲੰਘਣਾ ਭਲਕੇ
ਬੇੜੀ ਦਾ ਪੂਰ, ਤ੍ਰਿੰਜਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ
ਨੱਚ ਕੇ ਵਿਖਾ ਮੇਲਣੇ, ਜਾਈਂ ਨਾ ਗਿੱਧੇ 'ਚੋਂ ਟਲ ਕੇ ...

ਦਰਿਆਵਾਂ ਵਿੱਚ ਆਉਣ ਵਾਲੇ ਹੜ੍ਹ ਦੀ ਕਰੋਪੀ ਸਭ ਤੋਂ ਪਹਿਲਾਂ ਪੱਤਣ ਨੂੰ ਹੀ ਝੱਲਣੀ ਪੈਂਦੀ ਹੈ। ਬਿਫ਼ਰੇ ਹੋਏ ਪਾਣੀ ਦੇ ਵਹਿਣ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਅਜਿਹੇ ਮੌਕੇ ਪੱਤਣ ਬੇਵਸ ਹੋ ਜਾਂਦੇ ਹਨ। ਪੱਤਣਾਂ 'ਤੇ ਵੱਸਦੇ 'ਸੱਤ ਪੱਤਣਾਂ ਦੇ ਤਾਰੂ' ਲੋਕ ਆਪਣੇ ਅੰਦਰ ਸਾਂਭ-ਸਾਂਭ ਰੱਖੀਆਂ ਸਤਰੰਗੀਆਂ ਰੀਝਾਂ ਦੀ ਪੂਰਤੀ ਚਾਹੁੰਦੇ ਹਨ। ਸਥਾਨਕ ਤੇ ਪਰਵਾਸੀ ਪੰਛੀ ਵੀ ਇਹਨਾਂ ਪੱਤਣਾਂ ਨੂੰ ਬੇਹੱਦ ਪਿਆਰ ਕਰਦੇ ਹਨ। ਦਰਿਆ ਦਾ ਪਾਣੀ, ਪੱਤਣ ਦਾ ਦਿਲ ਖਿੱਚਵਾਂ ਚੌਗਿਰਦਾ ਤੇ ਮੌਸਮ ਦੀ ਅਨੁਕੂਲਤਾ, ਇਹ ਸਾਰਾ ਕੁਝ ਉਹਨਾਂ ਨੂੰ ਲੰਮੀਆਂ ਵਾਟਾਂ ਤੈਅ ਕਰਕੇ ਪੱਤਣ ਤੱਕ ਲੈ ਆਉਂਦਾ ਹੈ।

ਇਥੇ ਮਨੁੱਖੀ ਮਨ ਦੇ ਪੱਤਣ ਦੀ ਗੱਲ ਕਰਨੀ ਵੀ ਉਚਿਤ ਹੋਵੇਗੀ। ਮਨ ਦੇ ਪੱਤਣ ਦੀ ਦੁਨੀਆ ਬੜੀ ਨਿਰਾਲੀ ਹੈ। ਮਨੁੱਖ ਆਪਣੇ ਮਨ ਦੇ ਪੱਤਣ ਤੋਂ ਸਫ਼ਰ ਪ੍ਰਾਰੰਭ ਕਰਕੇ ਦੂਜਿਆਂ ਦੇ ਮਨ-ਪੱਤਣਾਂ ਤੇ ਦਸਤਕ ਦਿੰਦਾ ਹੈ। ਦੂਜਿਆਂ ਦੇ ਮਨ ਦੇ ਪੱਤਣਾਂ ਦੀ ਥਾਹ ਪਾਉਣੀ ਕਿਸੇ ਕਿਸੇ ਦੇ ਹਿੱਸੇ ਹੀ ਆਉਂਦੀ ਹੈ। ਮਨਾਂ ਦੀ ਆਪਸੀ ਸਾਂਝ, ਨੇੜਤਾ, ਅਪਣੱਤ, ਇਕ ਦੂਜੇ ਦੇ ਦੁੱਖ-ਸੁੱਖ ਨੂੰ ਵੰਡਾਉਂਣ ਦੀ ਚਾਹ ਪੈਦਾ ਕਰਨੀ ਅਜੋਕੇ ਪਦਾਰਥਵਾਦੀ ਯੁੱਗ ਦੀ ਲੋੜ ਹੈ। ਮਨੁੱਖੀ ਮਨ ਸਾਧਾਰਨ ਕਿਸਮ ਦਾ ਪੱਤਣ ਨਹੀਂ ਹੁੰਦਾ।

'ਦਿਲ ਦਰਿਆ ਸਮੁੰਦਰੋਂ ਡੂੰਘੇ' ਹੁੰਦੇ ਹਨ। ਪੱਤਣਾਂ ਤੇ ਬੰਨ੍ਹੀਆਂ ਤੇ ਆਉਂਦੀਆਂ ਜਾਂਦੀਆਂ ਬੇੜੀਆਂ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਗਰਮ ਖੁਸ਼ਕ ਹਵਾਵਾਂ ਪੱਤਣਾਂ ਤੋਂ ਦੂਰ ਤੱਕ ਫੈਲੇ ਬਰੇਤੇ ਉਪਰੋਂ ਸਰਕ ਸਰਕ ਕੇ ਲੰਘਦੀਆਂ ਹਨ। ਉਹ ਹਵਾਵਾਂ ਉਦੋਂ ਕਈਆਂ ਦੇ ਕਾਲਜੇ ਨੂੰ ਠੰਢ ਪਾਉਂਦੀਆਂ ਹਨ। ਕਈ ਵਾਰ ਦਰਿਆਵਾਂ ਦਾ ਪਾਣੀ ਆਪਣੇ ਵਿੱਚ ਮਿਲੀ ਉਪਜਾਊ ਮਿੱਟੀ ਨੂੰ ਆਸ ਪਾਸ ਦੇ ਖੇਤਾਂ ਵਿੱਚ ਵਿਛਾ ਦਿੰਦਾ ਹੈ ਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕਈ ਵਾਰ ਇਸਦੇ ਉਲਟ ਵੀ ਵਾਪਰਦਾ ਹੈ। ਸ਼ਾਲਾ! ਦਰਿਆਵਾਂ ਦਾ ਪਾਣੀ ਆਪਣੀ ਗਤੀ ਵਿੱਚ ਵਹਿੰਦਾ ਰਹੇ ਤੇ ਪੱਤਣਾਂ 'ਤੇ ਰੌਣਕਾਂ ਲੱਗਦੀਆਂ ਰਹਿਣ! ਪਾਣੀ ਪੱਤਣਾਂ ਨੂੰ ਉਲੰਘੇ ਨਾ, ਸਗੋਂ ਆਪਣੀ ਮਸਤ ਚਾਲੇ ਰਵਾਂ-ਰਵੀਂ ਚਲਦਾ ਰਹੇ ਅਤੇ ਪੱਤਣ ਜੀਵਨ ਨੂੰ ਨਿਯੰਤ੍ਰਣ ਵਿੱਚ ਰੱਖਣ ਦਾ, ਵਿਸ਼ਰਾਮ ਦਾ, ਟਿਕਾਓ ਦਾ, ਟਿਕਾਣੇ ਦਾ, ਮੰਜ਼ਿਲ ਆਦਿ ਦਾ ਸੰਦੇਸ਼ ਦਿੰਦਾ ਰਹੇ !

# ਨੀਟ ਯੂਜੀ ਪ੍ਰੀਖਿਆ ਐਮਬੀਬੀਸੀ ਵਿੱਚ ਦਾਖਲੇ ਦਾ ਮਾਰਗ ਹੈ

**ਵਿਜੈ ਗਰਗ**

12ਵੀਂ ਜਮਾਤ ਵਿੱਚ ਬਾਇਓਲੋਜੀ ਲੈਣ ਵਾਲੇ ਜ਼ਿਆਦਾਤਰ ਵਿਦਿਆਰਥੀ ਭਵਿੱਖ ਵਿੱਚ ਡਾਕਟਰ ਬਣਨ ਦੀ ਯੋਜਨਾ ਬਣਾਉਂਦੇ ਹਨ। ਪਰ ਇਸ ਵਿੱਚ ਸਿਰਫ਼ ਉਹੀ ਵਿਦਿਆਰਥੀ ਕਾਮਯਾਬ ਹੁੰਦੇ ਹਨ, ਜਿਨ੍ਹਾਂ ਵਿੱਚ ਸਖ਼ਤ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਦੀ ਇੱਛਾ ਸ਼ਕਤੀ ਹੁੰਦੀ ਹੈ। ਅੱਜ ਦੇਸ਼ ਦੇ 600 ਤੋਂ ਵੱਧ ਨਿੱਜੀ ਅਤੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ 92,000 ਤੋਂ ਵੱਧ ਐਮਬੀਬੀਐਸ ਦੀਆਂ ਸੀਟਾਂ ਹਨ। ਹਾਲ ਹੀ ਵਿੱਚ ਖ਼ਬਰ ਹੈ ਕਿ ਭਾਰਤ ਸਰਕਾਰ ਵੱਲੋਂ ਮੈਡੀਕਲ ਵਿੱਚ 75000 ਨਵੀਆਂ ਸੀਟਾਂ ਦਾ ਵਾਧਾ ਕੀਤਾ ਜਾਵੇਗਾ। ਇਸ ਲਈ, ਐਮਬੀਬੀਐਸ ਕੋਰਸ ਵਿੱਚ ਦਾਖਲੇ ਸੰਬੰਧੀ ਕੁਝ ਮਹੱਤਵਪੂਰਨ।

**ਇੱਥੇ ਪਹਿਲੂਆਂ ਬਾਰੇ ਸਮਝੋ:**

ਐਮਬੀਬੀਸੀ ਕੋਰਸ ਵਿੱਚ ਦਾਖਲੇ ਲਈ ਪ੍ਰਕਿਰਿਆ: ਦੇਸ਼ ਭਰ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਐਮਬੀਬੀਸੀ ਵਿੱਚ ਦਾਖਲੇ ਲਈ, ਰਾਸ਼ਟਰੀ ਪੱਧਰ ਦੀ ਪ੍ਰਵੇਸ਼ ਪ੍ਰੀਖਿਆ ਨੀਟ ਯੂਜੀ ਦੇਣੀ ਪਵੇਗੀ, ਜੋ ਕਿ ਰਾਸ਼ਟਰੀ ਟੈਸਟਿੰਗ ਏਜੰਸੀ ਦੁਆਰਾ ਸਾਲ ਵਿੱਚ ਇੱਕ ਵਾਰ ਕਰਵਾਈ ਜਾਂਦੀ ਹੈ। ਕੀਤਾ ਜਾਂਦਾ ਹੈ।

ਨੀਟ ਯੂਜੀ ਦੇ ਤਹਿਤ, 5.5 ਸਾਲਾ ਐਮਬੀਬੀਸੀ ਕੋਰਸ ਵਿੱਚ ਦਾਖਲਾ ਦਿੱਤਾ ਜਾਂਦਾ ਹੈ, ਜਦੋਂ ਕਿ 5.5 ਸਾਲਾ (ਬੈਚਲਰ ਆਫ਼ ਡੈਂਟਲ ਸਰਜਰੀ), 5.5 ਸਾਲਾ (ਬੈਚਲਰ ਆਫ਼ ਆਯੁਰਵੈਦਿਕ ਮੈਡੀਸਨ ਐਂਡ ਸਰਜਰੀ), 5.5 ਸਾਲਾ (ਬੈਚਲਰ ਆਫ਼ ਡੈਂਟਲ ਸਰਜਰੀ)। ਇਹ ਪ੍ਰੀਖਿਆ ਬੈਚਲਰ ਆਫ਼ ਯੂਨਾਨੀ ਮੈਡੀਸਨ ਐਂਡ ਸਰਜਰੀ) ਅਤੇ 5.5 ਸਾਲਾ ਬੀ.ਐਚ.ਐਮ.ਐਸ.।

ਨੀਟ ਯੂਜੀ ਪ੍ਰਵੇਸ਼ ਪ੍ਰੀਖਿਆ ਲਈ ਯੋਗਤਾ ਕੀ ਹੈ: ਜੇਕਰ ਤੁਸੀਂ (ਭੌਤਿਕ ਵਿਗਿਆਨ, ਰਸਾਇਣ ਅਤੇ ਬਾਇਓ) ਵਿਸ਼ਿਆਂ ਨਾਲ 12ਵੀਂ ਦੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਤੁਹਾਡੀ ਵੱਧ ਤੋਂ ਵੱਧ ਉਮਰ 25 ਸਾਲ ਹੈ, ਤਾਂ ਤੁਸੀਂ ਇਸ ਪ੍ਰੀਖਿਆ ਲਈ ਬੈਠ ਸਕਦੇ ਹੋ। ਨੀਟ ਯੂਜੀ ਪ੍ਰੀਖਿਆ ਦੀ ਪ੍ਰਕਿਰਿਆ ਕੀ ਹੈ: ਪ੍ਰੀਖਿਆ ਦੇ ਕਾਰਜਕ੍ਰਮ ਦਾ ਐਲਾਨ ਕੀਤਾ ਜਾਵੇਗਾ, ਫਿਰ ਕਿਸੇ ਨੂੰ ਐਨਟੀਏ ਦੀ ਵੈੱਬਸਾਈਟ 'ਤੇ ਆਨਲਾਈਨ ਅਪਲਾਈ ਕਰਨਾ ਹੋਵੇਗਾ। ਇਸ ਤੋਂ ਬਾਅਦ ਪ੍ਰੀਖਿਆ ਕਰਵਾਈ ਜਾਂਦੀ ਹੈ, ਜਿਸ ਵਿਚ ਐਂਸਨਤੀਜੇ ਦੇ ਆਧਾਰ 'ਤੇ ਮੈਰਿਟ ਸੂਚੀ ਜਾਰੀ ਕੀਤੀ ਜਾਂਦੀ ਹੈ ਅਤੇ ਉਸ ਦੇ ਆਧਾਰ 'ਤੇ ਤੁਹਾਨੂੰ ਕਾਉਂਸਲਿੰਗ ਲਈ ਬੁਲਾਇਆ ਜਾਂਦਾ ਹੈ। ਕਾਉਂਸਲਿੰਗ ਵਿੱਚ, ਤੁਸੀਂ ਆਪਣੀ ਪਸੰਦ ਦੇ ਕਾਲਜ ਅਤੇ ਕੋਰਸ ਦਾ ਵੇਰਵਾ ਦਿੰਦੇ ਹੋ, ਜਿਸ ਤੋਂ ਬਾਅਦ ਤੁਹਾਡੇ ਸਕੋਰ (ਮੈਰਿਟ ਸੂਚੀ) ਨੂੰ ਧਿਆਨ ਵਿੱਚ ਰੱਖਦੇ ਹੋਏ ਤੁਹਾਨੂੰ ਦਾਖਲੇ ਲਈ ਸੀਟ ਦਿੱਤੀ ਜਾਂਦੀ ਹੈ। ਭਾਰਤ ਵਿੱਚ, ਸਿਰਫ ਉਹੀ ਐਮਬੀਬੀਸੀ ਕੋਰਸ ਦੇ ਵਿਦਿਆਰਥੀ ਡਾਕਟਰ ਵਜੋਂ ਅਭਿਆਸ ਕਰਨ ਦੇ ਯੋਗ ਹਨ, ਜਿਸ ਦੇ ਕੋਰਸ ਨੂੰ ਭਾਰਤ ਸਰਕਾਰ ਦੇ ਅਧੀਨ ਸਥਾਪਿਤ ਨੈਸ਼ਨਲ ਮੈਡੀਕਲ ਕਮਿਸ਼ਨ ਦੁਆਰਾ ਮਾਨਤਾ ਪ੍ਰਾਪਤ ਹੈ। ਇਸ ਸੰਸਥਾ ਨੂੰ ਪਹਿਲਾਂ ਮੈਡੀਕਲ ਕੌਂਸਲ ਆਫ਼ ਇੰਡੀਆ ਕਿਹਾ ਜਾਂਦਾ ਸੀ। ਜਾਂਦੇ ਸਨ। ਮੈਂ ਸਪੱਸ਼ਟ ਕਰ ਦੇਵਾਂ ਕਿ ਜੇਕਰ ਕੋਈ ਵਿਦਿਆਰਥੀ ਵਿਦੇਸ਼ ਤੋਂ ਐਮਬੀਬੀਐਸ ਦੀ ਡਿਗਰੀ ਲੈ ਕੇ ਆਉਂਦਾ ਹੈ ਅਤੇ ਉਹ ਭਾਰਤ ਵਿੱਚ ਡਾਕਟਰ ਵਜੋਂ ਪ੍ਰੈਕਟਿਸ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਦੁਬਾਰਾ ਭਾਰਤ ਵਿੱਚ ਇੰਟਰਨਸ਼ਿਪ ਕਰਨੀ ਪਵੇਗੀ ਅਤੇ ਫਿਰ ਨੈਸ਼ਨਲ ਮੈਡੀਕਲ ਕਮਿਸ਼ਨ ਦੁਆਰਾ ਕਰਵਾਈ ਗਈ ਸਕ੍ਰੀਨਿੰਗ ਪ੍ਰੀਖਿਆ ਵਿੱਚ ਯੋਗਤਾ ਪੂਰੀ ਕਰਨੀ ਪਵੇਗੀ, ਜਿਸ ਤੋਂ ਬਾਅਦ ਹੀ ਉਹ ਨੈਸ਼ਨਲ ਮੈਡੀਕਲ ਕਮਿਸ਼ਨ ਵਿੱਚ ਇੱਕ ਮੈਡੀਕਲ ਪ੍ਰੈਕਟੀਸ਼ਨਰ ਵਜੋਂ ਰਜਿਸਟਰ ਕੀਤਾ ਜਾਵੇਗਾ।

# ਰਵਨੀਤ ਬਿੱਟੂ ਦੇ ਪੱਗ ਬਨਵ੍ਹਾਈ ਸੀ 'ਅਤਿਵਾਦੀ' ਨੇ!

ਅਜੋਕੇ ਸਾਰੇ ਸਿਆਸਤਦਾਨਾਂ ਦਾ ਵਿਵਹਾਰ ਅਜਿਹਾ ਹੋ ਗਿਆ ਹੈ ਕਿ ਉਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਵਲੋਂ ਭੂਤ-ਕਾਲ 'ਚ ਕਹੀਆਂ ਗੱਲਾਂ ਜਾਂ ਕੀਤੇ ਦਾਅਵਿਆਂ ਦਾ ਵਰਤਮਾਨ ਨਾ਼ਲ ਟਾਕਰਾ ਕਰਕੇ ਸਵਾਲ ਪੁੱਛੇ। ਕਿਸੇ ਵਿਰੋਧੀ ਦੀ 'ਮੁਕਾਣੇ ਵੀ ਨਾ ਜਾਣ' ਦੇ ਐਲਾਨ ਕਰਨ ਵਾ਼ਲਾ ਆਗੂ ਜਦ ਉਸੇ ਵਿਰੋਧੀ ਦੇ ਗੋਡੇ ਮੁੱਢ ਬਹਿ ਕੇ ਉਸਦੇ ਸੋਹਲੇ ਗਾਉਣ ਲੱਗ ਪਵੇ ਤਾਂ ਕੋਈ ਜਣਾ ਉਸਨੂੰ 'ਮੁਕਾਣੇ ਨਾ ਜਾਣ ਵਾ਼ਲਾ ਮੁਹਾਵਰਾ' ਯਾਦ ਕਰਵਾ ਵੀ ਦੇਵੇ ਤਾਂ ਉਹਦੀ ਸਿਹਤ 'ਤੇ ਕੋਈ ਅਸਰ ਨਹੀਂ ਹੋਣਾ!

ਅਮਰੀਕਾ ਵਿਚ ਰਾਹੁਲ ਗਾਂਧੀ ਵਲੋਂ ਸਿੱਖਾਂ ਦੇ 'ਹੇਜ' ਵਿਚ ਦਿੱਤੇ ਬਿਆਨ ਤੋਂ ਬਾਅਦ ਕਾਂਗਰਸੀ ਪਰ ਹੁਣ ਭਾਜਪਾ ਦੇ ਆਗੂ ਬਣੇ ਸ੍ਰੀ ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਨੂੰ ਉਕਤ ਬਿਆਨ ਬਦਲੇ 'ਅਤਿਵਾਦੀ' ਕਿਹਾ! ਇਹ 'ਵਿਸ਼ੇਸ਼ਣ' ਪੜ੍ਹ ਕੇ ਨਾ ਮੈਨੂੰ ਰਾਹੁਲ ਗਾਂਧੀ ਪ੍ਰਤੀ ਕੋਈ ਹਮਦਰਦੀ ਹੋਈ ਹੈ ਤੇ ਨਾ ਹੀ ਸ੍ਰੀ ਬਿੱਟੂ ਉੱਤੇ ਕੋਈ ਹਿਰਖ ਹੋਇਆ।ਮੈਨੂੰ ਤਾਂ ਸਿਰਫ ਸੰਨ 2009 ਦਾ ਉਹ ਸਮਾਂ ਯਾਦ ਆ ਗਿਆ ਜਦ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤ ਕੇ ਸ੍ਰੀ ਬਿੱਟੂ ਪਹਿਲੀ ਵਾਰ ਐਮ.ਪੀ ਬਣੇ ਸਨ। ਰਵਾਇਤ ਮੁਤਾਬਕ ਜਿੱਤਣ ਤੋਂ ਬਾਅਦ ਉਹ ਫੁੱਲਾਂ ਦੇ ਬੁੱਕੇ ਅਤੇ ਮਠਿਆਈ ਦਾ ਡੱਬਾ ਦੇਣ ਗਏ ਸਨ ਬੀਬੀ ਸੋਨੀਆਂ ਗਾਂਧੀ ਦੇ ਘਰੇ ਰਾਹੁਲ ਗਾਂਧੀ ਨੂੰ।

ਰਾਹੁਲ ਗਾਂਧੀ ਨੇ ਵਿਲੱਖਣ ਗੱਲ ਕਰਦਿਆਂ ਉਸ ਵੇਲੇ ਕਲੀਨ-ਸ਼ੇਵਨ ਸ੍ਰੀ ਬਿੱਟੂ ਨੂੰ ਸਲਾਹ ਦਿੱਤੀ ਕਿ ਤੂੰ ਪੰਜਾਬੀ ਸਿੱਖ ਪੁੱਤਰ ਹੈਂ ਇਸ ਕਰਕੇ ਦਸਤਾਰ ਜਰੂਰ ਸਜਾਇਆ ਕਰ! ਇਸ ਅਹਿਮ ਵਾਕਿਆ ਦੀ ਅਖਬਾਰੀ ਖਬਰ ਮੈਨੂੰ ਹੁਣ ਤੱਕ ਇਸ ਕਾਰਨ ਚੇਤੇ ਹੈ ਕਿਉਂਕਿ ਉਨ੍ਹਾਂ ਹੀ ਦਿਨਾਂ ਵਿਚ ਇਕ ਕਲੀਨ-ਸ਼ੇਵਨ ਆਗੂ ਨੂੰ ਸੁਖਬੀਰ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਕਰਿਆ ਸੀ।ਮੈਂ ਇਨ੍ਹਾਂ ਦੋਹਾਂ ਖਬਰਾਂ ਨੂੰ ਸਾਹਮਣੇ ਰੱਖ ਕੇ ਇਕ ਛੋਟਾ ਲੇਖ ਲਿਖਿਆ ਸੀ ਕਿ ਦੇਖੋ ਸਮਾਂ ਕੈਸੇ ਕੈਸੇ ਰੰਗ ਦਿਖਾ ਦਿੰਦਾ ਹੈ ਕਿ ਅਕਾਲੀ ਦਲ ਵਲੋਂ ਦਿਨ ਰਾਤ ਸਿੱਖ ਵਿਰੋਧੀ ਕਹੀ ਜਾਂਦੀ ਕਾਂਗਰਸ ਦਾ ਮੁਖੀ ਤਾਂ ਇਕ ਕਲੀਨ-ਸ਼ੇਵਨ ਨੂੰ ਪੱਗ ਬੰਨ੍ਹਵਾ ਰਿਹਾ ਹੈ ਪਰ ਅਕਾਲੀ ਦਲ ਵਾ਼ਲੇ ਇਕ ਬਿਨਾਂ ਪੱਗ ਵਾ਼ਲੇ ਆਗੂ ਨੂੰ 'ਪੰਥਕ ਪਾਰਟੀ' ਵਿਚ ਸ਼ਾਮਲ ਕਰ ਰਹੇ ਹਨ ! ਉਦੋਂ ਮੇਰਾ ਇਹ ਟਿੱਪਣੀ-ਨੁਮਾ ਲੇਖ ਦੇਸ-ਵਿਦੇਸ਼ ਦੀਆਂ ਕਈ ਅਖਬਾਰਾਂ ਵਿਚ ਛਪਿਆ ਸੀ, ਜੋ ਮੈਨੂੰ ਹੁਣ ਅਚਾਨਕ ਚੇਤੇ ਆ ਗਿਆ! ਨਾ਼ਲੇ ਯਾਦ ਆਈ ਇਹ ਕਹਾਵਤ ਅਖੇ ਨਵਾਂ ਨਵਾਂ ਕਾਜ਼ੀ ਉੱਚੀ ਉੱਚੀ ਬਾਂਗਾਂ !



**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

# ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਦਿਹਾੜਾ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤਾ ਗਿਆ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਸਮੇਤ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ, ਇਸ ਸਾਲ ਇਹ ਦਿਹਾੜਾ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਭਾਵੇਂ ਕਈ ਇਤਿਹਾਸਿਕ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ, ਪਰ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੋਤੀ ਜੋਤਿ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਗੁਰੂ ਅਮਰਦਾਸ ਜੀ ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਏ ਸਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ ਦਰਜ ਹੈ।

"Sir Guru Amardas iJ at the irpe age of 95 passes away for heaven on Bhadon Suid 14th (1st Assu) Sambat 1631, (September 1, 1574) ay Giondwal Saihb near iDstirct Amirtsar, after igivng responisibilty of Guru sihp to the Fourth Nanak, Sir Guru Ramdas ij". (sgpc.net)

| ਸੰਮਤ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟੇ ਮੁਤਾਬਕ |
|---|---|---|
| 547 | 12 ਅੱਸੂ | 2 ਅੱਸੂ |
| 548 | 1 ਅੱਸੂ | 2 ਅੱਸੂ |
| 549 | 22 ਭਾਦੋਂ | 2 ਅੱਸੂ |
| 550 | 9 ਅੱਸੂ | 2 ਅੱਸੂ |
| 551 | 29 ਭਾਦੋਂ | 2 ਅੱਸੂ |
| 552 | 18 ਭਾਦੋਂ | 2 ਅੱਸੂ |
| 553 | 5 ਅੱਸੂ | 2 ਅੱਸੂ |
| 554 | 25 ਭਾਦੋਂ | 2 ਅੱਸੂ |
| 555 | 13 ਅੱਸੂ | 2 ਅੱਸੂ |
| 556 | 3 ਅੱਸੂ | 2 ਅੱਸੂ |
| 557 | 23 ਭਾਦੋਂ | 2 ਅੱਸੂ |

ਇਥੇ 1 ਅੱਸੂ, ਭਾਦੋਂ ਸੁਦੀ 14, ਇਕ ਦਿਨ ਦੇ ਫ਼ਰਕ ਨਾਲ ਗਲਤ ਹੈ, ਪਰ ਅੰਗਰੇਜੀ ਤਾਰੀਖ (1 ਸਤੰਬਰ) ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ "2 ਓਸਸੁ 1661 Samvat, 1 Sept 1574 A.D." ਦਰਜ ਹੈ। ਪਰ 1975-76 ਈ: ਦੀ ਡਾਇਰੀ ਵਿੱਚ, "ਭਾਦੋਂ ਸੁਦੀ 15, ਅੱਸੂ ਪ੍ਰਵਿਸ਼ਟੇ 1, ਸੰਮਤ 1631 ਬਿ:, 1 ਸਤੰਬਰ ਸੰਨ 1574 ਈ:, ਬੁੱਧਵਾਰ" ਦਰਜ ਹੈ। ਇਥੇ ਵੀ ਪ੍ਰਵਿਸ਼ਟਾ (1 ਅੱਸੂ) ਗਲਤ ਹੈ ਪਰ ਤਿੱਥ, ਤਾਰੀਖ ਅਤੇ ਦਿਨ ਠੀਕ ਹੈ। ਵਦੀ-ਸੁਦੀ ਨੂੰ ਪ੍ਰਵਿਸ਼ਟੇ ਵਿੱਚ ਬਦਲਣ ਵੇਲੇ ਜਾਂ ਅੰਗਰੇਜੀ ਤਾਰੀਖ 'ਚ ਬਦਲੀ ਕਰਨ ਵੇਲੇ ਕਿਤੇ ਨਾ ਕਿਤੇ ਗਲਤੀ ਹੋਣ ਦੇ ਸੰਭਾਵਨਾ ਰਹਿੰਦੀ ਹੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਤਾਰੀਖ, ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਪ੍ਰਮਾਣਿਤ ਤਾਰੀਖ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਵੀ 2 ਅੱਸੂ ਹੀ ਦਰਜ ਹੈ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਤਾਰੀਖਾਂ ਦੋਵੇਂ ਤਰ੍ਹਾਂ ਹੀ, ਵਦੀ-ਸੁਦੀ ਅਤੇ ਪ੍ਰਵਿਸ਼ਟਿਆਂ 'ਚ ਲਿਖੀਆਂ ਜਾਂਦੀਆਂ ਸਨ। ਭਾਦੋਂ ਸੁਦੀ 15, ਚੰਦ ਦੇ ਕੈਲੰਡਰ ਦੀ ਤਿੱਥ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ 354.37 ਦਿਨ ਮੰਨੇ ਗਏ ਹਨ।ਜਦੋਂ ਕਿ ਧਰਤੀ ਸੂਰਜ ਦੁਵਾਲੇ 365.2422 ਦਿਨਾਂ 'ਚ ਇਕ ਚੱਕਰ ਪੂਰਾ ਕਰਦੀ ਹੈ। ਚੰਦ ਦਾ ਇਕ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ।ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਅਜੇਹਾ ਨਹੀਂ ਹੁੰਦਾ। ਚੰਦ ਦਾ ਸਾਲ, ਸੂਰਜੀ ਬਿਕ੍ਰਮੀ ਸਾਲ ਤੋਂਹਰ ਸਾਲ 11 ਦਿਨ ਪਿੱਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਹਰ ਦੂਜੇ-ਤੀਜੇ ਸਾਲ, ਇਸ ਵਿੱਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। 19 ਸਾਲਾਂ ਵਿੱਚ ਅਜੇਹਾ 7 ਵਾਰ ਕੀਤਾ ਜਾਂਦਾ ਹੈ। 2023 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰ ਆਇਆ ਸੀ। 2026 ਈ: ਵਿੱਚ ਜੇਠ ਅਤੇ 2029 ਈ: ਵਿੱਚ ਚੇਤ ਦਾ ਮਹੀਨਾ ਦੋ ਵਾਰ ਆਵੇਗਾ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਪ੍ਰਮਾਣਿਤ ਤਾਰੀਖ , ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਹੈ। ਹੁਣ ਜੇ ਅਸੀਂ ਇਹ ਦਿਹਾੜਾ ਭਾਦੋਂ ਸੁਦੀ 15 ਨੂੰ ਮਨਾਉਂਦੇ ਹਾਂ ਤਾਂ ਇਹ ਸਧਾਰਨ ਸਾਲ ਵਿੱਚ ਤਾਂ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ, ਪਰ ਜਿਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋਣਗੇ, ਉਸ ਸਾਲ ਇਹ ਦਿਹਾੜਾ ਪਿਛਲੇ ਸਾਲ ਤੋਂ 18-19 ਦਿਨ ਪਿਛੋਂ ਆਉਂਦਾ ਹੈ। ਜੇ ਅਸੀਂ ਇਹ ਦਿਹਾੜਾਪ੍ਰਵਿਸ਼ਟੇ ਅਨੁਸਾਰ, ਭਾਵ 2 ਅੱਸੂ ਨੂੰ ਮਨਾਉਂਦੇ ਹਾਂ ਤਾਂ ਹਰ ਸਾਲ ਇਹ ਦਿਹਾੜਾ 2 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਅਸਲ ਪ੍ਰਵਿਸ਼ਟੇ ਨੂੰ ਮਨਾਉਂਦੇ ਹਾਂ ਤਾਂ ਗੁਰਮਤਿ ਦੇ ਕਿਹੜੇ ਅਸੂਲ ਦੀ ਅਵੱਗਿਆ ਹੁੰਦੀ ਹੈ। ਕੀ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਜੀ ਨਾਲ ਸਬੰਧਿਤ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਕ ਮਨਾਉਣ ਦਾ ਹੌਸਲਾ ਕਰੇਗੀ, ਜੇ ਨਹੀਂ ਤਾਂ ਕਿਉਂ?

# ਭੋਲੇ ਬੰਦਿਆਂ 'ਚ ਰੱਬ ਵੱਸਦੈ



ਡਾ: ਨਿਸ਼ਾਨ ਸਿੰਘ ਰਾਠੌਰ
90414-98009

ਕਾਰਗਿੱਲ ਤੋਂ ਪੰਜ ਮਹੀਨੇ ਮਗਰੋਂ ਛੁੱਟੀ ਆਇਆ ਤਾਂ ਕਈ ਦਿਨ ਸਿਹਤ ਢਿੱਲੀ ਜਿਹੀ ਰਹੀ। ਅਸਲ ਵਿਚ ਕਾਰਗਿੱਲ ਅਤੇ (ਲੇਹ- ਲੱਦਾਖ) ਦੇ ਇਲਾਕੇ ਵਿਚ ਮੌਸਮ ਬਹੁਤ ਠੰਢਾ ਹੁੰਦਾ ਹੈ, ਉੱਥੇ ਜੂਨ- ਜੁਲਾਈ ਵਿੱਚ ਵੀ ਰਜਾਈ ਲੈ ਕੇ ਸੌਣਾ ਪੈਂਦਾ ਹੈ। ਪਰ! ਆਪਣੇ ਇੱਧਰ ਹਰਿਆਣੇ, ਪੰਜਾਬ ਵਿੱਚ ਉਸ ਸਮੇਂ ਕਹਿਰ ਦੀ ਗਰਮੀ ਹੁੰਦੀ ਹੈ। ਇਸ ਲਈ ਜਦੋਂ ਛੁੱਟੀ ਕੱਟ ਕੇ ਵਾਪਸ ਡਿਊਟੀ 'ਤੇ ਮੁੜਦੇ ਹਾਂ ਤਾਂ ਵੀ ਕਈ ਦਿਨ ਸਿਹਤ ਠੀਕ ਨਹੀਂ ਰਹਿੰਦੀ ਅਤੇ ਜਦੋਂ ਛੁੱਟੀ ਆਉਂਦੇ ਹਾਂ ਤਾਂ ਵੀ ਕੁਝ ਦਿਨ ਇਹੀ ਹਾਲ ਰਹਿੰਦਾ ਹੈ। ਇਸ ਕੁਦਰਤੀ ਵਰਤਾਰਾ ਹੈ ਕਿਉਂਕਿ ਸਰੀਰ ਨੂੰ ਮੌਸਮ ਦੇ ਅਨੁਕੂਲ ਹੋਣ ਵਿੱਚ ਕੁਝ ਸਮਾਂ ਲੱਗਦਾ ਹੈ। ਖ਼ੈਰ!

ਇਸ ਵਾਰ ਵੀ ਜਦੋਂ ਘਰ ਪਹੁੰਚਿਆ ਤਾਂ ਦੋ- ਤਿੰਨ ਦਿਨ ਘਰ ਹੀ ਰਿਹਾ ਕਿਉਂਕਿ ਸਰੀਰ ਟੁੱਟਦਾ ਜਿਹਾ ਜਾਪਦਾ ਸੀ। ਮੈਂ ਕਮਰੇ ਵਿੱਚ ਲੇਟਿਆ ਆਪਣਾ ਮੋਬਾਇਲ ਚਲਾ ਰਿਹਾ ਸਾਂ ਕਿ ਬਾਹਰੋਂ ਫੇਰੀ ਵਾਲੇ ਦੀ ਆਵਾਜ਼ ਕੰਨੀ ਪਈ।

ਮਾਤਾ ਜੀ ਕਹਿਣ ਲੱਗੀ ਕਿ ਆਲੂਆਂ ਦੀ ਬੋਰੀ ਹੀ ਸੁੱਟਵਾ ਲੈਂਦੇ ਹਾਂ ਕਿਉਂਕਿ ਆਉਂਦੇ ਕੁਝ ਦਿਨਾਂ ਵਿਚ ਆਲੂਆਂ ਦੇ ਰੇਟ ਵੱਧਣ ਵਾਲੇ ਹਨ। ਮੈਂ ਹੌਲੀ ਜਿਹੀ ਉੱਠਿਆ ਅਤੇ ਬਾਹਰ ਫੇਰੀ ਵਾਲੇ ਨੂੰ ਆਵਾਜ਼ ਮਾਰੀ।

'ਬਾਈ, ਆਲੂ ਕਿਵੇਂ ਲਾਏ?' ਮੈਂ ਪੁੱਛਿਆ।

'ਫ਼ੌਜੀ ਸਾਹਬ, ਤੁਸੀਂ ਉਂਝ ਹੀ ਲੈ ਜਾਓ।' ਉਹ ਅੱਗਿਓਂ ਹੱਸ ਕੇ ਬੋਲਿਆ।

ਮੈਂ ਥੋੜ੍ਹਾ ਹੈਰਾਨੀ ਨਾਲ ਉਸਦੇ ਚਿਹਰੇ ਵੱਲ ਦੇਖਿਆ।

ਕਹਿੰਦਾ, 'ਪਛਾਣਿਆ ਨਹੀਂ'?'

'ਨਾ ਬਾਈ।' ਮੈਨੂੰ ਸੱਚਮੁੱਚ ਉਸਦੀ ਪਛਾਣ ਨਹੀਂ ਸੀ ਆਈ।

'ਮੈਂ ਤੁਹਾਡੇ ਪਿੰਡ ਦਾ 'ਕਾਲੂ' ਹਾਂ।' ਉਹ ਹੱਸ ਕੇ ਬੋਲਿਆ।

'ਕਾਲੂ...?'

'ਆਹੋ...!' ਉਸਨੇ ਆਪਣੀ ਪਛਾਣ ਕਰਵਾਉਂਦਿਆਂ ਕਿਹਾ।

'ਅੱਛਾ... ਅੱਛਾ' ਮੈਨੂੰ ਉਸਨੂੰ ਚਿਹਰਾ ਚੇਤੇ ਆ ਗਿਆ। ਮੈਂ ਉਸ ਨੂੰ ਘਰ ਚੱਲਣ ਲਿਆ ਕਿਹਾ।

'ਨਾ ਬਾਈ, ਮੇਰੇ ਕੱਪੜੇ ਗੰਦੇ ਨੇ!' ਉਸਨੇ ਸੰਕੋਚ ਕਰਦਿਆਂ ਕਿਹਾ।

ਮੈਂ ਕਿਹਾ, 'ਕੋਈ ਨਾ... ਫੇਰ ਕੀ ਹੋਇਆ? ਤੂੰ ਘਰ ਚੱਲ।'

ਉਹ ਰਤਾ ਸ਼ਰਮ ਜਿਹੀ ਮਹਿਸੂਸ ਕਰ ਰਿਹਾ ਸੀ। ਮੈਂ ਉਸਦੀ ਰੇਹੜੀ ਦਾ ਹੈਂਡਲ ਫੜਿਆ ਅਤੇ ਆਪਣੇ ਘਰ ਦੇ ਬੂਹੇ ਅੱਗੇ ਲੈ ਆਇਆ। ਮੇਰੇ ਪਿੱਛੇ ਉਹ ਵੀ ਘਰ ਦੇ ਅੰਦਰ ਆ ਗਿਆ।

ਮੈਂ ਮੰਜੀ ਡਾਹ ਦਿੱਤੀ। ਪੇਂਡੂ (ਦੇਸੀ) ਬੰਦਾ ਮੇਰੀ ਭਾਵਨਾ ਸਮਝ ਗਿਆ ਅਤੇ ਖੁੱਲ੍ਹਦਿਲੀ ਨਾਲ ਮੰਜੇ 'ਤੇ ਬਹਿ ਗਿਆ। ਮੈਂ ਚਾਹ ਬਣਵਾਉਣ ਲਈ ਰਸੋਈ 'ਚ ਗਿਆ ਤਾਂ ਉਹ ਮੰਜੀ 'ਤੇ ਚੌਂਕੜੀ ਮਾਰ ਕੇ ਬੈਠਾ ਗਿਆ।

ਚਾਹ ਪੀਂਦਿਆਂ ਉਸਨੇ ਬਰਫ਼ੀ ਦਾ ਪੀਸ ਨਾ ਚੁੱਕਿਆ। ਮੈਂ ਕੋਲ ਬੈਠਾ ਉਸਦੇ ਵੱਲ ਦੇਖ ਰਿਹਾ ਸਾਂ। ਮੈਂ ਕਿਹਾ, 'ਕਾਲੂ, ਬਰਫ਼ੀ ਵੀ ਖਾ ਲੈ।'

ਕਹਿੰਦਾ, 'ਪਹਿਲਾਂ ਚਾਹ ਮੁੱਕ ਲੈਣ ਦੇ। ਫੇਰ ਖਾਵਾਂਗਾ।'

ਮੈਂ ਚੁੱਪ ਕਰ ਗਿਆ। ਚਾਹ ਪੀ ਕੇ ਉਹਨੇ ਬਰਫ਼ੀ ਵਾਲੀ ਪਲੇਟ ਚੁੱਕੀ ਅਤੇ ਖਾਲੀ ਕਰਕੇ ਮੇਰੇ ਅੱਗੇ ਧਰ ਦਿੱਤੀ। ਮੈਂ ਉਸਦੇ ਭੋਲੇਪਣ ਨੂੰ ਸਮਝ ਰਿਹਾ ਸਾਂ। ਉਹ ਅਨਪੜ੍ਹ ਬੰਦਾ 'ਸਮਾਜਿਕਤਾ' ਭਾਵੇਂ ਬਹੁਤੀ ਨਹੀਂ ਸੀ ਜਾਣਦਾ ਪਰ ਦਿਲ ਦਾ ਸਾਫ਼ ਸੀ।

ਚਾਹ ਪੀ ਕੇ ਉਸਨੇ ਖ਼ੁਦ ਹੀ ਆਲੂਆਂ ਦੀ ਬੋਰੀ ਸਾਡੇ ਘਰ ਦੇ ਅੰਦਰ ਰੱਖ ਦਿੱਤੀ। ਮੈਂ ਪੈਸੇ ਪੁੱਛੇ ਤਾਂ ਅੱਗਿਓਂ 'ਨਾ' ਕਰੀ ਜਾਵੇ। ਮੈਂ ਕਿਹਾ, 'ਮਿੱਤਰਾ, ਪੈਸੇ ਤਾਂ ਲੈਣੇ ਪੈਣੇ ਨੇ।'

ਕਹਿੰਦਾ, 'ਚੱਲ ਧੱਕਾ ਕਰਦਾ ਏਂ ਤਾਂ ਫੇਰ 470 ਦੇ ਛੱਡ... ਮੈਂ 500 ਦੀ ਬੋਰੀ ਵੇਚਦਾ ਹਾਂ। ਪਰ ਮੰਡੀਓਂ ਮੈਨੂੰ 470 ਦੀ ਪੈਂਦੀ ਹੈ... ਤੂੰ 470 ਹੀ ਦੇ ਛੱਡ।'

ਮੈਂ 500 ਰੁਪਏ ਉਸਦੀ ਜੇਬ ਵਿੱਚ ਪਾ ਦਿੱਤੇ। ਉਹ ਵਾਪਸ ਕਰਨ ਲੱਗਾ ਤਾਂ ਮੈਂ ਮਨ੍ਹਾਂ ਕਰ ਦਿੱਤਾ। ਉਹ ਬਹੁਤ ਖ਼ੁਸ਼ ਹੋ ਕੇ ਚਲਾ ਗਿਆ।

ਇਸ ਵਾਰ ਛੁੱਟੀ ਦੌਰਾਨ ਪਿੰਡ ਗੇੜਾ ਲੱਗਿਆ ਤਾਂ ਪਿੰਡ ਦੇ ਮੋੜ 'ਤੇ ਹੀ ਮੁੰਡਿਆਂ ਨੇ ਮੈਨੂੰ ਘੇਰ ਲਿਆ। ਅਖੇ, 'ਫ਼ੌਜੀਆ, ਕਾਲੂ ਬਹੁਤ ਸਿਫ਼ਤਾਂ ਕਰਦਾ ਹੈ ਤੇਰੀਆਂ।' ਮੈਂ ਕਿਹਾ, 'ਕੀ ਹੋਇਆ?'

ਅਖੇ, 'ਫ਼ੌਜੀ ਬਾਹਲਾ ਵਧੀਆ ਬੰਦਾ। ਮੈਨੂੰ ਆਪਣੇ ਘਰ ਲੈ ਗਿਆ, ਮੰਜੇ 'ਤੇ ਬਿਠਾਇਆ ਤੇ ਨਾਲੇ ਚਾਹ ਪਿਆਈ। ਬਰਫ਼ੀ ਖੁਆਈ। ਸੱਚੀਓਂ ਫ਼ੌਜੀ ਹੀਰਾ ਬੰਦਾ ਹੈ।' ਮੈਂ ਕਿਹਾ, 'ਇਹ ਕਿਹੜਾ ਵੱਡਾ ਕੰਮ ਐ, ਆਪਣੇ ਪਿੰਡ ਦਾ ਬੰਦਾ ਸੀ, ਸੋ ਉਸਦੀ ਇੱਜਤ ਕਰਨੀ ਮੇਰਾ ਫ਼ਰਜ ਸੀ।'

ਖ਼ੈਰ, ਮੈਂ ਹੈਰਾਨ ਹਾਂ ਕਿ ਦੇਸੀ (ਪੇਂਡੂ) ਬੰਦੇ ਵੀ ਕਿੰਨੇ ਭੋਲੇ ਹੁੰਦੇ ਹਨ। ਰਤਾ ਕੁ ਪਿਆਰ- ਮਹੁੱਬਤ ਨਾਲ ਹੀ ਜਿੱਤੇ ਜਾਂਦੇ ਹਨ। ਅੱਜ ਭਾਵੇਂ ਕਿਸੇ ਨੂੰ ਲੱਖਾਂ ਰੁਪਏ ਦੇ ਦਿਓ ਉਹ ਦਿਲੋਂ ਸਤਿਕਾਰ ਨਹੀਂ ਕਰਦਾ/ ਆਪਣਾਪਣ ਨਹੀਂ ਜਤਾਉਂਦਾ। ਪਰ! ਪੇਂਡੂ ਅਨਪੜ੍ਹ ਬੰਦੇ ਸਿਰਫ਼ ਮੁਹੱਬਤ ਨਾਲ ਹੀ ਜਿੱਤੇ ਜਾ ਸਕਦੇ ਹਨ।

ਗੱਲ ਕੁਝ ਵੀ ਨਹੀਂ ਸੀ। ਪਰ! ਕਾਲੂ ਦੇ ਦਿਲ ਵਿੱਚ ਮੇਰੇ ਪ੍ਰਤੀ ਪਿਆਰ, ਸਤਿਕਾਰ ਸਦਾ ਲਈ ਘਰ ਕਰ ਗਿਆ ਸੀ।

# ਨਿੱਭ ਵਾਲਾ ਪੈਨ (ਬਚਪਨ ਦੀ ਯਾਦ)



ਡਾ. ਸੰਦੀਪ ਘੰਡ
9815139576

ਬਚਪਨ ਦੀਆਂ ਯਾਦਾਂ ਤਹਾਨੂੰ ਬਹੁਤ ਆਨੰਦਤ ਕਰਦੀਆਂ ਜਦੋਂ ਕਦੇ ਮਿੱਤਰ ਮੰਡਲੀ ਚਰਚਾ ਕਰਦੀ ਤਾਂ ਸੋਚਦੇ ਹਾਂ ਕਿ ਅਸੀਂ ਅਜਿਹੇ ਵੀ ਸੀ।ਬਚਪਨ ਵਿੱਚ ਜਿਆਦਾ ਘਟਨਾਵਾਂ ਤਾਂ ਅਧਿਆਪਕਾਂ ਅਤੇ ਮਾਂ-ਬਾਪ ਤੋਂ ਕੁੱਟ ਖਾਣ ਦੀਆਂ ਹੁੰਦੀਆਂ।ਮੈਨੂੰ ਯਾਦ ਹੈ ਉਸ ਵੇਲੇ ਅਧਿਆਪਕ ਸੁੰਦਰ ਲਿਖਾਈ ਨੂੰ ਕੁਝ ਜਿਆਦਾ ਹੀ ਮਹੱਤਵ ਦਿੰਦੇ ਸਨ।

ਇਹ ਸੁੰਦਰ ਲਿਖਾਈ ਵੀ ਅਧਿਆਪਕਾਂ ਵੱਲੋਂ ਕੁੱਟਣ ਲਈ ਵੱਧ ਮਿਲੇ ਅਧਿਕਾਰਾਂ ਵਾਂਗ ਸਨ।ਪਹਿਲੀਆਂ ਕਲਾਸਾਂ ਵਿੱਚ ਫੱਟੀ ਅਤੇ ਕਲਮ।ਕਾਲੀ ਸਿਆਹੀ ਅਤੇ ਕਲਮ ਨਾਲ ਜਦੋਂ ਅੱਖਰ ਬਣਾ ਬਣਾ ਲਿਖਦੇ ਤਾਂ ਓ ਪਾਉਣਾ ਸਾਡੇ ਲਈ ਅਤਿ ਕਠਨ ਕੰਮ ਸੀ।ਇਸ ਓ ਨੇ ਉਲਝਾਈ ਰੱਖਿਆ ਜਦੋਂ ਵੱਡੀਆਂ ਕਲਾਸਾਂ ਵਿੱਚ ਗਏ ਤਾਂ ਨਿੱਭ ਵਾਲਾ ਪੈਨ ਅਤੇ ਦੋ ਲਾਈਨਾਂ ਅਤੇ ਚਾਰ ਲਾਈਨਾਂ ਵਾਲੀਆਂ ਕਾਪੀਆਂ।

ਇਸ ਨਿੱਭ ਵਾਲੇ ਪੈਨ ਮੇਰੇ ਲਈ ਬਹੁਤ ਮੁਸੀਬਤ ਬਣ ਕੇ ਅਇਆ ਕਿ ਇੱਕ ਦਿਨ ਵਿੱਚ ਹੀ ਇਸ ਨੇ ਤਿੰਨ ਅਧਿਆਪਕਾਂ ਤੋਂ ਕੁੱਟ ਪਵਾ ਦਿੱਤੀ।ਹੋਇਆ ਇੰਝ ਕਿ ਮੈਂ ਨੌਵੀਂ ਕਲਾਸ ਵਿੱਚ ਪੜਦਾ ਸੀ ਸਾਡਾ ਦੂਜਾ ਪੀਰੀਅਡ ਅੰਗਰੇਜੀ ਦਾ ਹੁੰਦਾ ਸੀ ਕਮਲਾ ਜੈਨ ਮੈਡਮ ਪੜਾਉਦੀ ਸੀ ਬਹੁਤ ਸਖਤ ਮਿਜਾਜ ਉਸ ਦਾ ਘਰਵਾਲਾ ਸਾਨੂੰ ਹਿਸਾਬ ਪੜਾਉਂਦਾ ਸੀ ਸੁਭਾਉ ਉਸਦਾ ਵੀ ਹਿਸਾਬ ਵਾਂਗ ਨਾ-ਸਮਝਣ ਯੋਗ। ਅੱਜ ਮੈਡਮ 10 ਮਿੰਟ ਦੇਰੀ ਨਾਲ ਆਈ ਸੋਚਿਆ ਕਿ ਪੀਰੀਅਡ ਵਿੱਚ 30 ਮਿੰਟ ਰਹਿ ਗਿਆ।

ਪਰ ਇਹ 30 ਮਿੰਟ ਉਸ ਦਿਨ ਮੁਸੀਬਤ ਬਣਕੇ ਆਏ ਮੇਰੇ ਲਈ ਅਤੇ ਮੈਡਮ ਲਈ। ਕਮਲਾ ਜੈਨ ਮੈਡਮ ਪੜਾਉਦੇ ਪੜਾਉਦੇ ਐਨਕਾਂ ਕਦੇ ਹੇਠਾਂ ਕਦੇ ਉਪਰ ਕਰ ਕੇ ਪੜਾ ਰਹੇ ਸੀ।ਅਚਾਨਕ ਮੇਰੇ ਤੇ ਨਿੰਗਾ ਕੀ ਵੱਜੀ ਬੱਸ ਪੜਾਉਦੇ ਪੜਾਉਦੇਂ ਮੇਰੇ ਬੈਂਚ ਕੋਲ ਆ ਖੜ੍ਹੀ। ਮੈਡਮ ਦੀ ਫੋਟੋ ਬਣਨ ਦੇ ਨੇੜੇ ਸੀ।

ਜਦੋਂ ਲਾਈਨਾਂ ਮਾਰਦੇ ਦੇਖਿਆ ਤਾਂ ਖੜ੍ਹਾ ਕਰ ਲਿਆ ਪੂਰੀ ਤਿਆਰੀ ਨਾਲ ਮੈਡਮ ਨੇ ਥੱਪੜ ਵੱਟ ਲਿਆ ਜਦੋਂ ਮਾਰਿਆ ਤਾਂ ਹੱਥ ਅੱਗੇ ਕਰ ਲਿਆ ਨਿਭ ਵਾਲਾ ਪੈਨ ਖੁੱਲਾ ਹੋਇਆ ਸੀ ਕਿ ਮੈਡਮ ਦੇ ਨਰਮ ਹੱਥਾਂ ਦੀ ਕਿਸਮਤ ਲਾਈਨ ਤੇ ਵੱਜਿਆ ਪਰ ਰਾਸ਼ੀਫਲ ਮੇਰਾ ਖਰਾਬ ਕਰ ਦਿੱਤਾ। ਹੱਥ ਵਿੱਚੋਂ ਖੂਨ ਇੰਝ ਚੱਲਣ ਲੱਗਾ ਜਿਵੇਂ ਕਦੇ ਪੈਨ ਵਿੱਚੋਂ ਸਿਆਹੀ ਮੈਡਮ ਦੀਆਂ ਅੱਖਾਂ ਦਸ ਰਹੀਆਂ ਸੀ ਵੀ ਮੇਰੀ ਸ਼ਾਮਤ ਆਈ ਕਿ ਆਈ। ਫੇਰ ਦੂਜਾ ਥੱਪੜ ਨਹੀ ਵਜ ਸਕਿਆਂ ਮੈਡਮ ਦੇ ਹੱਥਾਂ ਵਿੱਚ ਤੇਜੀ ਨਾਲ ਖੂਨ ਵਗਣ ਲੱਗਾ। ਮੈਡਮ ਨੇ ਪਰਸ ਵਿੱਚੋਂ ਰੁਮਾਲ ਕੱਢਿਆ ਹੱਥ ਤੇ ਬੰਨਿਆ ਮੇਰੇ ਵੱਲ ਬੁੜ ਬੁੜ ਕਰਦੀ ਸ਼ਾਇਦ ਕਹਿ ਰਹੀ ਸੀ ਦੇਖਦੀ ਹਾਂ ਤੈਨੂੰ ਕੱਲ ਨੂੰ। ਮੈਡਮ ਨੇ ਡਿਸਪੈਂਸਰੀ ਵਿੱਚ ਜਾਕੇ ਪੱਟੀ ਕਰਾਈ ਨਾਲ ਹੀ ਉਦੇ ਪਤੀ ਦੇਵ ਸਾਡੇ ਹਿਸਾਬ ਵਾਲੇ ਮਾਸਟਰ ਸੰਭੂ ਜੈਨ ਆ ਗਏ। ਮੈਡਮ ਨੇ ਘਰੇ ਚਾਲੇ ਪਾ ਦਿੱਤੇ।

ਸ਼ੰਭੂ ਮਾਸਟਰ ਸਾਡੀ ਕਲਾਸ ਲੈਣ ਆ ਗਿਆ। ਉਸ ਨੂੰ ਲੱਗਿਆ ਕਿ ਸ਼ਾਇਦ ਮੈਂ ਜਾਣਬੁੱਝ ਕੇ ਪੈਨ ਮਾਰਿਆ ਉਪਰੋਂ ਇੱਕ ਹੋਰ ਵਿਦਿਆਰਥੀ ਨੇ ਕਹਿ ਦਿੱਤਾ ਕਿ ਮਾਸਟਰ ਜੀ ਇਹਨੇ ਮੇਰੇ ਵੀ ਇੱਕ ਦਿਨ ਪੈਨ ਮਾਰਿਆ ਸੀ ਦੂਜਾ ਕਹਿੰਦਾ ਇਹਨੇ ਮੇਰੇ ਪ੍ਰਕਾਰ ਮਾਰੀ ਸੀ ਰੱਪਟਾਂ ਲਿਖਵਾਉਣ ਵਾਲੇ ਜਿਆਦਾ ਅਤੇ ਥਾਣੇਦਾਰ ਇੱਕ। ਚਲੋ ਉਹਨਾਂ ਨਾਲ ਤਾਂ ਹਿਸਾਬ ਕਿਤਾਬ ਕਰ ਹੀ ਲੈਣਾ ਸੀ।ਮਾਸਟਰ ਸੰਭੂ ਨੇ ਵੀ ਮੁਰਗਾ ਬਣਾ ਲਿਆ ਨਾਲੇ ਉਹ ਸ਼ਾਕਾਹਾਰੀ ਸੀ ਪਰ ਫੇਰ ਵੀ ਕਹਿੰਦਾ ਬਣਜਾ ਮੁਰਗਾ। ਪੀਰੀਅਡ ਮੁੱਕਿਆ ਮਾਸਟਰ ਜੀ ਚਲੇ ਗਏ ਪਹਿਲਾਂ ਤਾਂ ਰੱਪਟ ਲਿਖਵਾਉਣ ਵਾਲੇ ਮਦੂੰਈਆਂ ਤੋਂ ਬਦਲਾ ਲਿਆ ਸੋਚਿਆ ਕਿ ਮਾਸਟਰ ਨੂੰ ਵੀ ਰਸਤੇ ਵਿੱਚ ਘੇਰ ਲਈਏ ਪਰ ਰੋਕ ਦਿੱਤਾ ਜੇ ਨਾ ਰੋਕਦਾ ਤਾਂ ਹੋ ਸਕਦਾ ਅੱਜ ਦੁਕਾਨਦਾਰ ਹੁੰਦਾਂ। ਮਾਸਟਰਾਂ ਦੇ ਏਕੇ ਦਾ ਵੀ ਉਸ ਦਿਨ ਪੱਤਾ ਚੱਲਿਆ ਪਹਿਲੀ ਵਾਰ ਹੋਇਆ ਕਿ ਹਿੰਦੀ ਵਾਲੇ ਸ਼ਾਸ਼ਤਰੀ ਤੋਂ ਵੀ ਕੁੱਟ ਖਾਣੀ ਪਈ।ਉਸ ਦੀ ਚੂੰਡੀ ਬਹੁਤ ਭੈੜੀ ਸੀ ਨਾਲ ਚੂੰਡੀ ਵੱਡਦਾ ਨਾਲੇ ਕਹਿੰਦਾ ਕਿ ਅੱਜ ਤੈਨੂੰ ਹਰੀ ਪਤੀ ਦੀ ਚਾਹ ਪਿਆਉਣੀ ਉਦੋਂ ਤਾਂ ਹਰੀ ਪੱਤੀ ਬਾਰੇ ਕਦੇ ਨਹੀ ਸੀ ਸੁਣਿਆ ਪਰ ਹੁਣ ਰੋਜਾਨਾ ਗਰੀਨ ਟੀ ਪੈਣ ਵੇਲੇ ਸ਼ਾਸ਼ਤਰੀ ਜੀ ਯਾਦ ਆ ਜਾਂਦੇ।

ਹੁਣ ਤਾਂ ਦੋਨੋ ਮਾਸਟਰ ਜੀ ਸਵਰਗ ਸਿਧਾਰ ਗਏ ਪਹਿਲਾਂ ਪਹਿਲਾਂ ਕੁੱਟਣ ਦਾ ਅਹਿਸਾਨ ਜਿਤਾਉਂਦੇ ਸੀ ਕਿ ਸਾਡੇ ਕੁੱਟਣ ਨਾਲ ਅੱਜ ਤੂੰ ਅਫਸਰ ਬਣ ਗਿਆ। ਹੁਣ ਉਸ ਦਿਨ ਦੀ ਕੁੱਟ ਨੇ ਕਿਵੇਂ ਅਫਸਰ ਬਣਾਇਆ ਇਹ ਅੱਜ ਤੱਕ ਸਮਝ ਨਹੀ ਆਈ। ਪਰ ਅੱਜ ਵੀ ਜਦੋਂ ਉਸ ਦਿਨ ਦੀ ਕੁੱਟ ਯਾਦ ਆਉਂਦੀ ਤਾਂ ਸਵਾਦ ਜਿਹਾ ਆ ਜਾਂਦਾਂ ਕਿ ਪੈਨ ਦੇ ਨਿੱਭ ਨੇ ਕੁੱਟ ਪਵਾ ਦਿੱਤੀ ਪਰ ਭੈਣ ਜੀ ਵੀ ਕਈ ਦਿਨ ਪੱਟੀ ਕਰਵਾਉਦੀ ਰਹੀ ਉਸ ਦੀ ਕਿਸਮਤ ਵਾਲੀ ਲਾਈਨ ਵਿੱਚੋਂ ਟੁੱਟ ਗਈ ਸੀ ਉਹ ਦੁਬਾਰਾ ਬਣ ਗਈ ਉਸ ਤੋਂ ਅੱਜ ਤੱਕ ਨਿੱਭ ਵਾਲਾ ਪੈਨ ਨਹੀ ਵਰਤਿਆ। ਟੀ ਜਰੂਰ ਪੀ ਲੈਂਦੇ ਉਦੋਂ ਸ਼ਾਸਤਰੀ ਜੀ ਯਾਦ ਆ ਜਾਂਦੇ।

ਇੱਕ ਦਿਨ ਖਾਧੀ ਕੁੱਟ ਤਾਂ ਬਹੁਤ ਚਿਰ ਯਾਦ ਰਹੀ ਪਹਿਲਾਂ ਤਾਂ ਮੈ ਨਹੀ ਦੱਸਿਆ ਪਰ ਅਚਾਨਕ ਇੱਕ ਦਿਨ ਮਾਂ ਨੂੰ ਪਤਾ ਲੱਗ ਗਿਆ ਪੱਤਾ ਲੱਗਦੇ ਹੀ ਸ਼ਾਮ ਨੂੰ ਜਾ ਵੱਜੀ ਮਾਸਟਰ ਜੀ ਦੇ ਘਰ ਮਾਤਾ ਮਾਤਾ ਜੀ ਕਹਿ ਕੇ ਭੈਣ ਜੀ ਨੇ ਆਪਣਾ ਹੱਥ ਦਿਖਾਇਆ ਟੈਟਨਸ ਦਾ ਟੀਕਾ। ਚਲੋ ਮਾਂ ਤਾਂ ਵਾਪਸ ਆ ਗਈ ਪਰ ਹੁਣ ਅੱਗੇ ਲਈ ਬੱਚਤ ਹੋ ਗਈ। ਅੱਜ ਵੀ ਸੋਚਦਾਂ ਕਿ ਮਾਵਾਂ ਵੀ ਆਪਣੇ ਪੁੱਤ ਲਈ ਕਿਸੇ ਗੈਂਗਸਟਰ ਤੋਂ ਘੱਟ ਨਹੀ ਹੁੰਦੀਆਂ।



# 'ਝੂਠ ਦੀ ਬੱਲੇ ਬੱਲੇ'

ਸੱਚ ਨੂੰ ਸਮਝਣ ਤੇ ਮੰਨਣ ਵਾਲੇ,
ਲੋਕੋ! ਇਥੇ ਨੇ ਟਾਂਵੇ ਟੱਲੇ।
ਝੂਠ ਦੇ ਸਾਥੀ ਬੜੇ ਨੇ ਇਥੇ,
ਤਦੇ ਝੂਠ ਦੀ ਬੱਲੇ ਬੱਲੇ!
ਸੱਚ ਬੋਲਣ ਤੇ ਭਾਂਬੜ ਮੱਚਦੇ,
ਨਾ ਝੂਠਿਆਂ ਤੋਂ ਜਾਂਦੇ ਝੱਲੇ।
'ਮੇਜਰ' ਬੇ-ਦਲੀਲੇ ਲੋਕੀ,
ਤਾਹੀਂ ਕਰਦੇ ਪਏ ਨੇ ਹੱਲੇ।

ਮੇਜਰ ਸਿੰਘ ਬੁਢਲਾਡਾ
94176 42327



# ਪਿੰਡ ਦੰਦਰਾਲਾ ਢੀਂਡਸਾ ਦਾ ਪਹਿਲਾ ਸਰਪੰਚ ਸ਼੍ਰੀ ਰਲਾ ਰਾਮ



ਮੇਜਰ ਸਿੰਘ ਨਾਭਾ
91-94635-53962

ਆਜ਼ਾਦੀ ਤੋਂ ਬਾਅਦ ਪੰਚਾਇਤੀ ਰਾਜ ਨੂੰ ਸੰਵਿਧਾਨ ਅੰਦਰ ਵਿਸ਼ੇਸ ਥਾਂ ਦਿੱਤੀ ਗਈ। ਪਿੰਡਾਂ 'ਚ ਪੰਚਾਇਤ ਲੋਕਤੰਤਰ ਦੀ ਮੁਢਲੀ ਇਕਾਈ ਹੈ। ਇਸ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਜਾਣ ਦਾ ਇਹ ਸਫਰ ਬੜਾ ਮਹੱਤਵਪੂਰਨ ਹੈ। ਕਈ ਸੰਸਦ ਮੈਂਬਰ ਪੰਚਾਇਤ ਮੈਂਬਰ ਬਣ ਕੇ ਸੰਸਦ ਮੈਂਬਰ ਤੱਕ ਪਹੁੰਚੇ ਹਨ। ਪਿੰਡ ਦੰਦਰਾਲਾ ਢੀਂਡਸਾ ਦੀ ਦੇਸ਼ ਦੀ ਵੰਡ ਤੋਂ ਬਾਅਦ ਸੰਵਿਧਾਨ ਲਾਗੂ ਹੋਣ ਤੇ ਜਦੋਂ ਪਹਿਲੀ ਪੰਚਾਇਤ ਬਣੀ ਤਾਂ ਇਸ ਦੇ ਸਰਪੰਚ ਲਾਲਿਆਂ ਦੇ ਪ੍ਰੀਵਾਰ 'ਚੋਂ ਰਲਾ ਰਾਮ ਪਹਿਲੇ ਸਰਪੰਚ ਬਣੇ ਜਿੰਨ੍ਹਾਂ ਨੇ ਬੜੇ ਧੜੱਲੇ ਨਾਲ ਸਰਪੰਚੀ ਕੀਤੀ। ਉਹ ਪਿੰਡ ਦੇ ਲੋਕਾਂ ਦੇ ਝਗੜਿਆਂ ਦੇ ਫੈਸਲੇ ਪਿੰਡ ਪੱਧਰ ਤੇ ਹੀ ਆਪਣੇ ਅਸਰ ਰਸੂਖ ਨਾਲ ਪੰਚਾਇਤ ਦੇ ਸਹਿਯੋਗ ਨਾਲ ਨਿਪਟਾ ਦਿੰਦੇ ਸੀ। ਵੈਸੇ ਹੀ ਉਨ੍ਹਾਂ ਦੇ ਸੁਭਾਅ ਕਰਕੇ ਪਿੰਡ 'ਚ ਝਗੜੇ ਘੱਟ ਗਏ ਸੀ। ਉਨ੍ਹਾਂ ਨੇ ਆਪਣੀ ਪੰਚਾਇਤ ਅਤੇ




ਮੋਹਤਬਰ ਬੰਦਿਆਂ ਦੇ ਸਹਿਯੋਗ ਨਾਲ ਪਿੰਡ ਦੇ ਆਲੇ ਦੁਆਲੇ ਦੇ ਪਿੰਡਾਂ ਨੂੰ ਜਾਣ ਵਾਲੇ ਰਸਤੇ ਖੁਲ੍ਹਵਾ ਕੇ ਸਾਰੇ ਰਸਤੇ ਸਾਫ ਸੁੱਥਰੇ ਬਣਾ ਦਿੱਤੇ। ਪਿੰਡ ਦੀਆਂ ਗਲੀਆਂ ਦਾ ਵੀ ਸਧਾਰ ਕੀਤਾ।ਸਰਕਾਰ ਦੀਆਂ ਗ੍ਰਾਂਟਾਂ ਉਸ ਸਮੇਂ ਅੱਜ ਵਾਂਗ ਨਹੀਂ ਸਨ ਆਉਂਦੀਆਂ, ਇਸ ਕਰਕੇ ਬਹੁਤੇ ਕੰਮ ਆਪਣੇ ਪੱਧਰ ਤੇ ਹੀ ਕਰਨੇ ਪੈਂਦੇ ਸੀ,ਜੋ ਉਨ੍ਹਾਂ ਵੱਧ ਤੋਂ ਵੱਧ ਕੀਤੇ। ਪਿੰਡ ਦੇ ਸਕੂਲ ਦੀ ਇਮਾਰਤ ਦਾ ਨਿਰਮਾਣ ਕਰਾਇਆ। ਉਨ੍ਹਾਂ ਦੇ ਵਧੀਆ ਕੰਮਾਂ ਸਦਕਾ ਉਨ੍ਹਾਂ ਦੀ ਫੈਸ਼ਲੇ ਕਰਦਿਆਂ ਦੀ ਫੋਟੋ ਉਸ ਸਮੇਂ ਸਰਕਾਰ ਵਲੋਂ ਪ੍ਰਕਾਸ਼ਿਤ ਰਸਾਲੇ 'ਚ ਛਪਣ ਦਾ ਮਾਣ ਵੀ ਪ੍ਰਾਪਤ ਹੋਇਆ। ਉਨ੍ਹਾਂ ਨੇ ਤਕਰੀਬਨ 10 ਸਾਲ ਸਾਫ ਸੁੱਥਰੀ ਸਰਪੰਚੀ ਕੀਤੀ। ਉਨ੍ਹਾਂ ਦੇ ਕੀਤੇ ਕੰਮਾਂ ਨੂੰ ਉਸ ਸਮੇਂ ਦੇ ਪਿੰਡ ਨਿਵਾਸੀ ਜਿਨ੍ਹਾਂ ਨੇ ਉਨ੍ਹਾਂ ਦੀ ਸਰਪੰਚੀ ਹੰਢਾਈ ਅੱਜ ਵੀ ਕਈ ਵਾਰੀ ਗੱਲਾਂ ਕਰਦਿਆਂ ਕਹਿੰਦੇ ਸੁਣੇ ਜਾਂਦੇ ਹਨ ਕਿ ਸਰਪੰਚੀ ਤਾਂ ਰਲਾ ਮੱਲ ਨੇ ਕੀਤੀ ਸੀ। ਉਹ ਇਸ ਦੁਨੀਆਂ ਨੂੰ ਸੰਨ 1969 ਵਿੱਚ ਅਲਵਿਦਾ ਕਹਿ ਗਏ। ਇਹ ਪਰਿਵਾਰ ਦਾ ਪਿੰਡ ਵਿੱਚ ਮਹਾਜਨੀ ਪ੍ਰੀਵਾਰ ਵਜੋਂ ਜਾਣਿਆ ਜਾਂਦਾ ਸੀ।ਇਨ੍ਹਾਂ ਦੇ ਤਿੰਨ ਪੁੱਤਰਾਂ ਚੋਂ ਸ਼੍ਰੀ ਸੰਤ ਰਾਮ ਪਿੰਡ 'ਚ ਦੁਕਾਨਦਾਰੀ ਹੀ ਕਰਦੇ ਰਹੇ। ਸਵ: ਸ਼੍ਰੀ ਹਰਬੰਸ ਲਾਲ ਨੇ ਬਤੌਰ ਫਰਮਾਸਿਸਟ ਸਿਹਤ ਵਿਭਾਗ 'ਚ ਬਾਹਰ ਹੀ ਨੌਕਰੀ ਕੀਤੀ ਅਤੇ ਸੇਵਾ -ਮੁਕਤੀ ਤੋਂ ਬਾਅਦ ਨਾਭੇ ਪਰਿਵਾਰ ਸਮੇਤ ਰਹਿਣ ਲੱਗ ਗਏ। ਅੱਗੋਂ ਉਨ੍ਹਾਂ ਦਾ ਇੱਕ ਪੁੱਤਰ ਮਹਿੰਦਰਪਾਲ ਸਿੰਘ ਨਾਭਾ ਅਤੇ ਭੁਪਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਲੁਧਿਆਣੇ ਵਿਖੇ ਰਹਿ ਰਹੇ ਹਨ। ਸ਼੍ਰੀ ਰਲਾ ਰਾਮ ਦੇ ਦੂਜੇ ਪੁੱਤਰ ਸਵ:ਸ਼੍ਰੀ ਅਮਰਨਾਥ ਨੇ ਯੂ.ਪੀ. ਦੇ ਜੰਗਲਾਤ ਵਿਭਾਗ 'ਚ ਸੇਵਾ ਨਿਭਾਈ ਅਤੇ ਸੇਵਾ-ਮੁਕਤੀ ਉਪਰੰਤ ਲੁਧਿਆਣੇ ਵਿਖੇ ਰਿਹਾਇਸ਼ ਕਰ ਲਈ। ਉਨ੍ਹਾਂ ਦੇ ਪੁੱਤਰ ਅਸ਼ੋਕ ਕੁਮਾਰ ਅਤੇ ਮਾਸਟਰ ਹਰਿੰਦਰ ਕੁਮਾਰ ਵੀ ਲੁਧਿਆਣੇ ਵਿਖੇ ਰਹਿ ਰਹੇ ਹਨ। ਸਵ: ਸ਼੍ਰੀ ਸੰਤ ਰਾਮ ਦੇ ਦੋਵੇਂ ਪੁੱਤਰ ਹਰੀ ਦੇਵ ਅਤੇ ਪਵਨ ਕੁਮਾਰ ਕਾਰੋਬਾਰ ਲਈ ਨਾਭਾ ਵਿਖੇ ਆ ਗਏ। ਇਥੇ ਉਨ੍ਹਾਂ ਸੀਮੈਂਟ ਸਟੋਰ ਖੋਲ੍ਹ ਲਿਆ,ਹੋਲੀ ਹੋਲੀ ਕਈ ਸਟੋਰ ਬਣਾ ਲਏ ਅਤੇ ਨਾਲੋ-ਨਾਲ ਹੀ ਹੈਰੀ ਆਈਸ ਕਰੀਮ ਫੈਕਟਰੀ ਵੀ ਤਕਰੀਬਨ ਪੰਦਰਾਂ ਸਾਲ ਚਲਾਈ। ਫਿਰ ਸੀਮੈਂਟ ਦੇ ਨਾਲ ਪੇਂਟ ਦਾ ਕੰਮ ਵੀ ਕਰ ਲਿਆ। ਹਰੀ ਦੇਵ ਸੰਨ 2000 'ਚ ਮੰਡੀ ਅਹਿਮਦਗੜ੍ਹ ਚਲਾ ਗਿਆ, ਅੱਜ ਉਨ੍ਹਾਂ ਦੇ ਬੇਟੇ ਰਵੀ ਕੁਮਾਰ ਕਨਿੱਕਾ ਅਤੇ ਗੋਰਵ ਕਨਿੱਕਾ ਲੁਧਿਆਣੇ ਵਿਖੇ ਆਟੋ ਪਾਰਟਸ ਬਣਾਉਣ ਦੀ ਫੈਕਟਰੀ ਚਲਾ ਰਹੇ ਹਨ। ਦੂਸਰਾ ਬੇਟਾ ਪਵਨ ਕੁਮਾਰ ਨਾਭੇ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ ।ਪ੍ਰਮਾਤਮਾ ਕਰੇ ਇਹ ਪਰਿਵਾਰ ਹੋਰ ਤਰੱਕੀਆਂ ਕਰਨ।

# ਪ੍ਰੇਰਣਾ ਦੇ ਸਰੋਤ: ਸਟੇਟ ਐਵਾਰਡੀ ਸਿਧਾਰਥ ਚੰਦਰ



ਰਾਜਿੰਦਰ ਸਿੰਘ ਰਾਜਨ

ਸਿੱਖਿਆ ਦੇ ਮੈਦਾਨ ਵਿੱਚ ਸਟੇਟ ਐਵਾਰਡੀ ਸਿਧਾਰਥ ਚੰਦਰ ਦਾ ਨਾਮ ਜਿਲ੍ਹਾਂ ਪਠਾਨਕੋਟ ਵਿੱਚ ਕਿਸੇ ਪਛਾਣ ਦਾ ਮੁਹਤਾਜ ਨਹੀਂ, ਜਿਨਾਂ ਨੇ ਸਿੱਖਿਆ ਵਿਭਾਗ ਵਿੱਚ ਤਨਦੇਹੀ ਤੇ ਮਿਹਨਤ ਸਦਕਾ ਨਿਰੰਤਰ ਸੇਵਾਵਾਂ ਨਿਭਾਉਂਦਿਆਂ ਆਪਣੇ ਕੰਮ ਅਤੇ ਸਮਰਪਣ ਨਾਲ ਸਿੱਖਿਆ ਵਿਭਾਗ ਵਿੱਚ ਨਵੀਆਂ ਰੇਖਾਵਾਂ ਖਿੱਚੀਆਂ ਹਨ, ਜਿਸ ਸਦਕਾ ਉਨ੍ਹਾਂ ਸਿੱਖਿਆ ਵਿਭਾਗ ਵਿੱਚ ਸਾਇੰਸ ਅਧਿਆਪਕ ਦੀਆਂ ਸੇਵਾਵਾਂ ਦੌਰਾਨ ਸਟੇਟ ਐਵਾਰਡ ਦਾ ਸਨਮਾਨ ਹਾਸਲ ਕੀਤਾ। ਕਰੀਬ 23 ਸਾਲ ਦੀਆਂ ਸਾਇੰਸ ਅਧਿਆਪਕ ਸੇਵਾਵਾਂ ਉਪਰੰਤ ਉਨਾਂ ਨੂੰ ਸਾਲ 2017 ਵਿੱਚ ਅੰਗਰੇਜ਼ੀ ਦੇ ਲੈਕਚਰਾ ਤਰੱਕੀ ਮਿਲੀ। ਸਿਧਾਰਥ ਚੰਦਰ ਦਾ ਜਨਮ 12 ਫਰਵਰੀ 1969 ਨੂੰ ਇਲਾਕੇ ਦੇ ਪ੍ਰਮੁੱਖ ਕਿਸਾਨ ਜਿਮੀਦਾਰ ਸ੍ਰੀ ਰਾਮ ਦਾਸ, ਮਾਤਾ ਆਸ਼ਾ ਰਾਣੀ ਦੀ ਕੁੱਖੋਂ ਹੋਇਆ। ਉਨਾਂ ਨੇ ਪਹਿਲੀ ਤੋਂ ਅੱਠਵੀਂ ਦੀ ਮੁਢਲੀ ਸਿੱਖਿਆ ਆਪਣੇ ਪਿੰਡ ਬਸਰੂਪ ਪਠਾਨਕੋਟ ਤੋਂ ਹਾਸਿਲ ਕੀਤੀ 1985 ਵਿੱਚ ਰਾਜਪੂਤ ਸਕੂਲ ਸੁਜਾਨਪੁਰ ਤੋਂ ਮੈਟਰਿਕ ਤੇ ਆਦਰਸ਼ ਭਾਰਤੀ ਕਾਲਜ ਪਠਾਨਕੋਟ ਤੋਂ ਬੀ ਐਸ ਸੀ ਉਪਰੰਤ ਬੀ ਐਡ ਰਾਮਗੜੀਆ ਕਾਲਜ ਆਫ ਐਜੂਕੇਸ਼ਨ ਫਗਵਾੜਾ ਤੋਂ ਪਾਸ ਕੀਤੀ।ਸਿਧਾਰਥ ਚੰਦਰ ਨੇ 1994 ਵਿੱਚ ਆਪਣੀ ਸਰਕਾਰੀ ਸੇਵਾ ਦੀ ਸ਼ੁਰੂਆਤ ਸਾਇੰਸ ਅਧਿਆਪਕ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ, ਜ਼ਿਲ੍ਹਾ ਜਲੰਧਰ ਵਿੱਚ ਕੀਤੀ। ਦੋ ਸਾਲਾਂ ਦੇ ਅੰਦਰ, ਉਨ੍ਹਾਂ ਦਾ ਤਬਾਦਲਾ ਉਨ੍ਹਾਂ ਦੇ ਜੱਦੀ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਰਥਲ, ਪਠਾਨਕੋਟ ਵਿੱਚ ਹੋਇਆ। ਉੱਥੇ ਉਨ੍ਹਾਂ ਨੇ ਇਸ ਸਕੂਲ ਨੂੰ ਆਪਣੀ ਕਰਮਭੂਮੀ ਬਣਾਉਣ ਦਾ ਅਹਿਮ ਫੈਸਲਾ ਕੀਤਾ। ਵਿਦਿਆਰਥੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਦਿਨ ਰਾਤ ਇੱਕ ਕਰ ਦਿੱਤਾ। ਆਪਣੀ ਤਨਖਾਹ ਵਿੱਚੋਂ ਪੈਸੇ ਖਰਚ ਕਰਕੇ ਸਕੂਲ ਦੀ ਇਮਾਰਤ ਵਿੱਚ ਵੱਡਮੁਲਾ ਯੋਗਦਾਨ ਪਾਇਆ ਉੱਥੇ ਵਿਦਿਆਰਥੀਆ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਪੜ੍ਹਾਉਂਦੇ ਹੋਏ ਆਪਣੇ ਫਰਜ ਨਹੀਂ ਛੱਡੇ। ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਤੇ ਖਾਸ ਧਿਆਨ ਦਿੰਦੇ ਹੋਏ ਉਨ੍ਹਾਂ ਲਈ ਵਧੇਰੇ ਕਲਾਸਾਂ ਲਗਾਕੇ ਮਿਹਨਤ ਕਰਵਾਈ ਜਿਸ ਦੇ ਫਲਸਰੂਪ ਹਰੇਕ ਸਾਲ ਨਤੀਜੇ 100% ਰਹੇ, ਜਿਸ ਨਾਲ ਵਿਦਿਆਰਥੀ ਕਈ ਪੇਸ਼ੇਵਰ ਖੇਤਰਾਂ ਵਿੱਚ ਆਪਣੀ ਸਫਲਤਾ ਦਰਜ ਕਰਦੇ ਗਏ। ਉਹ ਆਪਣੇ ਵਿਸ਼ੇ ਦੇ ਵਿਕਾਸ ਦੇ ਅਨੁਸਾਰ ਵਰਤਣ ਯੋਗ ਟੀਚਿੰਗ ਏਡ ਆਪ ਤਿਆਰ ਕਰਦੇ ਹਨ। ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਖ਼ੁਦ ਮਾਡਲ ਤਿਆਰ ਕਰਕੇ ਉਹਨਾਂ ਨੂੰ ਜ਼ਿਲ੍ਹਾ, ਸਟੇਟ ਅਤੇ ਰਾਸ਼ਟਰੀ ਪੱਧਰ ਤੱਕ ਭਾਗ ਦਵਾਇਆ।




ਇਨ੍ਹਾਂ ਦੇ ਵਿਦਿਆਰਥੀ ਡਾਕਟਰ, ਇੰਜੀਨੀਅਰ, ਅਧਿਆਪਕ, ਟੀਵੀ ਜਰਨਲਿਸਟ ਅਤੇ ਵਕੀਲ ਬਣ ਕੇ ਸਮਾਜ ਦੀ ਸੇਵਾ ਕਰ ਰਹੇ ਹਨ।ਉਨ੍ਹਾਂ ਨੇ ਐਨ ਸੀ ਸੀ ਅਫ਼ਸਰ ਵਜੋਂ ਵੀ ਕੰਮ ਕੀਤਾ ਹੈ ਜਿਸ ਕਾਰਨ ਇਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀ ਇੰਡੀਆਨ ਆਰਮੀ, ਪੈਰਾ ਮਿਲਟਰੀ ਫੋਰਸਸ, ਪੰਜਾਬ ਪੁਲਿਸ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ।

ਸਿੱਧਾਰਥ ਚੰਦਰ ਦੀ ਮਿਹਨਤ ਅਤੇ ਬੱਚਿਆਂ ਪ੍ਰਤੀ ਸਮਰਪਣ ਸਦਕਾ ਉਨ੍ਹਾਂ ਨੂੰ 5 ਸਤੰਬਰ, 2010 ਨੂੰ ਸਿੱਖਿਆ ਵਿਭਾਗ ਪੰਜਾਬ ਸਰਕਾਰ ਵਲੋਂ ਅਧਿਆਪਕ ਦਿਵਸ ਦੇ ਮੌਕੇ ਤੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

2011 ਵਿੱਚ ਉਨ੍ਹਾਂ ਦੀ ਬਦਲੀ ਸ ਸ ਸ ਸਕੂਲ ਮਾਧੋਪੁਰ ਕੈਂਟ (ਪਠਾਨਕੋਟ) ਵਿੱਖੇ ਹੋਈ। ਸਟੇਟ ਐਵਾਰਡ ਦੀ ਮਾਣ-ਮਰਯਾਦਾ ਨੂੰ ਕਾਇਮ ਰੱਖਦਿਆਂ ਇੱਥੇ ਵੀ ਉਨ੍ਹਾਂ ਨੇ ਆਪਣੀ ਕਾਰਜਸ਼ੈਲੀ, ਮਿਹਨਤ ਅਤੇ ਕੰਮ ਦੀ ਰਫ਼ਤਾਰ ਵਿੱਚ ਕੋਈ ਕਮੀ ਨਹੀਂ ਛੱਡੀ। ਹਰ ਸਾਲ, ਬਲਾਕ, ਤਹਿਸੀਲ, ਜ਼ਿਲਾ, ਸਟੇਟ ਅਤੇ ਨੈਸ਼ਨਲ ਪੱਧਰ ਤੇ ਆਪਣੇ ਬੱਚਿਆਂ ਨੂੰ ਬਾਲ ਵਿਗਿਆਨ ਪ੍ਰਦਰਸ਼ਨੀਆਂ, ਨੈਸ਼ਨਲ ਬਾਲ ਵਿਗਿਆਨ ਕਾਂਗਰਸ, ਅਤੇ ਇੰਸਪਾਇਰ ਐਵਾਰਡ ਪ੍ਰਦਰਸ਼ਨੀਆਂ ਵਿੱਚ ਭਾਗ ਲੈਣ ਲਈ ਕਈ ਕਦਮ ਉਠਾਏ ਤੇ ਸਫਲਤਾ ਹਾਸਲ ਕੀਤੀ। ਐਨ ਸੀ ਆਰ ਟੀ ਵੱਲੋਂ ਆਯੋਜਿਤ ਕੀਤੀ 39ਵੀਂ ਨੈਸ਼ਨਲ ਵਿਗਿਆਨ ਪ੍ਰਦਰਸ਼ਨੀ ਵਿੱਚ ਸਿਲਵਾਸਾ (ਦਾਦਰਾ ਅਤੇ ਨਗਰ ਹਵੈਲੀ) ਵਿੱਖੇ ਵਿਦਿਆਰਥੀਆ ਸਮੇਤ ਹਿੱਸਾ ਲਿਆ ਅਤੇ ਇਨਾਮ ਪ੍ਰਾਪਤ ਕੀਤਾ।

ਵਿਦਿਆਰਥੀਆ ਨੂੰ ਐਨ ਐਮ ਐਮ ਐਸ, ਐਨ ਟੀ ਐਸ ਅਤੇ ਜੇ.ਈ.ਈ. ਮੈਰੀਟੋਰੀਅਸ ਸਕੂਲ ਦੀ ਪ੍ਰੀਖਿਆ ਵਿੱਚ ਹਿੱਸਾ ਦਿਵਾਇਆ। ਐਨ ਐਮ ਐਮ ਐਸ ਪ੍ਰੀਖਿਆ ਪਾਸ ਕਰਕੇ ਸਕਾਲਰਸ਼ਿਪ ਪ੍ਰਾਪਤ ਕੀਤੀ। 5 ਵਿਦਿਆਰਥੀਆਂ ਨੇ ਜੇ।ਈ।ਈ। ਪ੍ਰੀਖਿਆ ਪਾਸ ਕਰਕੇ ਡਿਪਲੋਮਾ ਹਾਸਲ ਕੀਤਾ ਅਤੇ ਹੁਣ ਨੌਕਰੀ ਕਰ ਰਹੇ ਹਨ। 5 ਵਿਦਿਆਰਥੀ ਇੰਜੀਨੀਅਰਿੰਗ ਕਰ ਚੁੱਕੇ ਹਨ ਅਤੇ ਇੱਕ ਵਿਦਿਆਰਥੀ ਬੀ.ਐਸ.ਸੀ. (ਖੇਤੀਬਾੜੀ) ਕਰ ਚੁੱਕਾ ਹੈ। ਉਨ੍ਹਾਂ ਆਪਣੇ ਐਨ ਸੀ ਸੀ ਦੇ ਕੈਡਟਾਂ ਦੀ ਮਦਦ ਨਾਲ ਪਿੰਡ ਦੇ ਚੌਕ ਅਤੇ ਪਿੰਡ ਵਿੱਚ ਬਣੇ ਇਤਿਹਾਸਕ ਪਾਰਕ "ਪਰੀਆਂ ਵਾਲਾ ਬਾਗ" ਨੂੰ ਗੋਦ ਲਿਆ ਜਿੱਥੇ ਉਹ ਹਰ ਹਫ਼ਤੇ ਸਫਾਈ ਕਰਵਾਂਦੇ। ਉਹ ਪਿੰਡਾਂ ਦੇ ਆਂਗਣਵਾੜੀ ਕੇਂਦਰਾਂ ਵਿੱਚ ਜਾ ਕੇ ਬੱਚਿਆਂ ਦੇ ਹੈਂਡ ਵਾਸ਼ ਅਤੇ ਟਾਇਲਟਾਂ ਦੀ ਸਫਾਈ ਵੀ ਕਰਵਾਂਦੇ। ਸਿਧਾਰਥ ਚੰਦਰ ਸਕੂਲ ਵਿੱਚ ਐਨ ਸੀ ਸੀ, ਕੈਰੀਅਰ ਅਤੇ ਗਾਈਡੈਂਸ, ਸਾਇੰਸ ਕਲੱਬ ਅਤੇ ਸਕੂਲ ਗਤੀਵਿਧੀਆਂ ਦੇ ਇੰਚਾਰਜ ਸਨ। ਇਸ ਲਈ, ਉਹ ਸਕੂਲ ਪੱਧਰੀ ਇੰਟਰ ਹਾਊਸ ਮੁਕਾਬਲਿਆਂ, ਬਲਾਕ ਪੱਧਰ, ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਹੋਣ ਵਾਲੇ ਹਰੇਕ ਮੁਕਾਬਲੇ ਵਿੱਚ ਬੱਚਿਆਂ ਨਾਲ ਭਾਗ ਲੈਂਦੇ। ਇਸ ਤੋਂ ਇਲਾਵਾ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਨਾਏ ਜਾਣ ਵਾਲੇ ਸਾਲਾਨਾ ਰਾਸ਼ਟਰੀ ਤਿਉਹਾਰ 15 ਅਗਸਤ ਅਤੇ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਸਮਾਰੋਹ ਵਿੱਚ ਐਨ ਸੀ ਸੀ ਕੈਡਟਾਂ ਨੂੰ ਭਾਗ ਦਿਵਾਉਂਦੇ ਅਤੇ ਜਿੱਤ ਦਰਜ ਕਰਵਉਂਦੇ। ਐਨ ਸੀ ਸੀ ਦੇ ਕੈਡਟਾਂ ਨੂੰ ਹਰ ਸਾਲ ਫ਼ੌਜੀ ਕੈਂਪ, ਟ੍ਰੈਕਿੰਗ ਕੈਂਪ, ਆਰ।ਡੀ। ਪਰੇਡ ਕੈਂਪ ਵਿੱਚ ਭਾਗ ਦਿਵਾਕੇ ਉੱਥੇ ਵੀ ਪੋਜ਼ੀਸ਼ਨ ਹਾਸਲ ਕਰਦੇ। ਇਸ ਤੋਂ ਇਲਾਵਾ, ਵਾਤਾਵਰਣ ਬਚਾਓ, ਉਰਜਾ ਅਤੇ ਪਾਣੀ ਬਚਾਓ, ਪਲਸ ਪੋਲਿਓ, ਏਡਸ, ਡੇਂਗੂ, ਸਵਾਈਨ ਫਲੂ, ਕੈਂਸਰ, ਵੋਟਰ ਦਿਵਸ, ਨਸ਼ਿਆਂ ਪ੍ਰਤੀ ਜਾਗਰੂਕਤਾ, ਟ੍ਰੈਫਿਕ ਕੰਟਰੋਲ, ਨਕਲ ਵਿਰੋਧੀ ਅਭਿਆਨ ਅਤੇ ਸਿਹਤ ਸੰਬੰਧੀ ਪ੍ਰੋਗਰਾਮ ਵਿੱਚ ਭਾਗ ਲੈ ਕੇ, ਸਿਧਾਰਥ ਚੰਦਰ ਆਪਣੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਦੀ ਮਹੱਤਤਾ ਸਿਖਾਉਣ ਵਿੱਚ ਅਹਿਮ ਰੋਲ ਅਦਾ ਕਰਦੇ। ਉਹਨਾਂ ਨੇ ਵਿਦਿਆਰਥੀਆਂ ਨੂੰ ਸਿਰਫ਼ ਵਿਦਿਆਕ ਅਭਿਆਸ ਤੱਕ ਸੀਮਿਤ ਨਹੀਂ ਰੱਖਿਆ ਬਲਕਿ ਉਹਨਾਂ ਨੂੰ ਸਵੈ-ਵਿਕਾਸ ਅਤੇ ਸਮਾਜਿਕ ਜਾਗਰੂਕਤਾ ਵਿੱਚ ਵੀ ਮਾਹਰ ਬਣਾਇਆ।"ਉਲਡ ਏਜ ਹੋਮ ਪਿੰਡ ਬੜੋਈ" ਪਠਾਨਕੋਟ ਵਿੱਖੇ ਹਰ ਸਾਲ ਐਨ ਸੀ ਸੀ ਕੈਡਟਾਂ ਨਾਲ ਬੁਜ਼ੁਰਗਾਂ ਦੀ ਸੇਵਾ ਕਰਦੇ ਹਨ ਅਤੇ ਉਹਨਾਂ ਨੂੰ ਲੋੜੀਂਦੀਆਂ ਚੀਜ਼ਾਂ ਦਾਨ ਕਰਦੇ ਹਨ। ਇਸ ਤੋਂ ਇਲਾਵਾ ਹਰ ਸਾਲ ਬੇਸਹਾਰੇ, ਫਾਦਰ ਲੇਸ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਕਿਤਾਬਾਂ, ਵਰਦੀਆਂ ਅਤੇ ਫੀਸ ਦੀ ਸਹਾਇਤਾ ਵੀ ਕਰਦੇ ਹਨ। "ਬੇਟੀ ਬਚਾਓ, ਬੇਟੀ ਪੜ੍ਹਾਓ" ਮੁਹਿੰਮ ਤਹਿਤ, ਉਨ੍ਹਾਂ ਨੇ ਸਕੂਲ ਦੀਆਂ 18 ਸਾਲ ਉਮਰ ਦੀਆਂ 50 ਲੜਕੀਆਂ ਦਾ ਮੁਫ਼ਤ ਮੁੱਖ ਮੰਤਰੀ ਸੁਰੱਖਿਆ ਜੀਵਨ ਬੀਮਾ ਕਰਵਾਇਆ।

ਉਹ ਪ੍ਰਸ਼ਾਸਨ ਵੱਲੋਂ ਲਾਏ ਜਾਂਦੇ ਖ਼ੂਨਦਾਨ ਕੈਂਪਾਂ ਵਿੱਚ ਇਹ ਹਰ ਸਾਲ ਖ਼ੂਨ ਦਾਨ ਕਰਦੇ ਹਨ। ਸਿੱਧਾਰਥ ਚੰਦਰ ਨੇ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾ, ਪੰਜਾਬ ਤੋਂ ਸੁਰੱਖਿਆ ਅਤੇ ਆਫਤ ਪ੍ਰਬੰਧਨ ਦੀ ਟ੍ਰੇਨਿੰਗ ਪ੍ਰਾਪਤ ਕੀਤੀ ਹੈ। ਇਸ ਟ੍ਰੇਨਿੰਗ ਦੇ ਮੱਧਮ ਨਾਲ, ਉਨ੍ਹਾਂ ਨੇ 100 ਸਕੂਲਾਂ ਦੇ 10,000 ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਫਤ ਪ੍ਰਬੰਧਨ ਤੇ ਸੁਰੱਖਿਆ ਬਾਰੇ ਸਿਖਲਾਈ ਦਿੱਤੀ। ਵਿਦਿਆਰਥੀਆਂ ਨੂੰ ਸਾਫ਼ ਅਤੇ ਠੰਢਾ ਪਾਣੀ ਪੀਣ ਲਈ ਅਧਿਆਪਕ ਵੱਲੋਂ ਸ ਸ ਸ ਸਕੂਲ ਮਾਧੋਪੁਰ ਵਿੱਚ ਆਪਣੀ ਤਨਖਾਹ ਵਿੱਚੋਂ 100 ਲੀਟਰ ਦਾ ਵਾਟਰ ਕੂਲਰ ਲਗਵਾਇਆ ਗਿਆ। ਗਰਮੀਆਂ ਵਿੱਚ ਸਕੂਲ ਵਿੱਚ ਪਾਣੀ ਦੀ ਘਾਟ ਨੂੰ ਦੂਰ ਕਰਨ ਲਈ, ਅਧਿਆਪਕ ਨੇ ਦਾਨੀ ਸਹਿਯੋਗ ਨਾਲ ਇੱਕ ਨਵਾਂ ਡੀਪ ਬੋਰ ਕਢਵਾਇਆ।

2017 ਵਿੱਚ, ਤੁਸੀਂ ਇਸ ਸਕੂਲ ਤੋਂ ਲੈਕਚਰਾਰ (ਅੰਗਰੇਜ਼ੀ) ਦੇ ਪਦ 'ਤੇ ਉਨੱਤ ਹੋ ਕੇ ਸ ਸ ਸਕੂਲ ਸੰਸਾਰਪੁਰ (ਹੁਸ਼ਿਆਰਪੁਰ) ਚਲੇ ਗਏ। ਉੱਥੇ ਵੀ, ਆਪਣੇ ਕੰਮ ਕਰਨ ਦੇ ਸਬੰਧ ਵਿਚ ਕੋਈ ਬਦਲਾਅ ਨਹੀਂ ਕੀਤਾ। ਸਕੂਲ ਨੂੰ ਸਮਾਰਟ ਬਣਾਉਣ ਲਈ, ਬੱਚਿਆਂ ਦੀ ਗਿਣਤੀ ਵਧਾਉਣ ਲਈ, ਸਿੱਖਿਆ ਦੇ ਗੁਣਾਤਮਕ ਸੁਧਾਰ ਲਈ ਅਤੇ ਵਿਦਿਆਰਥੀਆਂ ਦੇ ਨਤੀਜੇ 100% ਲਿਆਉਣ ਲਈ ਤੁਸੀਂ ਸਕੂਲ ਮੁਖੀ ਨੂੰ ਪੂਰਾ ਸਹਿਯੋਗ ਦਿੱਤਾ। 2018 ਵਿੱਚ ਬਦਲੀ ਕੈਪਟਨ ਗੁਰਬਚਨ ਸਿੰਘ ਸਲਾਰੀਆ ਸ ਸ ਸ ਸਕੂਲ ਜੰਗਲ (ਪਠਾਨਕੋਟ) ਵਿੱਖੇ ਹੋਈ ਜਿੱਥੇ ਅੱਜ-ਕੱਲ ਉਹ ਲੈਕਚਰਾਰ (ਅੰਗਰੇਜ਼ੀ) ਦੇ ਤੌਰ 'ਤੇ ਸੇਵਾਵਾ ਨਿਭਾ ਰਹੇ ਹਨ, ਇੱਥੇ ਆ ਕੇ ਵੀ ਸਕੂਲ ਨੂੰ ਨਵਾਂ ਅਤੇ ਸੁੰਦਰ ਰੂਪ ਦੇਣ ਲਈ ਆਪਣਾ ਜ਼ਨੂੰਨ ਜਾਰੀ ਰੱਖਿਆ। ਪੁਰਾਣੀ ਬਿਲਡਿੰਗ ਨੂੰ ਢਾਹ ਕੇ ਨਵੀਂ ਬਿਲਡਿੰਗ ਦਾ ਨਿਰਮਾਣ ਕਰਵਾਉਣ ਅਤੇ ਹਰ ਕਲਾਸ ਰੂਮ ਨੂੰ ਸਮਾਰਟ ਬਣਾਉਣ ਲਈ ਸਕੂਲ ਮੁਖੀ ਨੂੰ ਪੂਰਾ ਸਹਿਯੋਗ ਦਿੱਤਾ। ਸਕੂਲ ਵਿੱਚ ਨਵਾਂ ਐਜੂਕੇਸ਼ਨਲ ਪਾਰਕ, ਜਿਸ ਵਿੱਚ ਅੰਗਰੇਜ਼ੀ, ਗਣਿਤ, ਵਿਗਿਆਨ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਲਈ ਨਵੇਂ ਇਨੋਵੇਟਿਵ ਟੀਚਿੰਗ ਏਡ ਅਤੇ ਮਾਡਲ ਤਿਆਰ ਕਰਕੇ, ਪਾਰਕ ਨੂੰ ਜ਼ਿਲ੍ਹੇ ਦਾ ਸ੍ਰੇਸ਼ਠ ਪਾਰਕ ਬਣਾ ਕੇ ਉਦਾਹਰਨ ਸਥਾਪਿਤ ਕੀਤੀ। ਇਸੇ ਤਰ੍ਹਾਂ, ਅੰਗਰੇਜ਼ੀ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਕਮਿਉਨਿਕੇਸ਼ਨ ਸਕਿਲ ਵਧਾਉਣ ਲਈ ਸਕੂਲ ਵਿੱਚ ਆਧੁਨਿਕ ਅੰਗਰੇਜ਼ੀ ਲੈਬ ਸੈਟਅੱਪ ਕੀਤੀ। ਇਸ ਦੇ ਨਾਲ ਹੀ ਬੱਚਿਆਂ ਦੀ ਅੰਗਰੇਜ਼ੀ ਬੋਲਚਾਲ ਦੀ ਸਕਿਲ ਨੂੰ ਵਧਾਉਣ ਲਈ "ਇੰਗਲਿਸ਼ ਬੂਸਟਰ ਕਲੱਬ" ਕਾਇਮ ਕੀਤਾ ਗਿਆ, ਜਿਸ ਰਾਹੀਂ ਬੱਚੇ ਆਪਣੀਆਂ ਅੰਗਰੇਜ਼ੀ ਬੋਲਚਾਲ ਦੀਆਂ ਵੀਡੀਓਜ਼ ਸਾਂਝੀਆਂ ਕਰਦੇ ਹਨ। ਪਿਛੜੇ ਅਤੇ ਗੁਣਵੰਤਾ ਲਿਆਉਣ ਲਈ ਉਹਨਾਂ ਨੂੰ ਆਧੁਨਿਕ ਤਰੀਕਿਆਂ ਰਾਹੀਂ ਜਿਵੇਂ ਕਿ ਪ੍ਰੋਜੈਕਟਰ ਦੀ ਵਰਤੋਂ ਕਰਕੇ, ਯੂਟਿਊਬ ਚੈਨਲ ਰਾਹੀਂ, ਗੂਗਲ ਕਵਿਜ਼, ਟੀਵੀ ਚੈਨਲਾਂ ਰਾਹੀਂ ਪੜ੍ਹਾਈ ਕਰਵਾਉਂਦੇ ਹਨ। ਉਹ ਵਿਦਿਆਰਥੀਆਂ ਨੂੰ ਸਿਰਫ ਕਲਾਸਾਂ ਵਿੱਚ ਹੀ ਨਹੀਂ ਸਗੋਂ ਸਕੂਲ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਐਕਸਟਰ ਟਾਈਮ ਲਗਾ ਕੇ ਪੜ੍ਹਾਉਣ ਵਿੱਚ ਵਿਸ਼ਵਾਸ ਕਰਦੇ ਹਨ। ਇੱਥੋਂ ਤੱਕ ਕਿ ਉਨ੍ਹਾਂ ਕੋਵਿਡ ਸਮੇਂ ਦੌਰਾਨ ਬੱਚਿਆਂ ਨੂੰ ਆਨਲਾਈਨ ਪੜ੍ਹਾਈ ਕਰਨ ਵਿੱਚ ਬਹੁਤ ਸਹਾਇਤਾ ਕੀਤੀ। ਬੱਚਿਆਂ ਦੇ ਘਰ ਘਰ ਜਾ ਕੇ ਉਹਨਾਂ ਨੂੰ ਨੋਟਸ ਅਤੇ ਹੋਰ ਲਿਖਣ ਸਮੱਗਰੀ ਮੁਹੱਈਆ ਕਰਵਾਈ।

ਮੌਜੂਦਾ ਸਮੇਂ ਵਿੱਚ ਬਤੌਰ ਨੈਸ਼ਨਲ ਸਰਵਿਸ ਸਕੀਮ ਪ੍ਰੋਗਰਾਮ ਅਫ਼ਸਰ ਵਜੋਂ ਕੰਮ ਕਰ ਰਹੇ ਹਨ ਅਤੇ ਆਪਣੇ ਵਲੰਟੀਅਰਾਂ ਨਾਲ ਸਮਾਜ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ, ਵਾਤਾਵਰਣ ਦੀ ਸੰਭਾਲ ਲਈ ਨਵੇਂ ਪੌਦੇ ਲਗਾਉਣਾ ਅਤੇ ਉਹਨਾਂ ਦੀ ਸੰਭਾਲ ਕਰਨਾ, ਸਵੈਂਬਰ ਕ੍ਰਾਈਮ ਪ੍ਰਤੀ ਜਾਗਰੂਕ ਕਰਨਾ, ਉਲਡ ਏਜ ਹੋਮ ਵਿੱਚ ਸੇਵਾ ਅਤੇ ਸਹਿਯੋਗ ਕਰਨਾ, ਸਵੱਛ ਭਾਰਤ ਅਭਿਆਨ ਰਾਹੀਂ ਅਡਾਪਟ ਕੀਤੇ ਪਿੰਡ ਦੀ ਸਫ਼ਾਈ ਅਤੇ ਪਿੰਡ ਨੂੰ ਹਰਿਆ ਭਰਿਆ ਬਣਾਉਣ ਲਈ ਨਵੇਂ ਪੌਦੇ ਲਗਾਉਣ ਲਈ ਤੱਤਪਰ ਰਹਿੰਦੇ ਹਨ। ਉਨ੍ਹਾਂ ਨੇ ਯੂਥ ਐਕਸਚੇਂਜ ਪ੍ਰੋਗਰਾਮ ਤਹਿਤ ਨੈਸ਼ਨਲ ਸਰਵਿਸ ਸਕੀਮ ਵਲੰਟੀਅਰਾਂ ਨਾਲ ਇੰਟਰਸਟੇਟ ਯੂਥ ਐਕਸਚੇਂਜ ਕੈਂਪ ਉੱਟੀ ਕਰਨਾਟਕਾ, ਬੈਂਗਲੋਰ ਅਤੇ ਐਡਵੈਂਚਰ ਕੈਂਪ ਮਨਾਲੀ ਵਿਖੇ ਭਾਗ ਲਿਆ ਹੈ।

ਸਿੱਖਿਆ ਵਿਭਾਗ ਵੱਲੋਂ ਚਲਾਈ ਗਈ ਸੈਲਫ਼ ਸਮਾਰਟ ਸਕੂਲ ਮੁਹਿੰਮ ਦੇ ਤਹਿਤ ਆਪਣੇ ਪਿਤਰੀ ਸਕੂਲ ਜੰਗਲ ਨੂੰ ਸਮਾਰਟ ਬਣਾਉਣ ਦੇ ਨਾਲ ਨਾਲ ਪੰਜ ਹੋਰ ਪਿੰਡਾਂ ਦੇ ਸਰਕਾਰੀ ਸਕੂਲ ਸ ਸ ਸ ਸਕੂਲ ਬਸਰੂਪ, ਐਸ ਪੀ ਆਰ ਏ। ਸਕੂਲ ਬਸਰੂਪ, ਐਸ ਪੀ ਆਰ ਏ। ਸਕੂਲ ਮੈਰਾ, ਐਸ ਐਚ ਐਸ ਐਸ ਅਜੀਜਪੁਰ, ਐਸ ਪੀ ਆਰ ਏ ਸਕੂਲ ਜੰਗਲ ਨੂੰ ਅਡਾਪਟ ਕਰਕੇ ਉਨ੍ਹਾਂ ਨੂੰ ਵੀ ਆਪਣੀ ਤਨਖਾਹ ਵਿੱਚੋਂ ਪੈਸੇ ਖਰਚ ਕਰਕੇ ਸਮਾਰਟ ਬਣਾਉਣ ਲਈ ਯੋਗਦਾਨ ਪਾਇਆ। ਸਿਧਾਰਥ ਚੰਦਰ ਇੱਕ ਫਰਾਕ ਦਿਲੀ ਇਨਸਾਨ ਵੀ ਹਨ ਜਿਨ੍ਹਾਂ ਦੀ ਮਿਸਾਲ ਪਿੰਡ ਮੈਰਾ ਬਸਰੂਪ ਵਿੱਚ ਮਿਲਦੀ ਹੈ। ਜਿੱਥੇ ਪੰਚਾਇਤ ਦੀ ਆਪਣੀ ਕੋਈ ਜ਼ਮੀਨ ਨਾ ਹੋਣ ਕਾਰਨ ਉਨ੍ਹਾਂ ਪਿੰਡ ਮੈਰਾ ਬਸਰੂਪ ਵਿੱਚ ਸਮਾਜ ਦੇ ਪਿੱਛੜੇ, ਗਰੀਬ ਅਤੇ ਕਮਜ਼ੋਰ ਬੱਚਿਆਂ ਦੀ ਪੜ੍ਹਾਈ ਲਈ ਇੱਕ ਨਵਾਂ ਸਰਕਾਰੀ ਪ੍ਰਾਇਮਰੀ ਸਕੂਲ ਖੁਲਵਾਉਣ ਲਈ ਆਪਣੀ 2 ਕਨਾਲ ਜ਼ਮੀਨ ਦਾਨ ਕੀਤੀ। ਇੱਥੇ ਵਿਚਾਰਣ ਵਾਲੀ ਗੱਲ ਇਹ ਹੈ ਕਿ ਅਜੋਕੇ ਸਮੇਂ ਵਿੱਚ ਭਰਾ-ਭਰਾ ਨੂੰ ਚੱਪਾ ਜਗ੍ਹਾਂ ਨਹੀਂ ਦਿੰਦਾ, ਜ਼ਮੀਨ ਜਾਇਦਾਦ ਤੋਂ ਕਿਵੇਂ ਆਪਣਿਆਂ ਵਿੱਚ ਹੀ ਕੱਤਲੋਗਾਰਤ ਚੱਲ ਰਹੀ ਹੈ। ਲੋਕ ਆਪਣੇ ਹੀ ਪਰਿਵਾਰਿਕ ਰਿਸ਼ਤਿਆਂ ਨੂੰ ਪੈਸੇ ਅਤੇ ਜਾਇਦਾਦ ਦੇ ਲਈ ਤਿਆਗ ਰਹੇ ਹਨ, ਪਰਿਵਾਰਾਂ ਵਿੱਚ ਦੂਰੀਆ ਵੱਧ ਗਈਆ ਜਿਸ ਦਾ ਨਤੀਜਾ ਸਿਰਫ ਤਬਾਹੀ ਵੱਲ ਜਾ ਰਿਹਾ ਹੈ ਪਰ ਸਿਧਾਰਥ ਚੰਦਰ ਨੇ 2 ਕਨਾਲਾ ਜ਼ਮੀਨ ਦਾਨ ਕਰਕੇ ਇਨਸਾਨੀਅਤ ਦੀ ਜਿੰਦਾ ਮਿਸਾਲ ਕਾਇਮ ਕੀਤੀ ਹੈ।


ਇਸ ਤੋਂ ਇਲਾਵਾ ਉਹਨਾਂ ਨੇ ਇਸ ਸਕੂਲ ਨੂੰ ਬੱਚਿਆਂ ਦੇ ਬੈਠਣ ਲਈ ਡੈਸਕ, ਮਿਡ ਡੇ ਮੀਲ ਲਈ ਬਰਤਨ, ਅਧਿਆਪਕਾਂ ਲਈ ਕੁਰਸੀਆਂ, ਟੇਬਲ, ਇੱਕ ਐਲ ਈ ਡੀ ਟੀਵੀ ਵੀ ਦਿੱਤਾ। ਸਵੱਛ ਭਾਰਤ ਮੁਹਿੰਮ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਧਿਆਪਕ ਨੇ ਆਪਣੇ ਪਿੰਡ ਵਿੱਚ ਆਪਣੀ ਤਨਖਾਹ ਵਿੱਚੋਂ ਔਰਤਾਂ ਦੀ ਭਲਾਈ ਲਈ ਵਾਸ਼ਰੂਮ ਬਣਾਇਆ ਜਿਸ ਕਾਰਨ ਗ੍ਰਾਮ ਪੰਚਾਇਤ ਬਸਰੂਪ ਦੀ ਸਰਪੰਚ ਸ਼੍ਰੀਮਤੀ ਅਮਰਜੀਤ ਕੌਰ ਵੱਲੋਂ ਉਹਨਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇੱਥੇ ਹੀ ਬਸ ਨਹੀ ਚੰਡੀਗੜ੍ਹ ਵੱਲੋਂ ਲਗਾਈਆਂ ਜਾਂਦੀਆ ਵੱਖ ਵੱਖ ਅਧਿਆਪਕ ਟ੍ਰੇਨਿੰਗ ਅਤੇ ਵਰਕਸ਼ਾਪਾਂ ਵਿੱਚ ਉਹ ਬਤੌਰ ਰਿਸੋਰਸ ਪਰਸਨ ਵਜੋਂ ਭਾਗ ਲੈਂਦੇ ਹਨ। ਇਨਸਰਵਿਸ ਟ੍ਰੇਨਿੰਗ ਸੈਂਟਰ ਪਠਾਨਕੋਟ ਵਿੱਖੇ ਸਮੇ-ਸਮੇ ਵੱਖ-ਵੱਖ ਵਿਸ਼ਿਆ ਤੇ ਟ੍ਰੇਨਿੰਗ ਦੇਣ ਦੀਆ ਸੇਵਾਵਾ ਵੀ ਨਿਰੰਤਰ ਨਿਭਾਉਂਦੇ ਹਨ।

ਸਿੱਧਾਰਥ ਚੰਦਰ ਇੱਕ ਚੰਗੇ ਲੇਖਕ ਵੀ ਹਨ ਜਿਨ੍ਹਾਂ ਦੀਆਂ ਲਿਖਤਾਂ ਅਖ਼ਬਾਰ ਵਿੱਚ ਗਿਆਨ ਭਰਪੂਰ ਹੁੰਦੀਆ ਹਨ। ਉਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛੇਵੀਂ ਤੋਂ ਦਸਵੀਂ ਜਮਾਤਾਂ ਦੀਆਂ ਵਿਗਿਆਨ ਦੀਆਂ ਪੁਸਤਕਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਉਹਨਾਂ ਦੀ ਸੁਧਾਈ ਕੀਤੀ। ਐਸ।ਸੀ।ਆਰਟੀ ਪੰਜਾਬ ਵੱਲੋਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਲਈ ਅੰਗਰੇਜ਼ੀ ਦੀ ਨਵੀਂ ਵਰਕਬੁੱਕ ਤਿਆਰ ਕਰਨ ਲਈ ਆਪਣਾ ਸਹਿਯੋਗ ਦਿੱਤਾ। ਸਿੱਖਿਆ ਵਿਭਾਗ ਵੱਲੋਂ ਉਹਨਾਂ ਨੇ ਐਜੂਕੇਅਰ ਐਪ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀ ਜਨਰਲ ਅੰਗਰੇਜ਼ੀ ਲਈ ਸਿਮਪਲੀਫਾਈਡ ਨੋਟਿਸ ਅਤੇ ਪਾਠਾਂ ਦੀਆਂ ਪੀ।ਪੀ।ਟੀ ਤਿਆਰ ਕਰਕੇ ਅਪਲੋਡ ਕਰਵਾਈਆਂ। ਸੀ.ਸੀ. ਆਰਟੀ ਨਵੀਂ ਦਿੱਲੀ (ਸੱਭਿਆਚਾਰ ਮੰਤਰਾਲਾ ਭਾਰਤ ਸਰਕਾਰ) ਵੱਲੋਂ ਦੇਸ਼ ਦੀ ਆਜ਼ਾਦੀ ਦੇ 75ਵੇਂ ਵਰ੍ਹੇ ਗੰਢ ਦੇ ਮੌਕੇ 'ਤੇ ਉਹਨਾਂ ਨੇ ਅਜਿਹੇ ਸਵਤੰਤਰਤਾ ਸੰਘਰਸ਼ੀ ਜੋ ਦੇਸ਼ ਦੀ ਆਜ਼ਾਦੀ ਲਈ ਕਈ ਤਰ੍ਹਾਂ ਦੇ ਤਸਹੀਹੇ ਸਹਿੰਦੇ ਹੋਏ ਜੇਲਾਂ ਵਿੱਚ ਸਲਾਕਾਂ ਪਿੱਛੇ ਰਹੇ ਪਰ ਉਹਨਾਂ ਦਾ ਕਿਸੇ ਵੀ ਥਾਂ ਨਾਮ ਨਹੀਂ ਆਇਆ।

# ਅਧਿਆਪਕਾਂ ਦੀਆਂ ਤਰੱਕੀਆਂ ਕਰਦੇ ਸਮੇਂ ਕੁਝ ਅਹਿਮ ਮੁੱਦੇ ਵਿਚਾਰੇ ਜਾਣ

ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ।ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ। ਉਪਰਲੀ ਪੋਚਾ ਪੋਚੀ ਜ਼ਿਆਦਾ ਕੀਤੀ ਜਾ ਰਹੀ। ਕਈ ਸੀਨੀਅਰ ਸੈਕੰਡਰੀ ਸਕੂਲਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਕਿਉਂ ਕਿ ਬਦਲੀਆਂ ਕਾਰਨ ਜਾਂ ਲੈਕਚਰਾਰਾਂ ਦੀ ਸੇਵਾ ਮੁਕਤੀ ਕਾਰਨ ਇਹ ਸਕੂਲ ਲੈਕਚਰਾਰਾਂ ਤੋਂ ਸੱਖਣੇ ਹੋਣ ਕਾਰਨ ਮਾਸਟਰ ਕਾਡਰ ਦੇ ਸੀਨੀਅਰ ਅਧਿਆਪਕ ਹੀ ਸਕੂਲ ਇੰਚਾਰਜ਼ ਦਾ ਕੰਮ ਚਲਾਉਣ ਲਈ ਮਜਬੂਰ ਹਨ। ਕਈ ਸਕੂਲਾਂ ਨੂੰ ਸੀਨੀਅਰ ਲੈਕਚਰਾਰ ਹੀ ਪ੍ਰਿੰਸੀਪਲ ਨਾ ਹੋਣ ਕਾਰਨ ਚਲਾ ਰਹੇ ਹਨ। ਇਹੋ ਜਿਹੇ ਸਕੂਲਾਂ ਦੀ ਹਾਲਤ ਬੜੀ ਬਦੱਤਰ ਬਣ ਗਈ ਜਿਥੇ ਬੱਚੇ ਦਾਖਲੇ ਲੈ ਕੇ ਪਛਤਾਵਾ ਜਰੂਰ ਪ੍ਰਗਟ ਕਰਨਗੇ। ਹਾਈ ਵਿਭਾਗ ਅਤੇ ਸੈਕੰਡਰੀ ਵਿਭਾਗ ਦੋਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਹੈ ਪ੍ਰਾਇਮਰੀ ਸਕੂਲਾਂ 'ਚ ਇੱਕ ਅਧਿਆਪਕ ਹੀ ਪੰਜ ਕਲਾਸਾਂ ਪੜ੍ਹਾ ਰਿਹਾ ਹੈ, ਇਹ ਅਖ਼ਬਾਰਾਂ ਦੀ ਖ਼ਬਰਾਂ ਹਨ। ਇਸ ਪ੍ਰਾਇਮਰੀ ਕਾਡਰ ਦੀ ਤਰੱਕੀ ਵੀ ਅਜੇ ਹੋਈ ਹੈ, ਜਿਸ ਨਾਲ ਹੇਠਲੇ ਪੱਧਰ 'ਤੇ ਵੀ ਸਕੂਲਾਂ 'ਚ ਖਾਲੀ ਪੋਸਟਾਂ ਖਾਲੀ ਹੋ ਜਾਣਗੀਆਂ। ਪੰਜਾਬ ਦੇ ਇਸ ਤਰ੍ਹਾਂ ਦੇ ਕਿੰਨੇ ਹੀ ਅਭਾਗੇ ਸਕੂਲ ਹੋਣਗੇ ਜਿਹੜੇ ਬੱਚਿਆਂ ਦੇ ਭਵਿੱਖ ਲਈ ਸਵਾਲੀਆ ਨਿਸ਼ਾਨ ਬਣੇ ਹੋਏ ਹਨ। ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ ਜੋ ਕੀਤੀ ਜਾ ਰਹੀ ਹੈ ਉਹ ਅਦਾਲਤੀ ਚੱਕਰਾਂ 'ਚ ਫਸ ਕੇ ਪੂਰ ਨਹੀਂ ਚੜ੍ਹ ਰਹੀ। ਭਰਤੀ ਦੀ ਪ੍ਰਕ੍ਰਿਆ 'ਚ ਕਾਨੂੰਨੀ ਪੱਖਾਂ ਨੂੰ ਚੰਗੀ ਤਰ੍ਹਾਂ ਪਹਿਲਾਂ ਹੀ ਕਿਉਂ ਨਹੀਂ ਘੋਖਿਆ ਜਾਂਦਾ।

ਆਜ਼ਾਦੀ ਤੋਂ ਬਾਅਦ ਅਜੇ ਤੱਕ ਸਕੂਲਾਂ 'ਚ ਅੰਗਰੇਜ਼ੀ ਅਧਿਆਪਕਾਂ ਦੀਆਂ ਆਸਾਮੀਆਂ ਕੁਝ ਨੂੰ ਛੱਡ ਕੇ ਨਹੀਂ ਦਿੱਤੀਆਂ ਗਈਆਂ ਜਦੋਂ ਕਿ ਅੰਗਰੇਜ਼ੀ ਜਰੂਰੀ ਵਿਸ਼ੇ ਵਜੋਂ ਸ਼ੁਰੂ ਤੋਂ ਪੜ੍ਹਾਈ ਜਾ ਰਹੀ ਹੈ। ਇਸ ਵਿਸ਼ੇ ਨੂੰ ਸਮਾਜਿਕ ਸਿੱਖਿਆ ਮਾਸਟਰ ਪੜ੍ਹਾਉਂਦੇ ਆ ਰਹੇ ਹਨ ਜਿੰਨ੍ਹਾਂ ਨੇ ਬੀ.ਏ. ਵਿੱਚ ਅੰਗਰੇਜ਼ੀ ਇਲੈਕਟਿਵ ਨਹੀਂ ਪੜ੍ਹਿਆ ਹੁੰਦਾ, ਬੀ.ਐਡ. ਵਿੱਚ ਟੀਚਿੰਗ ਆਫ ਇੰਗਲਿਸ਼ ਵੀ ਨਹੀਂ ਲਿਆ ਹੁੰਦਾ। ਪੰਜਾਬੀ, ਹਿੰਦੀ ਨਾਲ ਸੋਸ਼ਲ ਸਟੱਡੀਜ਼ ਲਿਆ ਹੁੰਦਾ। ਇਹੋ ਜਿਹੇ ਅਧਿਆਕ ਜਦੋਂ ਸ.ਸ. ਮਾਸਟਰ ਲੱਗ ਜਾਂਦੇ ਹਨ ਤਾਂ ਉਨ੍ਹਾਂ ਨੂੰ ਦਸਵੀਂ ਤੱਕ ਅੰਗਰੇਜ਼ੀ ਵੀ ਪੜ੍ਹਾਉਣੀ ਪੈਂਦੀ ਹੈ। ਇਸ ਲਈ ਇਨ੍ਹਾਂ ਅਧਿਆਪਕਾਂ ਲਈ ਪੜ੍ਹਾਉਣਾ ਔਖਾ ਵੀ ਲਗਦਾ ਅਤੇ ਬੱਚਿਆਂ ਨੂੰ ਇਨਸਾਫ ਵੀ ਨਹੀਂ ਮਿਲਦਾ। ਜੇਕਰ ਸਿੱਖਿਆ ਵਿਭਾਗ ਤਰੱਕੀ ਦੀਆਂ ਸ਼ਰਤਾਂ ਵਿੱਚ ਅਧਿਆਪਕਾਂ ਦੇ ਪੜ੍ਹਾਉਣ ਵਾਲੇ ਵਿਸ਼ੇ 'ਚ ਤਜ਼ਰਬੇ ਨੂੰ ਪਹਿਲਾਂ ਹੀ ਸ਼ਾਮਲ ਕੀਤਾ ਜਾਵੇ ਤਾਂ ਇਹ ਬੱਚਿਆਂ, ਅਧਿਆਪਕਾਂ ਲਈ ਲਾਹੇਬੰਦ ਹੋਵੇਗਾ, ਕੁਝ ਕੁ ਅਧਿਆਪਕਾਂ ਨੂੰ ਤਰੱਕੀ ਨੇੜੇ ਆਈ ਨੂੰ ਕਈ ਵਾਰ ਨਾ ਹੋਣ ਤੇ ਇੱਕ ਵਾਰੀ ਤਾਂ ਮਹਿਸੂਸ ਹੋਵੇਗਾ ਪਰ ਬਾਅਦ ਵਾਲੇ ਅਧਿਆਪਕ ਆਪਣੇ ਸਬੰਧਤ ਵਿਸ਼ੇ 'ਚ ਪੋਸਟ ਗਰੇਜੂਏਸ਼ਨ ਹੀ ਕਰਨਗੇ, ਹੋਰ ਵਿਸ਼ੇ 'ਚ ਕੀਤੀ ਪੜ੍ਹਾਈ ਮਾੜੀ ਨਹੀਂ, ਇਹ ਵਧੀਆ ਗੱਲ ਹੈ, ਉੱਚ ਗਿਆਨ 'ਚ ਵਾਧਾ ਜਰੂਰ ਕਰੇਗੀ। ਅੰਗਰੇਜ਼ੀ ਦਾ ਗਿਆਨ ਹੋਣਾ ਅੰਤਰ ਰਾਸ਼ਟਰੀ ਪੱਧਰ ਉੱਪਰ ਜਾ ਕੇ ਬਹੁਤ ਮਹੱਤਵਪੂਰਨ ਹੈ। ਹੁਣ ਜਿਵੇਂ ਧੜਾਧੜ ਬੱਚੇ ਵਿਦੇਸ਼ਾਂ 'ਚ ਜਾ ਰਹੇ ਹਨ ਉਹ ਅੰਗਰੇਜ਼ੀ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ ਤਾਂ ਹੀ ਆਈਲੈਟਸ ਪਾਸ ਕਰ ਸਕਦੇ ਹਨ।



ਦੇਸ਼ ਅੰਦਰ ਸਰਕਾਰੀ ਯੂਨੀਵਰਸਿਟੀਆਂ ਤੋਂ ਇਲਾਵਾ ਮਾਨਤਾ ਪ੍ਰਾਪਤ ਡੀਮਡ, ਪ੍ਰਾਈਵੇਟ ਯੂਨੀਵਰਸਿਟੀਆਂ ਕਾਲਜ ਆਦਿ ਡਿਸਟੈਂਸ ਐਜੂਕੇਸ਼ਨ ਰਾਹੀਂ ਪੜ੍ਹਾਈ ਕਰਵਾਉਂਦੀਆਂ ਹਨ ਭਾਵੇਂ ਕਿ ਇਹ ਪੜ੍ਹਾਈ ਘਰ ਬੈਠ ਕੇ ਕੀਤੀ ਹੁੰਦੀ ਹੈ। ਕਈ ਸੈਂਟਰਾਂ ਵਲੋਂ ਤਾਂ ਪੇਪਰ ਵੀ ਕਾਗਜ਼ੀ ਖਾਨਾਪੂਰਤੀ ਲਈ ਲਏ ਜਾਂਦੇ ਹਨ।

ਭਾਵੇਂ ਕਈ ਹੇਠਲੇ ਪੱਧਰ ਦੀਆਂ ਚਰਚਿਤ ਯੂਨੀਵਰਸਿਟੀਆਂ ਨੂੰ ਸਿੱਖਿਆ ਵਿਭਾਗ ਨੇ ਮੰਨਣ ਤੋਂ ਇਨਕਾਰ ਵੀ ਕੀਤਾ ਪਰ ਉੱਚ ਅਦਾਲਤਾਂ ਨੇ ਮਾਨਤਾ ਪ੍ਰਾਪਤ ਇਨ੍ਹਾਂ ਸੰਸਥਾਵਾਂ ਦੀ ਪੜ੍ਹਾਈ ਵਾਲਿਆਂ ਦੇ ਹੱਕ 'ਚ ਫੈਸਲੇ ਦੇ ਕੇ ਉਨ੍ਹਾਂ ਲਈ ਵੀ ਰਾਹ ਪੱਧਰਾ ਕਰ ਦਿਤਾ ਹੋਇਆ ਹੈ।

ਹੁਣੇ ਹੀ ਸਿੱਖਿਆ ਵਿਭਾਗ ਨੇ ਮਾਸਟਰ ਕਾਡਰ ਦੀਆਂ ਬਤੌਰ ਲੈਕਚਰਾਰ ਤਰੱਕੀਆਂ ਕੀਤੀਆਂ ਹਨ ਜੋ ਕਿ ਅਖ਼ਬਾਰਾਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਇਨ੍ਹਾਂ 'ਚੋਂ 25 ਅਧਿਆਪਕਾਂ ਦੀਆਂ ਤਰੱਕੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਰੱਦ ਕਰ ਦਿੱਤੀਆਂ ਹਨ, ਜੋ ਸਰਕਾਰ ਦੇ ਸਿੱਖਿਆ ਸੁਧਾਰ ਦੀ ਪੋਲ੍ਹ ਖੋਲਦਾ ਹੈ। ਜਿਨ੍ਹਾਂ ' ਚ ਅੰਗਰੇਜ਼ੀ ਵਿਸ਼ੇ ਦੇ 301 ਲੈਕਚਰਾਰਾਂ ਵਿੱਚ 298 ਅਧਿਆਪਕਾਂ ਨੇ ਅੰਗਰੇਜ਼ੀ ਨਹੀਂ ਪੜ੍ਹਾਈ ਜਿਨ੍ਹਾਂ 'ਚ 127 ਸਾਇੰਸ, 102 ਸੋਸ਼ਲ ਸਟੱਡੀਜ਼, 41 ਮੈਥ, 7 ਪੰਜਾਬੀ, 4 ਖੇਤੀਬਾੜੀ, 3 ਅੰਗਰੇਜ਼ੀ ਅਤੇ 1 ਸਰੀਰਕ ਸਿੱਖਿਆ ਦੇ ਅਧਿਆਪਕ ਹਨ।ਕੀ ਇਹ ਅਧਿਆਪਕ ਆਪਣੇ ਵਿਸ਼ੇ ਨਾਲ ਨਿਆਂ ਕਰ ਸਕਣਗੇ? ਪਹਿਲਾਂ ਕਈ ਵਾਰ ਇਹ ਮਾਮਲਾ ਸਬੰਧਤ ਵਿਸ਼ੇ 'ਚ ਤਰੱਕੀ ਕਰਨ ਬਾਰੇ ਚਰਚਾ ਵਿੱਚ ਆਇਆ ਤਾਂ ਹੈ ਪਰ ਕੋਈ ਬਦਲਾਅ ਨਹੀਂ ਆਇਆ। ਇਸੇ ਤਰ੍ਹਾਂ ਹੋਰ ਵਿਸ਼ਿਆਂ ਦਾ ਵੀ ਇਹੋ ਹਾਲ ਹੈ। ਸਿੱਖਿਆ ਪ੍ਰਤੀ ਸਿੱਖਿਆ ਵਿਭਾਗ ਕਿੰਨਾ ਕੁ ਗੰਭੀਰ ਹੈ ਇਕੱਲੇ ਲੈਕਚਰਾਰਾਂ ਦੀਆਂ ਤਕਰੀਬਨ ਤਿੰਨ ਹਜ਼ਾਰ ਖਾਲੀ ਪੋਸਟਾਂ ਦੀਆਂ ਲਿਸਟ ਤੋਂ ਸਪਸ਼ਟ ਹੋ ਜਾਂਦਾ ਹੈ, ਹੋ ਸਕਦਾ ਕੁਝ ਪੋਸਟਾਂ ਅਜੇ ਇਨ੍ਹਾਂ 'ਚ ਸ਼ਾਮਲ ਨਾ ਹੋਣ।

ਇਹ ਤਾਂ ਇਕੱਲੇ ਅੰਗਰੇਜ਼ੀ ਵਿਸ਼ੇ ਦਾ ਹਾਲ ਹੈ ਬਾਕੀ ਵਿਸ਼ਿਆਂ ਦਾ ਹਾਲ ਵੀ ਇਹੋ ਹੋਵੇਗਾ ਜਿ ਨਾਲ ਹੇਠਲੇ ਮਾਸਟਰ ਕਾਡਰ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਹੋ ਜਾਣੀਆਂ ਹਨ ।ਸਰਕਾਰ ਪਹਿਲਾਂ ਹੀ ਕਿਉਂ ਨਹੀਂ ਨਵੀਂ ਭਰਤੀ ਪ੍ਰਕ੍ਰਿਆ ਕਰਕੇ ਸਿਲੈਕਸ਼ਨ ਲਿਸਟ ਬਣਾਉਂਦੀ, ਜਿਸ ਨਾਲ ਨਾਲੋ ਨਾਲ ਖਾਲੀ ਪੋਸਟਾਂ ਭਰਨ ਦਾ ਕੰਮ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਵੇਗਾ।



ਮੇਜਰ ਸਿੰਘ ਨਾਭਾ
91-94635-53962

ਮਾਸਟਰ ਕਾਡਰ ਦੀਆਂ ਪੋਸਟਾਂ ਦਾ ਪਹਿਲਾਂ ਹੀ ਖਾਲੀ ਪਈਆਂ ਹਨ, ਹੁਣ ਗਿਣਤੀ 'ਚ ਤਰੱਕੀਆਂ ਕਾਰਨ ਹੋਰ ਇਜ਼ਾਫਾ ਹੋ ਜਾਵੇਗਾ। ਇਹ ਸਾਰਾ ਕੁਝ ਸਰਕਾਰ ਦੇ ਅੱਧੇ ਸਮੇਂ ਨੂੰ ਪਾਰ ਕਰ ਚੁੱਕਣ ਦੇ ਬਾਵਜੂਦ ਨਿਯੰਤਰ 'ਚ ਨਹੀਂ ਆਇਆ, ਹੁਣ ਤਾਂ ਸਮਾਂ ਪੁੱਠੀ ਗਿਣਤੀ ਵਾਲਾ ਸ਼ੁਰੂ ਹੋ ਗਿਆ ਹੈ। ਦਿੱਲੀ ਪੈਟਰਨ ਦੀ ਗੱਲ ਕੀਤੀ ਜਾਂਦੀ ਹੈ ਪਰ ਅਜੇ ਤੱਕ ਅਧਿਆਪਕਾਂ ਦੀ ਭਰਤੀ ਹੀ ਪੂਰੀ ਨਹੀਂ ਹੋ ਰਹੀ।

ਜਦੋਂ ਤਰੱਕੀਆਂ ਕਰਨੀਆਂ ਹੋਣ ਤਾਂ ਚੰਗਾ ਹੋਵੇਗਾ ਜੇ ਪਹਿਲਾਂ ਹੀ ਖਾਲੀ ਹੋਣ ਵਾਲੀਆਂ ਆਸਾਮੀਆਂ ਲਈ ਭਰਤੀ ਪ੍ਰਕ੍ਰਿਆ ਸ਼ੁਰੂ ਕਰਕੇ ਮੈਰਿਟ ਲਿਸ਼ਟ ਤਿਆਰ ਰੱਖੀ ਜਾਵੇ ਥਾ ਜੋ ਨਾਲੋ ਨਾਲ ਖਾਲੀ ਥਾਵਾਂ ਤੁਰੰਤ ਭਰੀਆਂ ਜਾ ਸਕਣ ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਅਧਿਆਪਕ ਦਿਵਸ ਸਨਮਾਨ ਸਮਾਰੋਹ 'ਚ ਬੋਲਦਿਆਂ ਸਕੂਲਾਂ ਵਿੱਚ ਪੰਜਾਬੀ ਦੀਆਂ ਸਾਰੀਆਂ ਖਾਲੀ ਪੋਸਟਾਂ ਭਰਨ ਦੀ ਗੱਲ ਕਹੀ ਹੈ।ਦੂਸਰੇ ਵਿਸ਼ਿਆਂ ਦੀਆਂ ਹਜ਼ਾਰਾਂ ਖਾਲੀ ਪਈਆਂ ਪੋਸਟ ਭਰਨ ਬਾਰੇ ਚੁੱਪੀ ਕਿਉਂ? ਸਰਕਾਰ ਨੇ ਉੱਚ ਸਿੱਖਿਆ ਦੇ ਸਧਾਰ ਨੂੰ ਪਹਿਲੇ ਮੁੱਦੇ 'ਚ ਸ਼ਾਮਲ ਕੀਤਾ ਹੋਇਆ ਹੈ।ਸਰਕਾਰ ਇਸ ਮੁੱਦੇ ਪ੍ਰਤੀ ਅਜੇ ਤੱਕ ਗੰਭੀਰ ਕਿਉਂ ਨਹੀਂ?

## ਬਾਲ ਮਨਾਂ ਦਾ ਹਾਣੀ ਸਟੇਟ ਅਵਾਰਡੀ ਅਧਿਆਪਕ ਸਤਨਾਮ ਸਿੰਘ

ਜੇਕਰ ਸਾਡਾ ਸਿੱਖਿਆਤੰਤਰ ਸ਼ਾਨਦਾਰ ਪ੍ਰਾਪਤੀਆਂ ਕਰ ਰਿਹਾ ਹੈ ਤਾਂ ਉਸ ਵਿੱਚ ਸਿੱਖਿਆ ਨੂੰ ਸਮਰਪਿਤ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਹੈ। ਜਿਹੜੇ ਅਧਿਆਪਕ ਆਪੇ ਤੋਂ ਉੱਪਰ ਉੱਠ ਕੇ ਬੱਚਿਆਂ ਨੂੰ ਸਮਰਪਿਤ ਹੋ ਜਾਂਦੇ ਹਨ ਉਹ ਸਿੱਖਿਆ ਜਗਤ ਵਿੱਚ ਆਪਣੀਆਂ ਨਿਵੇਕਲੀਆਂ ਪ੍ਰਾਪਤੀਆਂ ਨਾਲ ਬਾਕੀਆਂ ਨਾਲੋਂ ਅੱਗੇ ਨਿਕਲ ਜਾਂਦੇ ਹਨ। ਆਪਣੀਆਂ ਵਿਸ਼ੇਸ਼ ਪ੍ਰਾਪਤੀਆਂ ਨਾਲ ਬਾਕੀ ਅਧਿਆਪਕਾਂ ਤੋਂ ਅੱਗੇ ਨਿਕਲਣ ਵਾਲਾ ਸਤਨਾਮ ਸਿੰਘ ਪੰਜਾਬ ਸਰਕਾਰ ਦੁਆਰਾ 5 ਸਤੰਬਰ, 2024 ਨੂੰ ਰਾਜ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਉਹ ਸਨਮਾਨ ਪ੍ਰਾਪਤ ਕਰਨ ਉਪਰੰਤ ਆਖਦਾ ਹੈ ਕਿ ਹੁਣ ਉਸ ਸਿਰ ਹੋਰ ਵੱਡੀ ਜ਼ਿੰਮੇਵਾਰੀ ਹੈ। ਹੁਣ ਉਹ ਪਹਿਲਾਂ ਨਾਲੋਂ ਵੀ ਜਿਆਦਾ ਸੁਚੇਤ ਹੋ ਕੇ ਕਾਰਜ ਕਰੇਗਾ ਕਿਉਂਕਿ ਜੇਕਰ ਇੱਕ ਸਟੇਟ ਅਵਾਰਡੀ ਅਧਿਆਪਕ ਕੋਈ ਕੁਤਾਹੀ ਕਰਦਾ ਹੈ ਤਾਂ ਉਸ ਨੂੰ ਕੋਈ ਮਾਫ਼ਓਮਪ; ਨਹੀਂ ਕਰੇਗਾ। ਉਸ ਦੀਆਂ ਪੜ੍ਹਾਉਣ ਦੀਆਂ ਵਿਧੀਆਂ ਵਿੱਚ ਬੱਚਿਆਂ ਦੇ ਹਾਣੀ ਬਣ ਕੇ ਪੜ੍ਹਾਉਣਾ ਸ਼ਾਮਿਲ ਹੈ। ਜਿਸ ਕਰਕੇ ਵਿਦਿਆਰਥੀ ਹਰ ਮੁਕਾਬਲੇ ਵਿੱਚ ਪਹਿਲੀਆਂ ਦੂਜੀਆਂ ਥਾਵਾਂ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਉਂਦੇ ਹਨ। ਉਹ ਆਪਣੀ ਹਲੀਮੀ ਅਤੇ ਪਿਆਰ ਸਤਿਕਾਰ ਵਾਲੀ ਭਾਸ਼ਾ ਦੇ ਨਾਲ ਹਰ ਕਿਸੇ ਨੂੰ ਸਕੂਲ ਸਰਗਰਮੀਆਂ ਵਿੱਚ ਭਾਗੀਦਾਰ ਬਣਾ ਲੈਂਦਾ ਹੈ।



ਭਾਈਚਾਰੇ ਦੇ ਸਹਿਯੋਗ ਸਦਕਾ ਹੀ 35 ਲੱਖ ਦਾ ਕਰਵਾਕੇ ਸਕੂਲ ਨੂੰ ਅਧੁਨਿਕ ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ। ਕਦੀ ਸਰਕਾਰੀ ਪ੍ਰਾਇਮਰੀ ਸਕੂਲ ਗੋਸਲ ਜ਼ਿਲਾ ਨਵਾਂ ਸ਼ਹਿਰ ਦਾ ਗੇੜਾ ਮਾਰੋ ਤਾਂ ਤੁਹਾਨੂੰ ਅਹਿਸਾਸ ਨਹੀਂ ਹੋਵੇਗਾ ਕਿ ਇਹ ਕੋਈ ਸਰਕਾਰੀ ਸਕੂਲ ਹੈ ਜਾਂ ਕਿਸੇ ਪ੍ਰਾਈਵੇਟ ਕਾਰਪੋਰੇਟ ਘਰਾਣੇ ਦਾ ਉਹ ਦਿਨ ਰਾਤ ਇਸਦੀ ਬੇਹਤਰੀ ਲਈ ਕਾਰਜ ਕਰ ਰਿਹਾ ਹੈ।ਰਾਜ ਪੱਧਰੀ ਪੁਰਸਕਾਰ ਤੋਂ ਪਹਿਲਾਂ ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਉਸ ਦਾ ਮਾਣ ਸਨਮਾਨ ਹੁੰਦਾ ਰਿਹਾ ਹੈ।

ਸਤਨਾਮ ਸਿੰਘ ਦਾ ਜਨਮ 22 ਨਵੰਬਰ, 1975 ਨੂੰ ਬਿਹਾਰ ਦੇ ਸ਼ਹਿਰ ਰਾਂਚੀ ਵਿੱਚ ਪਿਤਾ ਅਮਰੀਕ ਸਿੰਘ ਸੰਘੇੜਾ ਅਤੇ ਮਾਤਾ ਦਲਜੀਤ ਕੌਰ ਦੇ ਘਰ ਹੋਇਆ। ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੋਣ ਕਰਕੇ ਉਹ ਬਚਪਨ ਤੋਂ ਹੀ ਮਿਹਨਤੀ ਬਣ ਗਿਆ। ਉਸ ਦੀ ਮਿਹਨਤ ਤੇ ਲਗਨ ਉਸ ਨੂੰ ਤਰੱਕੀਆਂ ਦੀਆਂ ਪੌੜੀਆਂ ਤੇ ਚੜ੍ਹਾਉਣ ਲੱਗੀ ਪ੍ਰਾਇਮਰੀ ਤੋਂ ਬਾਅਦ ਉਸ ਦੀ ਪੜ੍ਹਾਈ ਬੰਗਾ ਕਪੂਰਥਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੋਈ ਈਟੀਟੀ ਤੋਂ ਬਾਅਦ ਉਸਨੇ ਬੀਐਡ ਦੀ ਡਿਗਰੀ ਵੀ ਹਾਸਲ ਕਰ ਲਈ ਉਹ ਸਕੂਲ ਵਿੱਚ ਸਿੱਖਿਆ ਦਾ ਵਾਤਾਵਰਣ ਸਿਰਜਣ ਵਾਸਤੇ ਆਧੁਨਿਕ ਯੰਤਰਾਂ ਦਾ ਪ੍ਰਯੋਗ ਕਰਦਾ ਹੈ। ਇਹਨਾਂ ਨਾਲ ਵਿਸ਼ਾ ਰੋਚਕ ਬਣਦਾ ਹੈ ਅਤੇ ਬੱਚਿਆਂ ਦੀ ਸਿੱਖਣ ਦੀ ਰੁਚੀ ਵਧਦੀ ਹੈ। ਮੁਹਾਰਨੀ ਵਿਧੀ ਨੂੰ ਉਸਨੇ ਕਾਮਯਾਬੀ ਨਾਲ ਵਰਤਿਆ ਹੈ। ਪ੍ਰਾਈਮਰੀ ਸਿੱਖਿਆ ਦੇ ਸੁਧਾਰ ਲਈ ਬਲਾਕ ਕੋਆਰਡੀਨੇਟਰ ਤੋਂ ਇਲਾਵਾ ਬਲਾਕ ਰਿਸੋਰਸ ਪਰਸਨ ਅਤੇ ਜ਼ਿਲDELਾ ਕੋਆਰਡੀਨੇਟਰ ਦੀਆਂ ਜਿੰਮੇਵਾਰੀਆਂ ਵੀ ਨਿਭਾ ਰਿਹਾ ਹੈ।ਬੱਚਿਆਂ ਨੂੰ ਮਾਤ ਭਾਸ਼ਾ ਵਿੱਚ ਮਾਹਿਰ ਬਣਾਉਣ ਲਈ ਉਹ ਵਿਸ਼ੇਸ਼ ਯਤਨ ਕਰ ਰਿਹਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੁਸਤਕਾਂ ਦੀ ਸੁਧਾਈ, ਟੀ.ਵੀ. ਪ੍ਰੋਗ੍ਰਾਮ ਵਾਸਤੇ ਲੈਕਚਰ ਤਿਆਰ ਕੀਤੇ ਗਏ। ਪੰਜਾਬ ਐਜੂਸੈਟ ਸੋਸਾਇਟੀ ਅਧੀਨ ਸਾਰੀਆਂ ਜਮਾਤਾਂ ਦਾ ਈ-ਕੰਨਟੈਂਟ ਤਿਆਰ ਕਰਨ ਲਈ ਜਮਾਤ ਪੰਜਵੀਂ ਪੰਜਾਬੀ ਵਿਸ਼ੇ ਲਈ ਅਵਾਜ਼ ਦਿੱਤੀ ਗਈ।ਐੱਸ.ਸੀ.ਈ.ਆਰ.ਟੀ. ਵਲੋਂ ਸਟੇਟ ਪੱਧਰੀ ਸਿਖਲਾਈ ਵਿੱਚ ਪੰਜਾਬੀ ਵਿਸ਼ੇ ਦੇ ਸਟੇਟ ਰਿਸੋਰਸ ਪਰਸਨ ਵਜੋਂ ਸਹਿਯੋਗ ਕੀਤਾ ਜਾ ਰਿਹਾ ਹੈ।ਵਿਦਿਆਰਥੀਆਂ ਲਈ ਅਭਿਆਸ ਪਸਤਕਾਂ ਅਤੇ ਅਧਿਆਪਕ ਮੈਨੂਅਲ ਤਿਆਰ ਕਰਨ ਵਿੱਚ ਵੀ ਹਿੱਸਾ ਪਾਇਆ ਜਾਂਦਾ ਹੈ।



ਬਲਜਿੰਦਰ ਮਾਨ
98150 18947

ਸਤਨਾਮ ਸਿੰਘ ਦਾ ਕਹਿਣਾ ਹੈ ਕਿ ਆਧੁਨਿਕ ਸਮੇਂ ਸਕੂਲੀ ਸਿੱਖਿਆ ਵਿੱਚ ਅਧਿਆਪਕ ਨੂੰ ਜਮਾਤੀ ਪਾਠਕ੍ਰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਉਣ ਲਈ ਆਪਣੀ ਮੁਹਾਰਤ ਵਰਤਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਉਸਦੇ ਪਰਉਪਕਾਰੀ ਕਾਰਜਾਂ ਵਿੱਚ ਉਸਦੀ ਜੀਵਨ ਸਾਥਣ ਮਨਦੀਪ ਕੌਰ ਸੈਂਟਰ ਹੈੱਡ ਟੀਚਰ ਦਾ ਵਿਸ਼ੇਸ਼ ਯੋਗਦਾਨ ਹੈ। ਬੇਟੀ ਸ਼ਾਲੀਨ ਕੌਰ ਅਤੇ ਬੇਟਾ ਵਿਸਮਾਦ ਸਿੰਘ ਸੰਘੇੜਾ ਕੈਨੇਡਾ ਵਿੱਚ ਸ਼ਾਨਦਾਰ ਪੈੜਾਂ ਪਾ ਰਹੇ ਹਨ। ਸਤਨਾਮ ਸਿੰਘ ਨੇ ਆਪਣੀ ਸਰਕਾਰੀ ਸੇਵਾ ਦਾ ਆਰੰਭ 8 ਦਸੰਬਰ, 2001 ਨੂੰ ਸਰਕਾਰੀ ਪ੍ਰਾਇਮਰੀ ਸਕੂਲ ਸੁੱਜੋਂ ਤੋਂ ਕੀਤਾ।2016 ਵਿੱਚ ਉਹ ਹੈਡ ਟੀਚਰ ਬਣਕੇ ਬੈਂਸਾਂ, ਨੌਰਾ ਅਤੇ ਰਸੂਲਪੁਰ ਆਦਿ ਸਕੂਲਾਂ ਵਿੱਚ ਸ਼ਾਨਦਾਰ ਪੈੜਾਂ ਪਾਉਂਦੇ ਹੋਏ ਬੱਬਰ ਦਲੀਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਗੋਸਲ ਵਿੱਚ 2021 ਨੂੰ ਪੁੱਜ ਗਏ। ਇਸ ਸਕੂਲ ਨੂੰ ਵੀ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਉਹਨਾਂ ਕੋਈ ਕਸਰ ਬਾਕੀ ਨਾ ਛੱਡੀ।

ਸਤਨਾਮ ਸਿੰਘ ਨੂੰ ਸੈਂਟਰ ਪੱਲੀ-ਝਿੱਕੀ ਦੇ ਸੀਨੀਅਰ ਅਧਿਆਪਕਾਂ ਤੋਂ ਸਕੂਲਾਂ ਵਿੱਚ ਵਾਧੂ ਸਮਾਂ ਲਗਾਉਣ ਅਤੇ ਗਰੁੱਪ ਬਣਾ ਕੇ ਬੱਚਿਆਂ ਨਾਲ਼ ਪੱਧਰਾਂ ਅਨੁਸਾਰ ਕੰਮ ਕਰਵਾਉਣ ਦੀ ਚੇਟਕ ਲੱਗੀ। ਉਸ ਨੇ ਪ੍ਰਬੰਧਕੀ ਕੰਮਾਂ ਦੀ ਪ੍ਰੇਰਨਾ ਅਤੇ ਪਰਿਪੱਕਤਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੁੱਚਾ ਰਾਮ ਤੋਂ ਪ੍ਰਾਪਤ ਹੋਈ। ਉਸਦੇ ਮੁੱਖ ਸ਼ੌਕ ਬਾਗ਼ਬਾਨੀ, ਵਾਤਾਵਰਨ ਦੀ ਸਾਂਭ ਸੰਭਾਲ ਅਤੇ ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕ ਕਰਨਾ ਹੈ।ਵਿਦਿਆਰਥੀਆਂ ਵਿੱਚ ਪੜ੍ਹਨ ਦੀਆਂ ਰੁਚੀਆਂ ਪੈਦਾ ਕਰਨ ਲਈ ਸਲਾਨਾ ਸਕੂਲ ਮੈਗ਼ਜ਼ੀਨ 'ਨੰਨ੍ਹੀਂ-ਸੋ' ਜਾਰੀ ਕੀਤਾ ਜਾਂਦਾ ਹੈ। ਸਕੂਲ ਵਿਚ ਪ੍ਰੋਜੈਕਟਰ ਵਾਲ਼ੇ ਤਿੰਨ ਸ਼ਾਨਦਾਰ ਕਮਰੇ, ਪਾਰਕ, ਸਟੇਜ, ਚਾਰਦੀਵਾਰੀ, ਸੁੰਦਰ ਗੇਟ, ਪ੍ਰਭਾਵਸ਼ਾਲੀ ਬਾਲਾ ਵਰਕ ਅਤੇ ਇੱਕ ਆਡੀਟੋਰੀਅਮ ਬਣਵਾਇਆ ਗਿਆ ਹੈ। ਬੱਬਰ ਦਲੀਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਗੋਸਲ ਵਿਖੇ ਵਿਦਿਆਰਥੀਆਂ ਦੀਆਂ ਵਿੱਦਿਅਕ, ਖੇਡ ਅਤੇ ਸਹਿ ਵਿਦਿਅਕ ਕਿਰਿਆਵਾਂ ਵਿੱਚ ਪ੍ਰਾਪਤੀਆਂ ਦੇਖ ਕੇ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਇਹਨਾਂ ਪ੍ਰਾਪਤੀਆਂ ਪਿੱਛੇ ਸਿਰ ਤੋੜ ਕੋਸ਼ਿਸ਼ਾਂ ਜਾਰੀ ਹਨ। ਇਥੋਂ ਦਾ ਸਟੇਟ ਅਵਾਰਡੀ ਅਧਿਆਪਕ ਸਤਨਾਮ ਸਿੰਘ ਨੈਤਿਕ ਕਦਰਾਂ ਕੀਮਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਰਾਹੀਂ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਵਿਚ ਜੁਟਿਆ ਹੋਇਆ ਹੈ।

## ਬਾਪੂ ਦੀਆਂ ਅਵਾਜ਼ਾਂ

ਭੁੱਲ ਗਈ ਜਵਾਨੀ ਸੋਹਣੇ ਰਸਮ ਰਿਵਾਜਾਂ ਨੂੰ
ਭੁੱਲ ਕਿਵੇਂ ਸਕਦਾ ਹਾਂ ਬਾਪੂ ਦੀਆਂ ਆਵਾਜ਼ਾਂ ਨੂੰ।

ਬਾਲ ਜੋ ਵਰੇਸ ਹੋਵੇ ਫਿਕਰ ਨਾ ਫਾਕਾ ਹੁੰਦੈ
ਰੱਬ ਦੀਆਂ ਰਹਿਮਤਾਂ ਦਾ ਵੱਸਦਾ ਫ਼ਰਾਟਾ ਹੁੰਦੈ
ਕਦੇ ਨਾ ਭੁਲਾਈਏ ਗੁਰਬਾਣੀ ਦਿਆਂ ਰਾਗਾਂ ਨੂੰ...

ਬੌਲਦਾਂ ਦੇ ਗਲ਼ ਹੁਣ ਪੈਂਦੀਆਂ ਨਾ ਟੱਲੀਆਂ
ਨਾ ਆਬੂ ਦਾਣੇ ਭੁੰਨਕੇ ਚਬਾਉਂਦਾ ਕੋਈ ਛੱਲੀਆਂ
ਨਾ ਪੁੱਛਦੀਆਂ ਨਾਰਾਂ ਹੁਣ ਸਿਰ ਦਿਆਂ ਤਾਜਾਂ ਨੂੰ...

ਪਿੰਡ ਵਾਲੀ ਬੋਹੜ ਹੇਠੋਂ ਸੱਥ ਹੁਣ ਉੱਠ ਗਈ
ਦੁੱਧ ਘਿਓ ਮੱਖਣ ਦੀ ਚੂਰੀ ਸਾਥੋਂ ਖੁਸ ਗਈ
ਕਿਹੜੇ ਦੇਸ਼ੋਂ ਲੱਭੀਏ ਨਖਰੇ ਤੇ ਨਾਜ਼ਾਂ ਨੂੰ ...

ਤੂੰਬੀ ਅਲਗੋਜ਼ਾ ਕਿੱਥੇ ਗਈਆਂ ਨੇ ਸਰੰਗੀਆਂ
ਸੁਰਾਂ ਜੋ ਸੁਰੀਲੀਆਂ ਜਾਂਦੀਆਂ ਨਾ ਮੰਗੀਆਂ
ਕਲਾਕਾਰ ਭੁੱਲੀ ਬੈਠੇ ਤਾਂਤੀ ਹੁਣ ਸਾਜਾਂ ਨੂੰ...

ਸਿੱਠਣੀਆਂ ਸੁਹਾਗ ਤੇ ਘੋੜੀਆਂ ਕੋਈ ਗਾਵੇ ਨਾ
ਪਿੰਡ ਵਿੱਚ ਨਾਈ ਕੋਈ ਸਾਹਾ ਲੈ ਕੇ ਆਵੇ ਨਾ
ਭੁੱਲੇ ਭਾਈਚਾਰਾ ਫੜ ਨਵਿਆਂ ਰਿਵਾਜਾਂ ਨੂੰ...

ਉੱਚੇ ਤੇ ਵਿਚਾਰ ਸੁੱਚੇ ਮਾਰ ਗਏ ਉਡਾਰੀਆਂ
ਅਖਾੜਿਆਂ 'ਚ ਗੱਭਰੂ ਨਾ ਕਰਨ ਤਿਆਰੀਆਂ
ਦਿਲ 'ਚ ਵਸਾਈਏ ਸੱਚ ਦੀਆਂ ਆਵਾਜ਼ਾਂ ਨੂੰ..
.
ਸਾਦਾ ਜੋ ਜ਼ਮਾਨਾ ਹੁਣ ਮੁੜ ਕਦੀ ਆਉਂਣਾ ਨਹੀਂ
ਚਾਟੀ 'ਚ ਮਧਾਣੀ ਨੂੰ ਸੁਆਣੀ ਕਦੀ ਪਾਉਣਾ ਨਹੀਂ
ਸੁਣ ਲੈ ਤੂੰ 'ਮਾਨਾ' ਹੁਣ ਸਮੇਂ ਦਿਆਂ ਸਾਜਾਂ ਨੂੰ...

ਬਲਜਿੰਦਰ ਮਾਨ
91-98150 18947

## ਹੋਰ ਹਿੰਮਤ ਨੀਂ

ਸੁੱਖ ਨਾਲ ਸੀ ਵੱਡਾ ਟੱਬਰ
ਨਾਲੇ ਸਭ ਕੰਮ ਸਾਂਝੇ ਸੀ
ਫੇਰ ਵੀ ਮਾਂ ਦਾਦੀ ਦੇ
ਪਿਆਰ ਤੋਂ ਉਹ ਵਾਂਝੇ ਸੀ
ਨਾਲੇ ਰੋਟੀ ਨਾਲੇ ਗੱਲਾਂ
ਨਾਲੇ ਚੁੱਲ੍ਹੇ ਸੇਕ ਲੈਂਦੇ
ਦਾਦੇ ਤੇ ਦਾਦੀ ਨੂੰ ਉਹ
ਮਾਪਿਆਂ ਵਿਚੋਂ ਦੇਖ ਲੈਂਦੇ
ਕੈਸੀ ਉਹ ਘੜੀ ਸੀ ਆਈ
ਕਿੰਨੀਆਂ ਰਾਤਾਂ ਨਾ ਸੋਇਆ ਸੀ
ਭੂਆ ਰਾਣੀ ਦੇ ਜਾਣ ਦੇ ਪਿੱਛੋਂ
ਪਹਿਲੀ ਵਾਰ ਚੇਤੇ ਰੋਇਆ ਸੀ
ਬਾਪੂ ਦਾ ਪਿਆਰ ਵੀ ਉਹਨਾਂ
ਮਿਲਿਆ ਕਿਹੜਾ ਪੂਰਾ ਸੀ
ਅੱਧ ਵਿਚਾਲੇ ਛੱਡ ਗਿਆ
ਰਹਿ ਗਿਆ ਟੱਬਰ ਅਧੂਰਾ ਸੀ
ਬਾਪੂ ਨਾਲੇ ਬੇਬੇ ਦੀ ਵੀ
ਹਿੰਮਤ ਕਿਧਰੇ ਭੱਜ ਗਈ
ਜਿਉਂ ਮੁੱਠੀ ਚੋਂ ਰੇਤ ਖਿਸਕਦੀ
ਹੌਲੀ ਹੌਲੀ ਮੰਜੇ ਨਾਲ ਲੱਗ ਗਈ
ਕਿਸੇ ਦਾ ਵੱਧਕੇ ਕਰਕੇ ਦੇਖਿਆ
ਕਿਉਂ ਐਨਾ ਕੋਈ ਛਾਇਆ ਸੀ
ਕੋਈ ਐਸਾ ਇਲਜ਼ਾਮ ਨਾ ਬਚਿਆ
ਜੋ ਹਿੱਸੇ ਚੇਤੇ ਨਾ ਆਇਆ ਸੀ
ਕੌਣ ਪਿਆਰ ਨਾਲ ਸਮਝਾਵੇ
ਰਹੇ ਨਾ ਤਾਈ ਨਾ ਤਾਏ ਨੇ
ਮਾਫ ਕਰੀਂ ਤੂੰ ਰੱਬਾ ਇਹ
ਕਮਲੀ ਦੇ ਕਮਲੇ ਜਾਏ ਨੇ
ਛੱਡ ਰਹਿਣਦੇ ਬਹੁਤ ਹੋਈ
ਸਮਝ ਤਰਲਾ ਚਲ ਮਿੰਨਤ ਸਹੀ
ਬੱਸ ਰੱਬਾ ਹੁਣ ਹੋਰ ਸਹਿਣ ਦੀ
ਚੇਤੇ ਵਿੱਚ ਤਾਂ ਹਿੰਮਤ ਨਹੀਂ

ਚੇਤਨ ਬਿਰਧਨੋ
9417558971



# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਕਲਸੇੜਾ ਨਾਲ ਮਿਲਕੇ 'ਪੂਨਾ ਪੈਕਟ - ਧੋਖਾ ਦਿਵਸ' ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ



ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ ਕਲਸੇੜਾ ਨਾਲ ਮਿਲਕੇ 'ਪੂਨਾ ਪੈਕਟ – ਧੋਖਾ ਦਿਵਸ' ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਬੀਐਸਪੀ ਦੇ ਸੰਸਥਾਪਕ ਸਵਰਗੀ ਕਾਂਸ਼ੀ ਰਾਮ ਦੇ ਭੈਣ ਬੀਬੀ ਸਵਰਨ ਕੌਰ ਬੁੰਗਾ ਅਤੇ ਐਡਵੋਕੇਟ ਲਖਵੀਰ ਸਿੰਘ ਖੁਆਸਪੁਰਾ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਸਮਾਗਮ ਵਿੱਚ ਵੱਖ ਵੱਖ ਪਿੰਡਾਂ ਤੋਂ ਲੋਕਾਂ ਨੇ ਭਾਗ ਲਿਆ ਅਤੇ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਅਧਿਆਪਕਾ ਰਜਨੀ ਬਾਲਾ ਅਤੇ ਵਿਦਿਆਰਥੀਆਂ ਤਾਨਿਆ, ਰਜਤ, ਤਨਿਸ਼ੂ, ਮੰਨਤ, ਮਾਧਵੀ, ਨੀਤਿਕਾ, ਜਸਪ੍ਰੀਤ ਕੌਰ, ਰੀਤਿਕਾ ਆਦਿ ਨੇ ਜਾਗਰੂਕਤਾ ਸਬੰਧੀ ਪ੍ਰੋਗਰਾਮ ਪੇਸ਼ ਕੀਤੇ। ਇਸ ਮੌਕੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ, ਐਡਵੋਕੇਟ ਲਖਵੀਰ ਸਿੰਘ, ਐਡਵੋਕੇਟ ਨਰੇਸ਼ ਕੁਮਾਰ, ਸਤੀਸ਼ ਕੁਮਾਰ ਮੱਲੀ, ਮਨੋਜ ਕੁਮਾਰ, ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਬਲਬੀਰ ਭਾਟੀਆ, ਤਰਸੇਮ ਸਹੋਤਾ, ਰਾਜਨ ਕੁਮਾਰ ਆਦਿ ਨੇ ਪੂਨਾ ਪੈਕਟ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਇਸ ਕਾਰਨ ਸਮਾਜ ਵਿੱਚ ਪੈਦਾ ਹੋਈ ਚਮਚਾਗਿਰੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰਾਂ ਨੇ ਰਾਜਨੀਤਿਕ ਅਹੁਦਿਆਂ ਐਮ ਐਲ ਏ, ਐਮ ਪੀ, ਮਿਉਂਸੀਪਲ ਕੌਂਸਲਰ ਆਦਿ ਲਈ ਰਿਜ਼ਰਵੇਸ਼ਨ ਲਾਗੂ ਕੀਤੀ ਹੈ ਪਰ ਕਈ ਸਰਕਾਰੀ ਅਦਾਰਿਆਂ ਅਤੇ ਉੱਚ ਸਿੱਖਿਆ ਅਦਾਰਿਆਂ ਵਿੱਚ ਇਹ ਪੂਰੀ ਤਰਾਂ ਲਾਗੂ ਨਹੀਂ ਕੀਤੀ ਗਈ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਮਾੜ੍ਹੀ ਨੀਤੀ ਕਾਰਨ ਅਨੁਸੂਚਿਤ ਵਰਗਾਂ ਨੂੰ ਸਿੱਖਿਆ ਲਈ ਮਿਲਣ ਵਾਲੀਆਂ ਸਹੂਲਤਾਂ ਵਿੱਚ ਘਪਲੇਬਾਜੀ ਹੋ ਰਹੀ ਹੈ ਅਤੇ ਲੋਕਾਂ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਖਵਾਂਕਰਣ ਦਾ ਲਾਭ ਲੈਕੇ ਵੱਖ ਵੱਖ ਅਹੁਦਿਆਂ ਤੇ ਬੈਠੇ ਸਮਾਜ ਦੇ ਆਗੂ ਤਮਾਸ਼ਬੀਨ ਬਣੇ ਹੋਏ ਹਨ ਅਤੇ ਅਪਣੇ ਨਿੱਜੀ ਲਾਭਾਂ ਲਈ ਚੁੱਪ ਬੈਠੇ ਰਹਿੰਦੇ ਹਨ। ਉਨ੍ਹਾਂ ਨੇ ਪੂਨਾ ਪੈਕਟ ਦੇ ਪਿਛੋਕੜ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਕਿਹਾ ਕਿ ਪੂਨਾ ਪੈਕਟ ਕਾਰਨ ਸਮਾਜ ਦੇ ਵਿਕਾਸ ਅਤੇ ਭਲਾਈ ਲਈ ਤਿਆਰ ਕੀਤੇ ਗਏ ਕਮਿਊਨਲ ਐਵਾਰਡ ਨੂੰ ਖਤਮ ਕੀਤਾ ਗਿਆ ਜਿਸ ਕਾਰਨ ਮੂਲ ਨਿਵਾਸੀਆਂ ਅਤੇ ਆਦਿ ਧਰਮੀਆਂ ਦੀ ਹਾਲਤ ਵਿੱਚ ਜਿਆਦਾ ਸੁਧਾਰ ਨਹੀਂ ਹੋਇਆ ਹੈ ਅਤੇ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਇਨ੍ਹਾਂ ਦੀ ਭਲਾਈ ਲਈ ਬਣੀਆਂ ਸਕੀਮਾਂ ਪੂਰੀ ਤਰਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਪੂਨਾ ਪੈਕਟ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਸਮਾਜ ਦੇ ਆਗੂਆਂ ਨੂੰ ਅੱਗੇ ਚੱਲਕੇ ਮੁੰਹਿਮ ਚਲਾਉਣ ਦਾ ਸੁਨੇਹਾ ਦਿਤਾ ਅਤੇ ਸਮਾਜ ਨੂੰ ਵਰਗਲਾਉਣ ਅਤੇ ਵਿਕਾਊ ਬਣਾਉਣ ਵਾਲੇ ਆਗੂਆਂ ਤੋਂ ਸੁਚੇਤ ਹੋਣ ਲਈ ਕਿਹਾ। ਇਸ ਮੌਕੇ ਹਾਜਰ ਆਗੂਆਂ ਨੇ ਡਾਕਟਰ ਅੰਬੇਡਕਰ, ਬਾਬੂ ਮੰਗੂ ਰਾਮ ਮੁਗੋਵਾਲੀਆ ਆਦਿ ਵਲੋਂ ਦਰਸਾਏ ਮਿਸ਼ਨ ਤੇ ਚੱਲਕੇ ਸਮਾਜ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਮਿਸ਼ਨ ਦੇ ਨਾਮ ਤੇ ਸਮਾਜ ਨੂੰ ਵਰਗਲਾਉਣ ਤੇ ਵੇਚਣ ਵਾਲੇ ਆਗੂਆਂ ਦਾ ਚਿਹਰਾ ਸਮਾਜ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਤਾਂ ਜੋ ਅਜਿਹੇ ਦੋਗਲੇ ਆਗੂਆਂ ਨੂੰ ਸਮਾਜ ਕੋਈ ਸਹਿਯੋਗ ਨਾਂ ਦੇਵੇ।

ਇਸ ਮੌਕੇ ਡਾਕਟਰ ਐਸ ਪੀ ਸੰਧੂ, ਪ੍ਰਧਾਨ ਰਕੇਸ਼ ਭਾਟੀਆ, ਦੀਪ ਬਿੰਜੀ, ਹੇਮਰਾਜ, ਹੈਪੀ, ਪਵਨ ਕੁਮਾਰ, ਅਮਰਜੀਤ, ਮੋਤੀ ਲਾਲ, ਵਿਸ਼ਾਲ, ਬਲਬੀਰ ਚੰਦ, ਸ਼ੁਭ ਲਾਲ, ਅਸ਼ਵਨੀ ਕੁਮਾਰ, ਰਜਨੀ ਬਾਲਾ, ਕਿਰਨ, ਪ੍ਰਿਆ, ਰਕੇਸ਼ ਕੁਮਾਰੀ, ਊਸ਼ਾ ਰਾਣੀ, ਪਰਮਜੀਤ, ਸੁਮਨ, ਮਧੂ, ਨਿਲਮ, ਰੇਨੂੰ, ਕਮਲਜੀਤ ਆਦਿ ਹਾਜਰ ਸਨ।

**ਕੁਲਦੀਪ ਚੰਦ, 9417563054**

# ਘੁੰਮਣ ਦੇ ਮੈਦਾਨਾਂ ਚ ਆਇਆ ਪ੍ਰੀਤਾ-ਗਿਆ ਪ੍ਰੀਤਾ, ਅੱਜ ਦੁਨੀਆਂ ਤੋਂ ਸਦਾ ਲਈ ਤੁਰ ਗਿਆ!







ਸੰਸਾਰ ਦੀ ਦੁਨੀਆਂ ਦਾ ਬੇਤਾਜ਼-ਸ਼ਾਹ ਪ੍ਰੀਤਮ ਸਿੰਘ ਪ੍ਰੀਤਾ ਆਪਣੀ ਬੇਅੰਤ ਗਰੋਗ ਦਾ ਅਨਥਕ ਇਓਧਾ, ਦੁਨੀਆ ਦਾ ਰੁਸਤਮ ਹੁਣ ਇਹ ਸੰਸਾਰ ਤੇ ਨਹੀਂ ਹੈ!

ਪ੍ਰੀਤਮ ਸਿੰਘ ਪ੍ਰੀਤਮ ਸਿੰਘ ਦਾ ਨਾਮ ਖੇਡ ਮੇਲਿਆਂ 'ਤੇ ਕਿਲ੍ਹਾ ਵੀਹ ਸਾਲ ਗੁੰਜਦਾ ਹੈ, ਖੇਡ ਮੇਲਾ ਰਾਇਪੁਰ ਦਾ ਸਾਬੋ ਕੀ ਤਲਵੰਡੀ, ਦਮਦਮਾ ਸਾਹਿਬ ਦਾ ਜਾਂ ਫਿਰ ਜਗਤ ਦਾ ਕੋਈ ਹੋਰ? ਸਿੰਘ ਦਾ ਨੇਤਾ ਕੁਮੈਂਟੇਟਰ ਸ: ਨਿਰੰਜਣ ਸਿੰਘ ਹਰਮਿੰਦਰ ਸਿੰਘ ਭੁੱਲਰ।।। ਨਡਾਲੇ ਦੇ ਪ੍ਰੀਤਮ ਦੇ ਰੋਡ ਨੂੰ ਪ੍ਰਗਟ ਕਰਦਾ ਹੈ, ਪ੍ਰਗਟ ਬਈ! ਆਈ ਪ੍ਰੀਤਾ ਤੇ ਗਈ ਪ੍ਰੀਤਾ ! ਇਸ ਦਾ ਰਿਕ-ਾਰਡ ਸੀ ਨੰਬਰ ਨਹੀਂ ਸੀ ਬਦਲਾਓ ਦੇ ਖਾਤੇ 'ਚ ਬਦਲੀ ਹੋ ਸਕਦੀ ਹੈ। ਪ੍ਰੀਤਾ ਆਪਣੇ ਕੱਪੜਿਆਂ ਦਾ ਮਾਣ ਸੀ। 194 ਦਾ ਜਨਮ, ਪਿੰਡ ਡਾਲੇ ਦੇ ਸਕੂਲ ਆਪਣੇ ਤੋਂ ਲੈ ਕੇ ਦਸਵੀਂ ਪਾਸ ਉਸ ਸਮੇਂ ਪੰਜਾਬ ਵਿੱਚ ਚੋਣ ਜਿੱਤਣ ਦੀ ਚੋਣ ਕੀਤੀ ਗਈ। ਮਨਿੰਦਰ ਬੋਲਾ, ਦੇਵ ਅਟਾ, ਸਰਵਣ ਰਮੀਦੀ ਸੂਰਮੌਰ ਜ਼ਾਬਤੇ ਦੇ ਨਾਮ ਦੀ ਜ਼ੁਬਾਨ ਤੇ ਨਿਸ਼ਾਨਾ ਸਨ। ਇੱਕ ਪਾਸੇ ਪੰਜਾਬ ਦੇ ਇਸ ਗੱਲ ਦੇ ਜੁੱਸੇ ਦਾ ਕਹਿਣਾ ਹੈ ਕਿ ਅੰਗਰੇਜਾਂ ਨੂੰ ਭੰਡਣਾ ਚਾਹੀਦਾ ਹੈ। ਪ੍ਰੀਤ ਦੀ ਟੋਰ ਵਿਚ ਮੜਕ, ਖੇਡ ਖੇਡ ਵਿਚ ਮੜਕ...: ਉਹ ਚੁੰਝ ਭਰਦਾ ਟਕਸਾਲੀਆਂ ਦੇ ਜਾਫਿਆਂ ਤੋਂ ਬਾਹਰ ਨਿਕਲਦਾ, ਗੁਸਤਾਖ਼ ਸਾਹਮਣੀ ਹਿੱਕ ਦੇ ਅਟੈਕ ਕਰਨ ਵਾਲੇ, ਜਾਫੀ ਧੌਲ਼ ਨੂੰ ਮਾਰ ਕੇ ਮਾਰਦੇ ਨੇ, ਥਾਪੀ ਮਾਰਦੇ ਕਹਾਣ-ੀਆਂ ਨੇ ਕਈ ਵਾਰ ਧਿਆਨ ਦਿੱਤਾ। ਆਪਣੇ ਆਪ ਨੂੰ ਸੰਭਾਲਣਾ। ਗੜ ਦੇ ਸਾ ਜਾਫੀ, ਮਿੰਦਰ ਬੋਲਾ, ਮਹਾਰਾਜਾ ਜੋਤਾ, ਲੁਧਿਆਣੀਆਂ, ਬਹੁਗਮ ਸਮਾਜ, ਅਤੇ ਫਿਰੋਜ਼ਪੁਰੀਆ ਨਸ਼ਤਰ ਢਾਡੀ, ਪ੍ਰੀਤ ਦੀ ਖੇਡ ਦੇ ਸਮਰੂਪ ਹੋਏ। ਉਹ ਖੇਡ ਮੇਲੇ ਤੋਂ ਪ੍ਰੀਤੇ ਦੇ ਸੰਗ੍ਰਹਿ ਦਾ ਪਤਾ ਲੱਗਦਾ ਹੈ ਜਦੋਂ ਲੋਕੀਂ ਪ੍ਰਗਟਾਵੇ ਨੂੰ ਵੇਖਦੇ ਹੋਏ ਵਹੀ ਘੜ ਕੇ ਅੱਗੇ ਵਧਣ ਦੀ ਥਾਂ 'ਤੇ ਪਹੁੰਚ ਜਾਂਦੇ ਹਨ। ਸੰਨ 1974 ਅਤੇ 1977 'ਚ ਵਾਰ ਉਹ ਪੰਜਾਬ ਦੀ ਪੈਦਾਇਸ਼ ਦਾ ਵਿਰੋਧ ਕਰਦਾ ਹੈ। ਪ੍ਰੀਤਾ ਖੇਡ ਦੇ ਗਰਾਉਂਡ ਵਿੱਚ ਹਾਰ ਲਈ ਜਿੱਤ ਲਈ ਪਕਤਾ ਪੈਦਾ ਹੁੰਦਾ ਸੀ, ਇਸ ਨਾਲ ਪਾਰਟੀ ਦੀ ਸਿਆਸਤ ਨੂੰ ਅਥਲੈਟਿਕਸ ਦੇ ਬਿੰਦੂ ਦਾ ਤਜ਼ਰ ਅਤੇ ਸੁੰਦਰ ਸਰੀਰ ਸੀ। ਖੇਡ ਦੇ ਅੱਗੇ ਤੋਂ ਅਗਲਾ ਪਿਛੋਂ ਵੀ ਪ੍ਰੀਤ ਨੇ ਆਪਣੇ ਆਪ ਨੂੰ ਆਪਣੇ ਆਪ ਨੂੰ ਦੇਖ ਕੇ ਲੋਕ ਸੁਭਾਅ ਸਮਝਿਆ ਸਨ। ਪ੍ਰੀਤਾ ਨੇ ਜਿੱਤ ਨਾਲ ਜਿੱਤ ਨਾਲ ਖੇਡ ਮੇਲਾ ਸ਼ੁਰੂ ਕੀਤਾ, ਧੀਮੀ ਸੁਰਾਂ ਦੀਆਂ ਗੱਲਾਂ ਦੀਆਂ ਗੱਲਾਂ ਦੀਆਂ ਗੱਲਾਂ: ਹਾਅ ਪ੍ਰੀਤਾ ਜਿੱਤ ਨਾਲ ਅੱਜ ਕੱਲ੍ਹ ਰੱਕਦਾ। ਉਨ੍ਹਾਂ ਕਿਹਾ ਕਿ ਮੇਰੇ ਜਾਣ ਨਾਲ ਮੇਰੇ ਖੇਡ ਨੂੰ ਪਿਆਰ ਕਰਨ ਵਾਲੇ ਖੇਡਦੇ ਹਨ, ਦਰ ਇਸ਼ਾਰੇ ਜਾ ਕੇ ਵੇਖ ਕੇ ਦੁਆਵਾਂ ਵਿਚਾਰ ਕਰਿਆ ਕਰ, ਰੱਬਾ... ਦੂਰ ਸੋਹਲਿਆਂ ਨੂੰ ਤੱਤੀ ਵਾਓ ਨਾ ਦੱਸਣਾ। ਭੇਦਭਾਵ ਦਾ ਕੋਈ ਮੁੱਲ ਨਹੀਂ, ਦਿਲ ਦਾ ਬਾਦਸ਼ਾਹ ਬੰਦਾ ਤੇ ਪ੍ਰੀਤਮ ਐਸਿਆਂ ਹੀ ਇੱਕ ਸੀ।

**-ਸਰਬਾ ਦਿਉਲ ਪਿੰਡ ਕੁਰੜ (ਮੋਗਾ)**

# ਅਮਰੀਕਨ ਸੁਖਦੇਵ ਸਾਹਿਲ ਆਏ ਜਨਮ ਭੂਮੀ ਪੰਜਾਬ ਹੋ ਰਹੀਆਂ ਨੇ "ਮਹਿਫ਼ਿਲ ਏ ਸਾਹਿਲ"- ਸੁਸ਼ੀਲ ਦੁਸਾਂਝ

ਓਹ ਆਵਾਜ਼ ਸੁਖਦੇਵ ਸਾਹਿਲ ਜਿਸ ਇੱਕ ਵੇਲੇ ਪੰਜਾਬੀ ਗਾਇਕੀ ਤੇ ਖ਼ੂਬ ਰਾਜ ਕੀਤਾ ਤੇ ਅੱਜ ਵਿਦੇਸ਼ਾਂ ਵਿੱਚ ਕਲਾਸੀਕਲ ਪੰਜਾਬੀ ਗਾਇਕੀ ਨੂੰ ਉਤਸ਼ਾਹਿਤ ਕਰ ਰਹੀ ਹੈ ਯੂ ਐਸ ਏ ਤੋ ਆਪਣੇ ਜਨਮ ਭੂਮੀ ਦੇਸ਼ ਪੰਜਾਬ ਭਾਰਤ ਆਏ ਹਨ।ਕੇਂਦਰੀ ਪੰਜਾਬੀ ਲੇਖਕ ਸਭਾ ਦਾ ਧੰਨਵਾਦ ਜਿਹੜੀ 27 ਸਿਤੰਬਰ ਨੂੰ ਸ਼ਾਮ 4 ਵੱਜ ਕੇ 30 ਮਿੰਟ ਤੋਂ 6 ਵੱਜ ਕਿ 30 ਮਿੰਟ ਤੱਕ ਪਟਿਆਲਾ ਵਿਖੇ "ਮਹਿਫ਼ਿਲ ਏ ਸੁਖਦੇਵ ਸਾਹਿਲ" ਕਰਵਾ ਰਹੀ ਹੈ।ਸੈਮੀਨਾਰ ਹਾਲ ਭਾਸ਼ਾ ਵਿਭਾਗ ਪਟਿਆਲਾ ਵਿਖੇ ਇਹ ਮਹਿਫ਼ਿਲ ਹੋਏਗੀ।ਸਾਹਿਤ ਅਕਾਦਮੀ ਪਟਿਆਲਾ ,ਭਾਈ ਕਾਹਨ ਸਿੰਘ ਵਿਚਾਰ ਮੰਚ ਨਾਭਾ,ਅਦਾਰਾ "ਹੁਣ ' ਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਇਸ




ਮਹਿਫ਼ਿਲ ਨੂੰ ਕਾਮਯਾਬ ਬਣਾਉਣ ਲਈ ਤਹਿ ਦਿਲੋਂ ਸਰਗਰਮ ਹਨ।ਬਹੁਤ ਦੇਰ ਬਾਅਦ ਪੰਜਾਬ ਆ ਕਿ ਆਪਣੇ ਗੀਤਾਂ ਦੀ ਵਰਖਾ ਸਾਹਿਲ ਕਰਨ ਵਾਲੇ ਹਨ।ਇਸ ਮਹਿਫ਼ਲ ਦੇ ਮੁੱਖ ਮਹਿਮਾਨ ਜਸਵੰਤ ਸਿੰਘ ਜ਼ਫ਼ਰ ਤੇ ਪ੍ਰਧਾਨਗੀ ਡਾਕਟਰ ਦੀਪਕ ਮਨਮੋਹਨ ਸਿੰਘ ਕਰਨਗੇ ।ਸੁਸ਼ੀਲ ਦੁਸਾਂਝ,ਦਰਸ਼ਨ ਬੁੱਟਰ ਤੇ ਹਰਜਿੰਦਰ ਅਟਵਾਲ ਸਾਰੇ ਇਸ ਮਹਿਫ਼ਲ ਦੇ ਤਲਬਗਾਰ ਹਨ।ਸੁਖਦੇਵ ਸਾਹਿਲ ਪੰਜਾਬ ਦੇ ਸ਼ਹਿਰ ਫਗਵਾੜਾ ਤੋਂ ਚਲ ਕਿ ਪੂਰੇ ਪੰਜਾਬ ਦੇ ਚਹੇਤੇ ਗਾਇਕ ਬਣੇ ਤੇ ਫਿਰ ਭਾਰਤ ਤੇ ਫਿਰ ਅਚਾਨਕ ਕਿਰਪਾ ਹੋਈ ਯੂ ਐਸ ਏ ਗਏ ਤੇ ਓਥੋਂ ਦੇ ਸਿਟੀਜਨ ਹਨ ਤੇ ਸ਼ਿੱਦਤ ਤੋਂ ਭਾਰਤ ਆਓਣ ਦਾ ਓਹਨਾਂ ਦਾ ਇੰਤਜ਼ਾਰ ਕੀਤਾ ਜਾ ਰਿਹਾ ਸੀ।

**ਪੇਸ਼ਕਸ਼- ਅੰਮ੍ਰਿਤ ਪਵਾਰ**


# ਸਾਡੇ ਪਿੰਡ ਦੇ ਪਾਣੀ ਵਾਲਾ ਗਾਇਕ 'ਗੁਰਸ਼ਬਦ' ਅਤੇ ਅੰਬਰਸਰ ਦੇ ਗੇੜੇ ਵਾਲਾ 'ਬੰਨੀ ਜੌਹਲ'



**ਔਕਲੈਂਡ (ਰਜਿੰਦਰ ਸਿੰਘ ਬਸਿਆਲਾ)-** ਪੰਜਾਬੀ ਗੀਤਾਂ ਦੀ ਪਟਾਰੀ ਦੇ ਵਿਚ ਬਹੁਤ ਸਾਰੇ ਅਜਿਹੇ ਗਾਇਕ ਹਨ ਜਿਨ੍ਹਾਂ ਦੇ ਗਾਏ ਗੀਤ ਤੁਹਾਨੂੰ ਨੌਜਵਾਨੀ ਤੋਂ ਨਾਲ ਤੋਰਦੇ ਹਨ ਅਤੇ ਜ਼ਿੰਦਗੀ ਦੇ ਅਗਲੇ ਪੜਾਵਾਂ ਤੱਕ ਲੈ ਜਾਂਦੇ ਹਨ। ਅਜਿਹੇ ਹੀ ਦੋ ਨੌਜਵਾਨ ਗਾਇਕ ਕਲਾਕਾਰ ਹਨ ਗੁਰਸ਼ਬਦ ਅਤੇ ਬੰਨੀ ਜੌਹਲ। ਇਹ ਦੋਵੇਂ ਕਲਾਕਾਰ 19 ਅਕਤੂਬਰ ਦਿਨ ਸ਼ਨੀਵਾਰ ਨੂੰ ਬੀ। ਐਨ। ਜ਼ੈਡ ਥੀਏਟਰ (ਡਿਊ ਡ੍ਰਾਪ ਈਵੈਂਟ ਸੈਂਟਰ ਮੈਨੁਕਾਓ) ਵਿਖੇ ਲਾਈਵ ਸ਼ੋਅ 'ਅਸ਼ਕੇ ਲਾਈਵ ਟੂਰ ਔਕਲੈਂਡ' ਦੇ ਲਈ ਸ਼ਾਮ 7।30 ਵਜੇ ਪਹੁੰਚ ਰਹੇ ਹਨ। ਬੈਂਸ ਹਾਰਟੀਕਲਚਰ (ਗੋਪਾ ਬੈਂਸ) ਅਤੇ ਰੀਝਾਂ ਫਿਲਮਜ਼ ਵਾਲੇ ਇਹ ਇਕ ਸਟੇਜ ਉਤੇ ਡਬਲ ਸ਼ੋਅ ਲੈ ਕੇ ਆ ਰਹੇ ਹਨ। ਡਬਲ ਸ਼ੋਅ ਨੂੰ ਚੌਗੁਣਾ ਕਰਨ ਦੇ ਲਈ ਸਥਾਨਿਕ ਗਾਇਕ ਸੁੱਖ ਢੀਂਡਸਾ ਅਤੇ ਸੱਤਾ ਵੈਰੋਵਾਲੀਆ ਵੀ ਪੂਰੀ ਤਿਆਰੀ ਦੇ ਵਿਚ ਹਨ। ਅੱਜ ਸ਼ਾਮ ਇਸ ਸ਼ੋਅ ਸਬੰਧੀ ਰੰਗਦਾਰ ਪੋਸਟਰ ਅੱਜ ਇੰਡੀਆ ਈਟਰੀ ਪਾਪਾਕੁਰਾ ਵਿਖੇ ਸ਼ੋਅ ਪ੍ਰੋਮੋਟਰ ਸਾਵੀ ਬਾਠ (ਸਾਬੀ ਬੀ ਕ੍ਰੀਏਸ਼ਨ) ਅਤੇ ਕੰਵਰ ਗੋਰਾਇਆ ਵੱਲੋਂ ਜਾਰੀ ਕੀਤਾ ਗਿਆ। ਪੋਸਟਰ ਜਾਰੀ ਕਰਨ ਵੇਲੇ ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਬਾਲੀਵੁੱਡ ਤੇ ਪਾਲੀਵੁੱਡ ਕਲਾਕਾਰ ਸ। ਅਰਵਿੰਦਰ ਸਿੰਘ ਭੱਟੀ ਨੇ ਸਵਾਗਤੀ ਸ਼ਬਦਾਂ ਨਾਲ ਕੀਤੀ।

# 28 ਸਤੰਬਰ ਅੰਤਰਰਾਸ਼ਟਰੀ ਸੁਰੱਖਿਅਤ ਗਰਭ ਸਮਾਪਨ ਦਿਵਸ ਸਬੰਧੀ ਵਿਸ਼ੇਸ਼

28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਹਰ ਸਾਲ ਇਹ ਮੁਹਿੰਮ ਸੁਰੱਖਿਅਤ ਗਰਭਸਮਾਪਨ ਦੇ ਅਧਿਕਾਰਾਂ ਅਤੇ ਪ੍ਰਜਨਨ ਨਿਆਂ ਲਈ ਏਕਤਾ ਵਿੱਚ ਖੜੇ ਹੋਣ ਲਈ ਵਿਸ਼ਵ ਭਰ ਦੇ ਕਾਰਕੁਨਾਂ ਅਤੇ ਸੰਗਠਨਾਂ ਨੂੰ ਇੱਕਜੁੱਟ ਕਰਦਾ ਹੈ। ਭਾਰਤ ਵਿੱਚ ਕਾਮਨਹੈਲਥ ਵਲੋਂ ਵੱਖ ਵੱਖ ਸੰਗਠਨਾ ਨਾਲ ਮਿਲਕੇ ਇਸ ਸਬੰਧੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਹਰ ਸਾਲ ਵੱਖ ਵੱਖ ਥਾਵਾਂ ਤੇ ਇਸ ਸਬੰਧੀ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਸਾਲ 1990 ਵਿੱਚ ਲੈਟਿਨ ਅਮਰੀਕਾ ਅਤੇ ਕੈਰੇਬੀਅਨ ਵਿੱਚ ਗਰਭਸਮਾਪਨ ਦੀ ਘੋਸ਼ਣਾ ਕਰਨ ਲਈ ਕਾਰਵਾਈ ਦਿਵਸ ਵਜੋਂ ਮਨਾਇਆ ਗਿਆ ਸੀ ਜਿੱਥੇ ਔਰਤਾਂ ਦੇ ਸਮੂਹ ਪਿਛਲੇ ਦੋ ਦਹਾਕਿਆਂ ਤੋਂ 28 ਸਤੰਬਰ ਦੇ ਆਸਪਾਸ ਲਾਮਬੰਦ ਹੋ ਰਹੇ ਸਨ ਅਤੇ ਆਪਣੀਆਂ ਸਰਕਾਰਾਂ ਤੋਂ ਗਰਭਸਮਾਪਨ ਨੂੰ ਗੈਰ-ਅਪਰਾਧਕ ਬਣਾਉਣ, ਸੁਰੱਖਿਅਤ ਅਤੇ ਕਿਫਾਇਤੀ ਗਰਭਸਮਾਪਨ ਤੱਕ ਪਹੁੰਚ ਪ੍ਰਦਾਨ ਕਰਨ ਦੀ ਮੰਗ ਕਰ ਰਹੇ ਸਨ। ਸਾਲ 2011 ਵਿੱਚ ਮਹਿਲਾਵਾਂ ਦੇ ਗਲੋਂਵਲ ਨੈਟਵਰਕ ਫਾਰ ਰਿਪ੍ਰੋਡਕਟਿਵ ਰਾਇਟਸ ਨੇ ਇਸ ਨੂੰ ਅੰਤਰਰਾਸ਼ਟਰੀ ਦਿਵਸ ਵਜੋਂ ਘੋਸ਼ਿਤ ਕੀਤਾ ਹੈ। 28 ਸਤੰਬਰ ਦਾ ਦਿਨ ਸਾਲ 1871 ਵਿੱਚ ਬ੍ਰਾਜੀਲ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਜਨਮ ਨਿਰਮਾਣ ਦੇ ਕਨੂੰਨ ਦੀ ਯਾਦ ਦਿਵਾਉਣ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਕਨੂੰਨ ਉਸ ਸਮੇਂ ਇੱਕ ਮਹੱਤਵਪੂਰਨ ਕਨੂੰਨੀ ਸੁਧਾਰ ਸੀ ਜਿਸਦਾ ਉਦੇਸ਼ ਬ੍ਰਾਜ਼ੀਲ ਵਿੱਚ ਗੁਲਾਮ ਲੋਕਾਂ ਦੇ ਬੱਚਿਆਂ ਨੂੰ ਅਜ਼ਾਦੀ ਪ੍ਰਦਾਨ ਕਰਨਾ ਸੀ। ਸਾਲ 2015 ਵਿੱਚ ਇਸ ਦਿਨ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਵਿੱਚ ਬਦਲਿਆ ਗਿਆ ਅਤੇ ਲੱਗਭੱਗ 87 ਦੇਸ਼ਾਂ ਵਿੱਚ ਸਮਾਜਿਕ ਸੰਸਥਾਵਾਂ ਦੁਆਰਾ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਅਤੇ 28 ਸਤੰਬਰ 2019 ਨੂੰ ਮਾਲਟਾ ਵਿੱਚ ਗਰਭਸਮਾਪਨ ਦੇ ਕਨੂੰਨੀਕਰਣ ਦੇ ਹੱਕ ਵਿੱਚ ਪ੍ਰਦਰਸ਼ਨ ਕੀਤਾ ਗਿਆ ਹੈ। ਬਹੁਤ ਸਾਰੇ ਦੇਸ਼ਾਂ ਜ਼ਿਆਦਾਤਰ ਅਫਰੀਕੀ ਦੇਸ਼ਾਂ ਵਿੱਚ ਗਰਭਸਮਾਪਨ ਤੇ ਜਾਂ ਤਾਂ ਪੂਰੀ ਤਰ੍ਹਾਂ ਨਾਲ ਬੰਦਿਸ਼ ਹੈ ਜਾਂ ਸਿਰਫ ਮਾਂ ਦੀ ਜਾਨ ਬਚਾਉਣ ਲਈ ਹੀ ਇਜ਼ਾਜ਼ਤ ਦਿੱਤੀ ਜਾਂਦੀ ਹੈ। ਕੁਝ ਏਸ਼ੀਆਈ ਦੇਸ਼ਾਂ ਵਿੱਚ ਗਰਭਸਮਾਪਨ ਦੀ ਕਾਨੂੰਨ ਦੁਆਰਾ ਸ਼ਰਤਾਂ ਅਨੁਸਾਰ ਇਜਾਜ਼ਤ ਦਿੱਤੀ ਜਾਂਦੀ ਹੈ ਅਤੇ ਕਈ ਦੇਸ਼ਾਂ ਵਿੱਚ ਪਾਬੰਦੀਸ਼ੁਦਾ ਹੈ ਅਤੇ ਔਰਤਾਂ ਨੂੰ ਭਾਰੀ ਖਰਚੇ ਅਤੇ ਢੁਕਵੀਂ ਗਰਭਸਮਾਪਨ ਦੇਖਭਾਲ ਦੀ ਅਸਮਰਥਤਾ ਨਾਲ ਜੂਝਣਾ ਪੈਂਦਾ ਹੈ। ਕਈ ਯੂਰਪੀ ਦੇਸ਼ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਵਿਰੋਧੀ ਸਮੂਹਾਂ ਦੁਆਰਾ ਭਿਆਨਕ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਾਨੂੰਨੀ ਅਤੇ ਵਿੱਤੀ ਪਾਬੰਦੀਆਂ ਲਗਾਕੇ ਕਲੰਕ ਅਤੇ ਵਿਤਕਰੇ ਨੂੰ ਪੇਸ਼ ਕਰਕੇ ਅਤੇ ਗਰਭਸਮਾਪਨ ਦੀ ਦੇਖਭਾਲ ਤੱਕ ਪਹੁੰਚ ਵਿੱਚ ਰੁਕਾਵਟ ਪਾਕੇ ਔਰਤਾਂ ਦੀ ਪ੍ਰਜਣਨ ਆਜ਼ਾਦੀ ਨੂੰ ਘਟਾਉਣਾ ਚਾਹੁੰਦੇ ਹਨ। ਉੱਪਰ ਦੱਸੇ ਗਏ ਸਾਰੇ ਕਾਰਕ ਔਰਤਾਂ ਲਈ ਆਪਣੇ ਮਨੁੱਖੀ ਅਧਿਕਾਰਾਂ ਦੀ ਪੂਰੀ ਤਰ੍ਹਾਂ ਵਰਤੋਂ ਕਰਨ ਲਈ ਗੰਭੀਰ ਰੁਕਾਵਟਾਂ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਸਮਾਪਨ ਹੁੰਦੇ ਹਨ। ਭਾਰਤ ਵਿੱਚ 56 ਫਿਸਦੀ ਗਰਭਸਮਾਪਨ ਅਸੁਰੱਖਿਅਤ ਹੁੰਦੇ ਹਨ ਅਤੇ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਸਮਾਪਨ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਸਮਾਪਨ ਕਾਰਨ ਔਸਤਨ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਲੇਸੈਂਟ ਗਲੋਂਵਲ ਹੈਲਥ ਜਰਨਲ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ 1.56 ਕਰੋੜ੍ਹ ਗਰਭਪਾਤਾਂ ਵਿਚੋਂ ਸਿਰਫ 30.4 ਲੱਖ ਗਰਭਸਮਾਪਨ ਹੀ ਸਿਹਤ ਸਹੂਲਤਾਂ ਵਾਲੇ ਅਦਾਰਿਆਂ ਵਿੱਚ ਕੀਤੇ ਗਏ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਹੋਣ ਵਾਲੇ ਗਰਭਪਾਤਾਂ ਵਿੱਚੋਂ ਲੱਗਭੱਗ 20 ਫਿਸਦੀ ਜਨਤਕ ਸਿਹਤ ਅਦਾਰਿਆਂ ਵਿੱਚ ਕੀਤੇ ਜਾਂਦੇ ਹਨ, ਲੱਗਭੱਗ 53 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੀਤੇ ਜਾਂਦੇ ਹਨ ਅਤੇ ਲੱਗਭੱਗ 27 ਫਿਸਦੀ ਗਰਭਸਮਾਪਨ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਸਮਾਪਨ ਕਰਵਾਉਣ ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਸਮਾਪਨ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਗਰਭਸਮਾਪਨ ਦਾ ਨਾਮ ਸੁਣਦਿਆਂ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਕਈ ਤਰ੍ਹਾਂ ਦੇ ਖਿਆਲ ਆਂਦੇ ਹਨ ਅਤੇ ਕਿਸੇ ਮਹਿਲਾ ਵਲੋਂ ਗਰਭਸਮਾਪਨ ਕਰਵਾਉਣ ਬਾਰੇ ਪਤਾ ਲੱਗਣ ਤੇ ਉਸਨੂੰ ਕਈ ਥਾਵਾਂ ਤੇ ਅਪਰਾਧਣ ਅਤੇ ਪਾਪਣ ਤੱਕ ਵੀ ਮੰਨਿਆ ਜਾਂਦਾ ਹੈ। ਸਮਾਜ ਵਿੱਚ ਲੜਕਿਆਂ ਦੇ ਮੁਕਾਬਲੇ ਘੱਟ ਰਹੀ ਲੜਕੀਆਂ ਦੀ ਗਿਣਤੀ ਦਾ ਕਾਰਨ ਵੀ ਅਕਸਰ ਗਰਭਸਮਾਪਨ ਨੂੰ ਹੀ ਮੰਨਿਆਂ ਜਾਂਦਾ ਹੈ। ਗਰਭਸਮਾਪਨ ਲਈ ਬਣਾਏ ਗਏ ਐਮਟੀਪੀ ਐਕਟ 1971 ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਸਮਾਪਨ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਬਹੁਤੀਆਂ ਮਹਿਲਾਵਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਕਈਆਂ ਨੂੰ ਮਜਬੂਰਨ ਅਸੁਰੱਖਿਅਤ ਗਰਭਸਮਾਪਨ ਹੀ ਕਰਵਾਉਣਾ ਪੈਂਦਾ ਹੈ ਜਿਸ ਨਾਲ ਕਈ ਵਾਰ ਮਹਿਲਾਵਾਂ ਦੀ ਮੋਤ ਵੀ ਹੋ ਜਾਂਦੀ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਹਰ ਸਾਲ ਲੱਗਭੱਗ ਸੱਤ ਲੱਖ ਗਰਭਸਮਾਪਨ ਜਿਸ ਵਿੱਚ ਪ੍ਰਾਈਵੇਟ ਸਿਹਤ ਅਦਾਰਿਆਂ ਅਤੇ ਘਰਾਂ ਵਿੱਚ ਕੀਤੇ ਜਾਣ ਵਾਲੇ ਗਰਭਸਮਾਪਨ ਸ਼ਾਮਿਲ ਨਹੀਂ ਹਨ ਕੀਤੇ ਜਾਂਦੇ ਹਨ। ਇਸ ਸਾਲ 28 ਸਤੰਬਰ ਅੰਤਰਰਾਸ਼ਟਰੀ ਸੁਰੱਖਿਅਤ ਗਰਭਸਮਾਪਨ ਦਿਵਸ ਤੇ ਸੁਰੱਖਿਅਤ ਗਰਭ-ਸਮਾਪਨ ਅਤੇ ਪ੍ਰਜਨਨ ਨਿਆਂ ਤੱਕ ਪਹੁੰਚ ਕਰਨ ਦੇ ਅਧਿਕਾਰ ਨੂੰ ਅੱਗੇ ਵਧਾਉਣ ਲਈ ਵਿਭਿੰਨ, ਅੰਤਰ-ਪੀੜ੍ਹੀ, ਅਤੇ ਸਰਹੱਦ ਪਾਰ ਭਾਈਚਾਰੇ ਦੇ ਸਮੂਹਿਕ ਯਤਨਾਂ ਨੂੰ ਉਜਾਗਰ ਕੀਤਾ ਜਾ




ਰਿਹਾ ਹੈ। ਇਸ ਸਾਲ ਲਈ ਦੱਸੀਆਂ ਗਈਆਂ ਕਾਰਵਾਈਆਂ ਵਿੱਚ ਇੱਕ ਸਥਾਨਕ ਲਾਮਬੰਦੀ ਵਿੱਚ ਸ਼ਾਮਲ ਹੋਣਾ, ਸਮਾਗਮਾਂ ਦਾ ਆਯੋਜਨ ਕਰਨਾ, ਸੋਸ਼ਲ ਮੀਡੀਆ ਮੁਹਿੰਮਾਂ ਚਲਾਉਣਾ ਅਤੇ ਭਾਈਚਾਰੇ ਅਤੇ ਦੁਨੀਆ ਭਰ ਵਿੱਚ ਕਾਰਕੁਨਾਂ ਨਾਲ ਕਾਰਵਾਈ ਕਰਨਾ ਸ਼ਾਮਲ ਹਨ। ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਹਰ ਕਿਸੇ ਦੀ ਸੁਰੱਖਿਅਤ ਅਤੇ ਕਾਨੂੰਨੀ ਗਰਭਸਮਾਪਨ ਦੇਖਭਾਲ ਦੇ ਨਾਲ-ਨਾਲ ਵਿਆਪਕ ਜਿਣਸੀ ਅਤੇ ਪ੍ਰਜਣਨ ਸਿਹਤ ਸੇਵਾਵਾਂ ਤੱਕ ਪਹੁੰਚ ਹੋਵੇ। ਅਰਜਨਟਾਇਨਾ, ਦੱਖਣੀ ਕੋਰੀਆ, ਥਾਇਲੈਂਡ, ਇਕਵਾਡੋਰ ਅਤੇ ਦੱਖਣੀ ਅਸਟ੍ਰੇਲੀਆ ਵਿੱਚ ਗਰਭਸਮਾਪਨ ਸਬੰਧੀ ਕਨੂੰਨਾਂ ਵਿੱਚ ਪ੍ਰਗਤੀਸ਼ੀਲ ਸੁਧਾਰ ਕੀਤੇ ਗਏ ਹਨ ਅਤੇ ਆਇਰਲੈਂਡ, ਬ੍ਰਿਟੇਨ, ਫਰਾਂਸ, ਅਮਰੀਕਾ, ਨੇਪਾਲ ਅਤੇ ਹੋਰ ਥਾਵਾਂ ਤੇ ਗਰਭਸਮਾਪਨ ਦੀਆਂ ਗੋਲੀਆਂ ਉਪਲੱਬਦ ਕਰਵਾਉਣ ਲਈ ਟੈਲੀਮੈਡੀਸਿਨ ਦੀ ਵਰਤੋਂ ਕੀਤੀ ਗਈ ਹੈ। ਗੋਲੀਆਂ ਦੇ ਨਾਲ ਸਵੈ-ਪ੍ਰਬੰਧਿਤ ਗਰਭਸਮਾਪਨ ਨੂੰ 12 ਹਫ਼ਤਿਆਂ ਤੱਕ ਸੁਰੱਖਿਅਤ ਮੰਨਿਆ ਗਿਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਦੁਆਰਾ ਨਵੀਂ ਸੇਧ ਦਿੱਤੀ ਗਈ ਹੈ। ਸੁਰੱਖਿਅਤ ਗਰਭਸਮਾਪਨ ਦੇ ਹੱਕ ਲਈ ਸੰਸਾਰ ਭਰ ਵਿੱਚ ਮੁਹਿੰਮ ਦੇ 100 ਸਾਲਾਂ ਦੇ ਬਾਵਜੂਦ ਗਰਭਸਮਾਪਨ ਦਾ ਲਗਾਤਾਰ ਅਪਰਾਧੀਕਰਨ ਹਰ ਸਾਲ ਅਣਗਿਣਤ ਹਜ਼ਾਰਾਂ ਔਰਤਾਂ ਨੂੰ ਨੁਕਸਾਨ ਪਹੁੰਚਾਉਦਾ ਹੈ। ਅਸੁਰੱਖਿਅਤ ਗਰਭਸਮਾਪਨ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਸੀ "ਕਿਸੇ ਵਿਅਕਤੀ ਦੁਆਰਾ ਕੀਤੀ ਗਈ ਗਰਭ ਅਵਸਥਾ ਨੂੰ ਖਤਮ ਕਰਨ ਦੀ ਇੱਕ ਪ੍ਰਕਿਰਿਆ ਜਿਸ ਕੋਲ ਲੋੜੀਂਦੀ ਸਿਖਲਾਈ ਨਹੀਂ ਹੈ ਜਾਂ ਘੱਟੋ ਘੱਟ ਡਾਕਟਰੀ ਮਾਪਦੰਡਾਂ ਦੇ ਅਨੁਕੂਲ ਵਾਤਾਵਰਣ ਵਿੱਚ ਨਹੀਂ ਹੈ" ਹਾਲਾਂਕਿ ਗਰਭਸਮਾਪਨ ਤਕਨਾਲੋਜੀ ਦੇ ਹੁਣ ਸੁਰੱਖਿਅਤ ਹੋਣ ਦੇ ਨਾਲ ਇਸਦੀ ਥਾਂ ਸੁਰੱਖਿਅਤ, ਘੱਟ ਸੁਰੱਖਿਅਤ ਅਤੇ ਘੱਟ ਸੁਰੱਖਿਅਤ ਦੇ ਤਿੰਨ-ਪੱਧਰੀ ਵਰਗੀਕਰਣ ਦੁਆਰਾ ਬਦਲ ਦਿੱਤੀ ਗਈ ਹੈ ਜੋ ਵੱਖੋ-ਵੱਖਰੀਆਂ ਸਥਿਤੀਆਂ ਜੋ ਅਸੁਰੱਖਿਅਤ ਗਰਭਸਮਾਪਨ ਅਤੇ ਖਤਰਨਾਕ ਦੇ ਵਧਦੇ ਵਿਆਪਕ ਬਦਲ ਨੂੰ ਬਣਾਉਂਦੇ ਹਨ ਦੇ ਵਰਣਨ ਦੀ ਆਗਿਆ ਦਿੰਦੀ ਹੈ। ਸੁਰੱਖਿਅਤ ਗਰਭਸਮਾਪਨ ਹੈਲਥ ਕੇਅਰ ਵਰਕਰਾਂ ਦੁਆਰਾ ਅਤੇ ਵਿਸ਼ਵ ਸਿਹਤ ਸੰਗਠਨ ਦੁਆਰਾ ਸਿਫ਼ਾਰਿਸ਼ ਕੀਤੇ ਤਰੀਕਿਆਂ ਨਾਲ ਪ੍ਰਦਾਨ ਕੀਤਾ ਜਾਂਦਾ ਹੈ। ਘੱਟ-ਸੁਰੱਖਿਅਤ ਗਰਭਸਮਾਪਨ ਸਿਖਲਾਈ ਪ੍ਰਾਪਤ ਪ੍ਰਦਾਤਾਵਾਂ ਦੁਆਰਾ ਗੈਰ-ਸਿਫ਼ਾਰਸ਼ ਕੀਤੇ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਜਾਂ ਇੱਕ ਸੁਰੱਖਿਅਤ ਢੰਗ ਦੀ ਵਰਤੋਂ ਕਰਦੇ ਹੋਏ ਪਰ ਕਿਸੇ ਸਿਖਲਾਈ ਪ੍ਰਾਪਤ ਵਿਅਕਤੀ ਤੋਂ ਲੋੜੀਂਦੀ ਜਾਣਕਾਰੀ ਜਾਂ ਸਹਾਇਤਾ ਤੋਂ ਬਿਨਾਂ ਕੀਤਾ ਜਾਂਦਾ ਹੈ। ਘੱਟ-ਸੁਰੱਖਿਅਤ ਗਰਭਸਮਾਪਨ ਖਤਰਨਾਕ, ਹਮਲਾਵਰ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਇੱਕ ਸਿੱਖਿਅਤ ਪ੍ਰਦਾਤਾ ਦੁਆਰਾ ਕੀਤਾ ਜਾਂਦਾ ਹੈ। ਭਾਰਤ ਵਿੱਚ 1971 ਤੋਂ ਪਹਿਲਾਂ ਗਰਭਸਮਾਪਨ ਗੈਰ ਕਨੂੰਨੀ ਅਤੇ ਸਜ਼ਾਯੋਗ ਅਪਰਾਧ ਮੰਨਿਆ ਜਾਂਦਾ ਸੀ। ਭਾਰਤ ਵਿੱਚ ਗਰਭਸਮਾਪਨ ਦੇ ਸਮਾਜਿਕ-ਸੰਸਕ੍ਰਿਤਿਕ, ਕਨੂੰਨੀ ਅਤੇ ਵਿਧਾਨਿਕ ਸਬੰਧੀ ਪਹਿਲੂਆਂ ਦੀ ਸਮੀਖਿਆ ਲਈ 1964 ਵਿੱਚ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ਗਿਆ। ਸਾਲ 1966 ਵਿੱਚ ਇਸ ਕਮੇਟੀ ਦੀਆਂ ਸਿਫਾਰਿਸ਼ਾਂ ਤੇ ਕੁੱਝ ਵਿਸ਼ੇਸ ਹਾਲਤਾਂ ਵਿੱਚ ਗਰਭਸਮਾਪਨ ਸੇਵਾਵਾਂ ਨੂੰ ਕਨੂੰਨੀ ਤੋਰ ਤੇ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਅਤੇ ਬਿੱਲ ਪੇਸ਼ ਕੀਤਾ ਗਿਆ ਜਿਸਨੇ ਬਾਦ ਵਿੱਚ ਐਮਟੀਪੀ ਐਕਟ 1971 ਦਾ ਰੂਪ ਲਿਆ ਹੈ। ਸਾਲ 1975 ਵਿੱਚ ਇਸ ਸਬੰਧੀ ਨਿਯਮ ਬਣਾਏ ਗਏ ਹਨ। ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਾਲ 2021 ਵਿੱਚ ਐਕਟ ਵਿੱਚ ਕੁਝ ਸੋਧਾਂ ਦੇ ਨਾਲ ਪਾਸ ਕੀਤਾ ਗਿਆ ਸੀ ਜਿਸ ਵਿੱਚ ਸਾਰੀਆਂ ਔਰਤਾਂ ਨੂੰ ਗਰਭ ਨਿਰੋਧਕ ਅਸਫਲਤਾ ਦੇ ਆਧਾਰ ਤੇ ਸੁਰੱਖਿਅਤ ਗਰਭਸਮਾਪਨ ਸੇਵਾਵਾਂ ਲੈਣ ਦੀ ਇਜਾਜ਼ਤ, ਔਰਤਾਂ ਦੀਆਂ ਵਿਸ਼ੇਸ਼ ਸ਼੍ਰੇਣੀਆਂ ਲਈ ਗਰਭ ਅਵਸਥਾ ਦੀ ਸੀਮਾ 24 ਹਫ਼ਤਿਆਂ ਤੱਕ ਵਧਾਉਣ ਅਤੇ ਇੱਕ ਪ੍ਰਦਾਤਾ ਦੀ ਰਾਏ ਸ਼ਾਮਲ ਹੈ। ਗਰਭਸਮਾਪਨ ਹੁਣ 24 ਹਫ਼ਤਿਆਂ ਦੀ ਗਰਭ ਅਵਸਥਾ ਤੱਕ ਕੀਤਾ ਜਾ ਸਕਦਾ ਹੈ। ਗਰਭਸਮਾਪਨ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੂਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100ਗ ਕਵਰ ਕੀਤਾ ਜਾਂਦਾ ਹੈ। ਭਾਰਤ ਵਿੱਚ ਗਰਭਸਮਾਪਨ ਸਬੰਧੀ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਗਰਭਸਮਾਪਨ ਦੇ ਅਸੁਰੱਖਿਅਤ ਤਰੀਕਿਆਂ ਦਾ ਸਹਾਰਾ ਲੈਂਦੀਆਂ ਹਨ। ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਵਿੱਚ 25 ਮਾਰਚ ਤੋਂ ਦੇਸ਼ ਵਿਆਪੀ ਲੌਕਡਾਊਨ ਲਾਗੂ ਕੀਤਾ ਗਿਆ ਜਿਸ ਨਾਲ ਗਰਭ ਨਿਰੋਧਕ ਅਤੇ ਸੁਰੱਖਿਅਤ ਗਰਭਸਮਾਪਨ ਦੀ ਪਹੁੰਚ ਤੇ ਮਾੜਾ ਅਸਰ ਪਿਆ। ਦੇਸ਼ ਵਿੱਚ 20 ਮਿਲੀਅਨ ਤੋਂ ਵੱਧ ਜੋੜੇ ਗਰਭ ਨਿਰੋਧਕ ਦਾ ਲਾਭ ਲੈਣ ਅਤੇ ਅਣਇੱਛਤ ਗਰਭ ਅਵਸਥਾ ਨੂੰ ਖਤਮ ਕਰਨ ਤੋਂ ਬਾਂਝੇ ਰਹਿ ਗਏ ਸਨ। ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੀ ਬੈਂਚ ਨੇ 29 ਸਤੰਬਰ 2022 ਨੂੰ ਕੁਝ ਫੈਸਲੇ ਕੀਤੇ ਸਨ। ਇਹ ਫੈਸਲਾ ਔਰਤਾਂ ਦੇ ਸ਼ਰੀਰਕ ਖੁਦਮੁਖਤਿਆਰੀ, ਜਿਣਸੀ ਅਤੇ ਪ੍ਰਜਣਨ ਵਿਕਲਪਾਂ ਦੇ ਅਧਿਕਾਰ, ਅਣਵਿਆਹੀਆਂ ਔਰਤਾਂ ਨੂੰ ਕਾਨੂੰਨ ਦੇ ਬਰਾਬਰ ਲਾਭ ਅਤੇ ਬਾਲਗ ਔਰਤਾਂ ਲਈ ਤੀਜੀ ਧਿਰ ਦੀ ਸਹਿਮਤੀ ਵਰਗੀਆਂ ਰੁਕਾਵਟਾਂ ਨੂੰ ਘਟਾਉਣ ਤੇ ਜ਼ੋਰ ਦਿੰਦਾ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ ਜਨਸੰਖਿਆ 2022 ਵਿੱਚ ਇੱਕ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਕਿਹਾ ਗਿਆ ਹੈ ਕਿ ਅਸੁਰੱਖਿਅਤ ਗਰਭਸਮਾਪਨ ਭਾਰਤ ਵਿੱਚ ਮਾਵਾਂ ਦੀ ਮੌਤ ਦਰ ਦਾ ਤੀਜਾ ਪ੍ਰਮੁੱਖ ਕਾਰਨ ਬਣਿਆ ਹੋਇਆ ਹੈ ਅਤੇ ਅਸੁਰੱਖਿਅਤ ਗਰਭਸਮਾਪਨ ਸਬੰਧੀ ਕਾਰਨਾਂ ਨਾਲ ਹਰ ਰੋਜ਼ 08 ਦੇ ਕਰੀਬ ਔਰਤਾਂ ਦੀ ਮੌਤ ਹੋ ਜਾਂਦੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ 2019-21 ਦੇ ਅਨੁਸਾਰ ਪੂਰੇ ਭਾਰਤ ਵਿੱਚ 15-49 ਸਾਲ ਦੀ ਉਮਰ ਦੀਆਂ 9.4ਗ ਔਰਤਾਂ ਕੋਲ ਗਰਭ-ਨਿਰੋਧ ਦੀਆਂ ਲੋੜਾਂ ਪੂਰੀਆਂ ਨਹੀਂ ਸਨ। ਕਲਾਇੰਟ ਪ੍ਰੋਫਾਈਲ ਅਧਿਐਨ ਗਰਭਸਮਾਪਨ ਸੇਵਾਵਾਂ ਦੀ ਮੰਗ ਕਰਨ ਵਾਲੀਆਂ ਔਰਤਾਂ ਦੇ ਸਮਾਜਿਕ-ਆਰਥਿਕ ਪ੍ਰੋਫਾਈਲਾਂ ਅਤੇ ਭਾਰਤ ਵਿੱਚ ਜਨਤਕ ਸਿਹਤ ਸਹੂਲਤਾਂ ਤੇ ਗਰਭਸਮਾਪਨ ਸੇਵਾਵਾਂ ਪ੍ਰਾਪਤ ਕਰਨ ਦੀਆਂ ਲਾਗਤਾਂ ਤੇ ਕੇਂਦ੍ਰਿਤ ਕਰਦਾ ਹੈ ਨੇ ਖੁਲਾਸਾ ਕੀਤਾ ਹੈ ਕਿ ਜਨਤਕ ਸਿਹਤ ਤੇ ਗਰਭਸਮਾਪਨ ਕਰਵਾਉਣ ਵਾਲੀਆਂ ਔਰਤਾਂ ਲਈ 57ਗ ਸਹੂਲਤਾਂ ਮਾੜੀਆਂ ਸਨ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਜਨਵਰੀ ਤੋਂ ਜੂਨ 2020 ਦੇ ਸਮੇਂ ਵਿਚਕਾਰ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਸਮਾਪਨ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭ-ਸਮਾਪਨ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਸਮਾਪਨ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚੋਂ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਭਾਰਤ ਸਰਕਾਰ ਨਾਲ ਮਿਲਕੇ ਆਈ ਪਾਸ ਡਿਵੈਲਪਮੈਂਟ ਫਾਂਉਡੇਸਨ ਵਲੋਂ ਕੀਤੀ ਗਈ ਇੱਕ ਸਟਡੀ ਰਿਪੋਰਟ ਅਨੁਸਾਰ ਦੇਸ਼ ਦੇ 12 ਰਾਜਾਂ ਵਿੱਚ ਲੱਗਭੱਗ 18.5 ਲੱਖ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਗਰਭਸਮਾਪਨ ਦੀ ਸਹੂਲਤ ਨਹੀਂ ਮਿਲ ਸਕੀ ਹੈ। ਫੈਮਿਲੀ ਪਲੈਨਿੰਗ ਐਸੋਸਿਏਸਨ ਆਫ ਇੰਡੀਆਂ ਸੰਸਥਾ ਜੋਕਿ ਕਈ ਰਾਜਾਂ ਵਿੱਚ ਸੁਰੱਖਿਅੱਤ ਗਰਭ-ਸਮਾਪਨ ਕਲੀਨਿਕ ਚਲਾ ਰਹੀ ਹੈ ਅਨੁਸਾਰ ਕਈ ਜਰੂਰਤਮੰਦ ਮਹਿਲਾਵਾਂ ਨੂੰ ਇਹ ਸਹੂਲਤ ਨਹੀਂ ਮਿਲੀ ਹੈ ਜਿਸ ਕਾਰਨ ਕਈਆਂ ਨੂੰ ਅਸੁੱਰਖਿਅਤ ਗਰਭਸਮਾਪਨ ਕਰਵਾਉਣਾ ਪਿਆ ਹੈ ਅਤੇ ਕਈਆਂ ਨੂੰ ਦੇਰੀ ਹੋਣ ਕਾਰਨ ਅਣਚਾਹੇ ਗਰਭ ਨੂੰ ਰੱਖਣਾ ਪਿਆ ਹੈ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਸਮਾਪਨ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਸੈਂਟਰ ਫਾਰ ਰੀਪ੍ਰੋਡਕਟਿਵ ਰਾਈਟਸ ਦੀ ਇਕ ਰਿਪੋਰਟ ਵਿੱਚ ਕੁੱਝ ਮਾਮਲਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜੋ ਅਦਾਲਤ ਵਿਚ ਆਏ ਹਨ।



ਐਡਵੋਕੇਟ ਕੁਲਦੀਪ ਚੰਦ

91-9417563054

ਪ੍ਰਤਿਗਿਆ ਮੁਹਿੰਮ ਦੀ ਰਿਪੋਰਟ ਸੁਰੱਖਿਅਤ ਗਰਭਸਮਾਪਨ ਤੱਕ ਪਹੁੰਚ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਦਾ ਮੁਲਾਂਕਣ ਕਰਦੀ ਹੈ। ਇਹ ਰਿਪੋਰਟ ਗਰਭਸਮਾਪਨ ਦੀ ਇਜਾਜ਼ਤ ਲਈ ਅਦਾਲਤਾਂ ਤੱਕ ਪਹੁੰਚਣ ਵਾਲੇ ਕੇਸਾਂ ਦੇ ਵਾਧੇ ਨੂੰ ਉਜਾਗਰ ਕਰਦੀ ਹੈ। ਗਰਭ ਸਮਾਪਤੀ ਦੀ ਆਗਿਆ ਦੇਣ ਵਾਲੇ ਕਈ ਆਦੇਸ਼ ਮੈਡੀਕਲ ਬੋਰਡ ਦੀ ਰਾਏ ਅਤੇ ਪਿਛਲੇ ਕੇਸਾਂ ਵਿੱਚ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਫੈਸਲਿਆਂ ਤੇ ਅਧਾਰਤ ਹਨ। ਜੇਕਰ ਕੁੱਝ ਮਾਮਲਿਆਂ ਦੀ ਗੱਲ ਕਰੀਏ ਤਾਂ ਦਸੰਬਰ 2017 ਵਿੱਚ ਇੱਕ 13 ਸਾਲ ਦੀ ਬਲਾਤਕਾਰ ਪੀੜ੍ਹਿਤਾ ਲੜਕੀ ਜੋਕਿ ਗਰਭਵਤੀ ਹੋ ਗਈ ਸੀ ਦੇ ਪਿਤਾ ਦੀ ਅਪੀਲ ਤੇ ਮੁੰਬਈ ਦੀ ਮਾਣਯੋਗ ਅਦਾਲਤ ਨੇ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ 26 ਹਫਤਿਆਂ ਦੇ ਗਰਭ ਦੇ ਗਰਭਸਮਾਪਨ ਦੀ ਮੰਨਜੂਰੀ ਦਿਤੀ ਹੈ, ਅਕਤੂਬਰ 2017 ਵਿੱਚ ਮਾਣਯੋਗ ਸੁਪਰੀਮ ਕੌਰਟ ਨੇ ਵੀ ਦੋ ਮਹਿਲਾਵਾਂ ਦੇ 29 ਅਤੇ 30 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ ਗਰਭਸਮਾਪਨ ਕਰਵਾਉਣ ਦੀ ਇਜਾਜਤ ਦਿਤੀ ਹੈ। ਹਿਮਾਚਲ ਦੀ ਮਾਣਯੋਗ ਹਾਈ ਕੌਰਟ ਨੇ ਇੱਕ 19 ਸਾਲ ਦੀ ਲੜਕੀ ਜੋ ਕਿ ਦਿਮਾਗੀ ਤੌਰ ਤੇ ਠੀਕ ਨਹੀਂ ਸੀ ਦੇ 32 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ ਗਰਭਸਮਾਪਨ ਕਰਵਾਉਣ ਦੀ ਇਜਾਜਤ ਦਿਤੀ ਹੈ। ਏਸ਼ੀਆ ਸੇਫ ਆਬਰਸ਼ਨ ਪਾਰਟਨਰਸ਼ਿਪ ਸੰਸਥਾ ਵਲੋਂ ਜਾਰੀ ਰਿਪੋਰਟ ਅਨੁਸਾਰ ਭਾਰਤ ਵਿੱਚ 80 ਫਿਸਦੀ ਮਹਿਲਾਵਾਂ ਨੂੰ ਐਮ ਟੀ ਪੀ ਐਕਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ।

ਮਾਣਯੋਗ ਮਦਰਾਸ ਹਾਈ ਕੌਰਟ ਨੇ ਵੀ ਇੱਕ ਕੇਸ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਹਰ ਸਾਲ ਲੱਗਭੱਗ 17 ਲੱਖ ਬੱਚੇ ਸ਼ਰੀਰਕ ਵਿਕਾਰਾਂ ਵਾਲੇ ਜਨਮ ਲੈ ਰਹੇ ਹਨ ਇਸ ਲਈ ਗਰਭਸਮਾਪਨ ਦੀ ਸਹੂਲਤ ਦਾ ਸਮਾਂ ਵਧਾਉਣਾ ਚਾਹੀਦਾ ਹੈ। ਮਹਿਲਾਵਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨਾਂ ਦੀ ਮੰਗ ਹੈ ਕਿ ਸੁਰੱਖਿਅਤ ਗਰਭਸਮਾਪਨ ਲਈ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਅਨੁਸਾਰ ਗਰਭ ਅਵਸਥਾ ਦੇ 12 ਹਫਤਿਆਂ ਤੱਕ ਟੈਲੀਮੈਡੀਸਿਨ ਅਤੇ ਸਵੈ-ਪ੍ਰਬੰਧਿਤ ਗਰਭ-ਸਮਾਪਨ ਦੀ ਵਰਤੋਂ ਦੀ ਆਗਿਆ ਦਿਤੀ ਜਾਵੇ, ਦੂਜੀ ਤਿਮਾਹੀ ਵਿੱਚ ਡਾਕਟਰੀ ਗਰਭਸਮਾਪਨ ਦੀ ਆਗਿਆ ਦੇਵੋ, ਕਲੀਨਿਕ ਵਿੱਚ ਸਮਾਜਿਕ ਦੂਰੀਆਂ ਦੇ ਨਾਲ ਅਪ੍ਰੇਸ਼ਨ ਥਿਏਟਰ ਦੀਆਂ ਸਥਿਤੀਆਂ ਦੀ ਜਰੂਰਤ ਤੋਂ ਬਿਨਾਂ ਰਾਸ਼ਟਰੀ ਜਰੂਰੀ ਦਵਾਈਆਂ ਦੀਆਂ ਸੂਚੀ ਤੇ ਮੈਡੀਕਲ ਗਰਭਸਮਾਪਨ ਦੀਆਂ ਗੋਲੀਆਂ ਨੂੰ ਮੰਨਜੂਰੀ ਦਿਤੀ ਜਾਵੇ, ਗਰਭਸਮਾਪਨ ਨਾਲ ਜੁੜ੍ਹੀ ਅਪਰਾਧ ਦੀ ਧਾਰਨਾ ਨੂੰ ਘਟਾਇਆ ਜਾਵੇ ਅਤੇ ਕਨੂੰਨੀ ਅਧਾਰ ਦਾ ਵਿਸਤਾਰ ਕੀਤਾ ਜਾਵੇ। ਸਰਕਾਰ ਨੂੰ ਮਹਿਲਾਵਾਂ ਦੀ ਸੁਰੱਖਿਆ ਲਈ ਐਮਟੀਪੀ ਐਕਟ ਅਨੁਸਾਰ ਗਰਭਸਮਾਪਨ ਕਰਵਾਉਣ ਦੀ ਸਹੂਲਤ ਸਮੂਹ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁੱਫਤ ਉ-ਪਲੱਭਦ ਕਰਵਾਉਣੀ ਚਾਹੀਦੀ ਹੈ ਤਾਂ ਜੋ ਸੁਰੱਖਿਅਤ ਗਰਭ-ਸਮਾਪਨ ਦਿਵਸ ਦਾ ਉਦੇਸ਼ ਪੂਰਾ ਹੋ ਸਕੇ।

**

# ਮਰਹੂਮ ਡਿਪਟੀ ਡਾਇਰੈਕਟਰ ਸੁਰਿੰਦਰ ਮੋਹਨ ਸਿੰਘ ਦਾ ਸਪੁੱਤਰ ਸਵਰਗਵਾਸ



**ਪਟਿਆਲਾ-** ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਦੀ ਅੱਜ ਪਟਿਆਲਾ ਮੀਡੀਆ ਕਲੱਬ ਵਿੱਚ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਲੋਕ ਸੰਪਰਕ ਪੰਜਾਬ ਦੇ ਮਰਹੂਮ ਡਿਪਟੀ ਡਾਇਰੈਕਟਰ ਸੁਰਿੰਦਰ ਮੋਹਨ ਸਿੰਘ ਦੇ ਨੌਜਵਾਨ ਸਪੁੱਤਰ ਕੁਸ਼ਲ ਮੋਹਨ ਸਿੰਘ ਰਾਣਾ ਦੇ ਅਚਾਨਕ ਸਵਰਗਵਾਸ ਹੋਣ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ।

ਉਹ ਕੈਨੇਡਾ ਦੇ ਕੈਲਗਰੀ ਸ਼ਹਿਰ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਨ੍ਹਾਂ ਦਾ ਅੱਜ ਕੈਲਗਰੀ ਵਿਖੇ ਸਸਕਾਰ ਕੀਤਾ ਜਾਵੇਗਾ।

ਕੁਸ਼ਲ ਮੋਹਨ ਸਿੰਘ ਰਾਣਾ 44 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਪਤਨੀ, ਲੜਕਾ, ਲੜਕੀ, ਮਾਤਾ ਸੁਰਿੰਦਰ ਕੌਰ ਅਤੇ ਵੱਡਾ ਭਰਾ ਜਸਮੋਹਨ ਸਿੰਘ ਛੱਡ ਗਏ ਹਨ। ਇਸ ਮੌਕੇ 'ਤੇ ਕੁਸ਼ਲ ਮੋਹਨ ਸਿੰਘ ਰਾਣਾ, ਸਾਬਕਾ ਏ.ਪੀ.ਆਰ.ਓ ਦਰਸ਼ਨ ਸਿੰਘ ਵਿਰਕ ਅਤੇ ਨਿਰੰਜਣ ਸਿੰਘ ਗਰੇਵਾਲ ਦੀ ਬੇਵਕਤੀ ਮੌਤ 'ਤੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ 'ਤੇ ਸੁਰਜੀਤ ਸਿੰਘ ਸੈਣੀ ਪ੍ਰਧਾਨ, ਉਜਾਗਰ ਸਿੰਘ, ਸੁਰਜੀਤ ਸਿੰਘ ਦੁੱਖੀ, ਜੈ ਕ੍ਰਿਸ਼ਨ ਕਸ਼ਯਪ, ਪਰਮਜੀਤ ਕੌਰ ਸੋਢੀ, ਅਸ਼ੋਕ ਕੁਮਾਰ ਸ਼ਰਮਾ, ਸ਼ਾਮ ਸੁੰਦਰ , ਨਰਾਤਾ ਸਿੰਘ ਸਿੱਧੂ, ਨਵਲ ਕਿਸ਼ੋਰ, ਪਰਮਜੀਤ ਸਿੰਘ ਸੇਠੀ, ਬਿਮਲ ਕੁਮਾਰ ਚਕੋਤਰਾ, ਜੀ ਪੀ ਸਿੰਘ, ਜੀ ਆਰ ਕੁਮਰਾ, ਪਾਲ ਸਿੰਘ ਅਤੇ ਰਾਜ ਕੁਮਾਰ, ਨੇ ਸ਼ਰਧਾਂਜਲੀਆਂ ਭੇਟ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਉਚੇਰੀ ਸਿੱਖਿਆ ਸੁਧਾਰ: ਸਿਲੈਕਟ ਹੋਏ ਅਸਿਸਟੈਂਟ ਪ੍ਰੋਫੈਸਰਾਂ ਦੀ ਉਲਝੀ ਗੁੱਥੀ ਉੱਚ ਅਦਾਲਤ ਦੇ ਫੈਸਲੇ ਨਾਲ ਹੱਲ ਹੋਣਾ



ਮੇਜਰ ਸਿੰਘ ਨਾਭਾ
91-94635-53962

1128 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬਰੇਰੀਅਨ ਦੀ ਭਰਤੀ ਜੋ ਉੱਚ ਅਦਾਲਤ ਦੀ ਰੋਕ ਕਾਰਨ ਅਤੇ ਭਰਤੀ ਰੱਦ ਕਾਰਨ ਦੇ ਫੈਸ਼ਲੇ ਕਾਰਨ ਪਿਛਲੇ ਸਾਲਾਂ ਤੋਂ ਰੁੱਕੀ ਪਈ ਸੀ ਮਾਣਯੋਗ ਹਾਈ ਕੋਰਟ ਦੇ ਡਬਲ ਬੈਂਚ ਨੇ ਸਿੰਗਲ ਬੈਂਚ ਦੇ ਫੈਸ਼ਲੇ ਨੂੰ ਰੱਦ ਕਰਕੇ ਭਰਤੀ ਪ੍ਰਕ੍ਰਿਆ ਨੂੰ ਤਾਜ਼ਾ ਫੈਸਲੇ ਰਾਹੀਂ ਹਰੀ ਝੰਡੀ ਦੇਣ ਨਾਲ ਪੰਜਾਬ ਸਰਕਾਰ ਅਤੇ ਸਬੰਧਤ ਉਮੀਦਵਾਰਾਂ ਲਈ ਖੁਸ਼ੀ ਦੀ ਖਬਰ ਆਈ ਹੈ।

ਪੰਜਾਬ ਅੰਦਰ ਲੰਬੇ ਸਮੇਂ ਤੋਂ ਉਚੇਰੀ ਸਿੱਖਿਆ ਦੇ ਗਿਰ ਚੁੱਕੇ ਮਿਆਰ ਨੇ ਸਰਕਾਰ ਲਈ ਚੁਣੌਤੀ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ ਜੋ ਕਿ ਨਵੀਂ ਸਰਕਾਰ ਦਾ ਪ੍ਰਾਥਮਿਕ ਅਹਿਮ ਸੁਧਾਰ ਦਾ ਮੁੱਦਾ ਸੀ। ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ , ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ। ਮੌਜੂਦਾ ਸਮੇਂ ਦੌਰਾਨ ਕਰੀਬ 63 ਸ਼ਰਕਾਰੀ ਕਾਲਜ ਸੂਬੇ ਅੰਦਰ ਚਲ ਰਹੇ ਹਨ। ਇੱਕ ਖਬਰ ਮੁਤਾਬਕ ਇਨ੍ਹਾਂ ਕਾਲਜਾਂ ਵਿੱਚ 1990 ਵਿੱਚ ਪ੍ਰੋਫੈਸਰਾਂ ਦੀਆਂ 1873 ਰੈਗੂਲਰ ਆਸਾਮੀਆਂ ਮਨਜੂਰ ਸਨ। ਸਮੇਂ ਦੀਆਂ ਸਰਕਾਰਾਂ ਨੇ ਨਵੇਂ ਕਾਲਜ ਤਾਂ ਹੋਰ ਕਈ ਵਾਰ ਖੋਲ੍ਹ ਦਿੱਤੇ ਪਰ ਪੋਸਟਾਂ ਨਵੀਆਂ ਨਹੀਂ ਦਿੱਤੀਆਂ। ਪਿਛਲੇ ਲੰਬੇ ਸਮੇਂ ਤੋਂ 1500 ਦੇ ਕਰੀਬ ਆਸਾਮੀਆਂ ਖਾਲੀ ਪਈਆਂ ਹਨ ।ਅਗਲੇ ਕੁਝ ਸਾਲਾਂ ਦੌਰਾਨ ਜੋ ਪੱਕੇ ਪ੍ਰੋਫੈਸਰ ਹਨ ਉਹ ਵੀ ਸੇਵਾ ਮੁਕਤ ਹੋਣ ਜਾ ਰਹੇ ਹਨ। ਇਨ੍ਹਾਂ ਕਾਲਜਾਂ ਵਿੱਚ ਬਹੁਤੇ ਗੈਸਟ ਫੈਕਲਟੀ, ਪਾਰਟ ਟਾਈਮ ਅਤੇ ਠੇਕੇ ਉੱਪਰ ਰੱਖੇ ਅਧਿਆਪਕ ਹੀ ਹੁਣ ਕਾਲਜਾਂ ਨੂੰ ਚਲਾ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾ ਵੀ ਪੂਰੀ ਨਹੀਂ ਕਰਦੇ । ਠੇਕੇ 'ਤੇ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਵਿਦਿਆਰਥੀਆਂ ਦੀ ਗਿਣਤੀ ਉੱਪਰ ਨਿਰਭਰ ਕਰਦੀ ਹੈ, ਉਨ੍ਹਾਂ ਦੀ ਤਨਖਾਹ ਵਿਦਿਆਰਥੀਆਂ ਕੋਲੋਂ ਵਸੂਲੀ ਜਾਂਦੀ ਫੀਸ / ਫੰਡਾਂ ਉੱਪਰ ਨਿਰਭਰ ਕਰਦੀ ਹੈ। ਕਈ ਕਾਲਜਾਂ ਵਿੱਚ ਤਾਂ ਤਕਰੀਬਨ ਨਾਮਾਤਰ ਹੀ ਰੈਗੂਲਰ ਅਧਿਆਪਕ ਹਨ ।ਹੁਣ ਉਚੇਰੀ ਸਿੱਖਿਆ ਵਿਭਾਗ ਨੇ ਸਰਕਾਰੀ ਕਾਲਜਾਂ ਦੇ ਕਲੱਸਟਰ ਬਣਾ ਦਿੱਤੇ ਹਨ ਜਿਨ੍ਹਾਂ 'ਚ ਦੂਜੇ ਜਿਲ੍ਹਿਆਂ ਦੇ ਕਾਲਜ ਵੀ ਸ਼ਾਮਲ ਕੀਤੇ ਗਏ ਹਨ। ਅਧਿਆਪਕ ਹਫਤੇ ਦੇ ਅੱਧੇ ਦਿਨ ਆਪਣੇ ਕਾਲਜ ਵਿੱਚ ਅਤੇ ਬਾਕੀ ਦੂਜੇ ਕਾਲਜਾਂ ਵਿੱਚ ਪੜ੍ਹਾਉਣ ਜਾਣ ਕਰਕੇ ਖਜ਼ਲਖੁਆਰ ਹੋ ਰਹੇ ਹਨ । ਦੋਹਾਂ ਪਾਸੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ।

ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ/ ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿੰਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ। ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ 45 ਦਿਨਾਂ 'ਚ ਮੁਕੰਮਲ ਕਰਨ ਦੀ ਵਧੀਆ ਗੱਲ ਕੀਤੀ ਸੀ। ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ , ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜ਼ਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ / ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸਤਿਹਾਰ 'ਚ ਇਕੱਲੇ 'ਸਰਕਾਰੀ ਕਾਲਜ ਦੇ ਤਜ਼ਰਬੇ' ਦੀ ਸਬਦਾਵਲੀ ਨੇ ਬਾਅਦ 'ਚ ਕਈ ਉਲਝਨਾਂ ਪੈਦਾ ਕਰ ਦਿੱਤੀਆਂ ਸਨ। ਪੰਜਾਬੀ ਯੂਨੀਵਰਸਿਟੀ ਅਧੀਨ ਚਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵਲੋਂ ਉਨ੍ਹਾਂ ਦੇ ਤਜ਼ਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਸੀ । ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੋਕਣ ਦਾ ਯਤਨ ਕੀਤਾ। ਮਾਣਯੋਗ ਹਾਈ ਕੋਰਟ ਸਿੰਗਲ ਬੈਂਚ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ ਸੀ ।ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ ।ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ-ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ । ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ ਤੇ ਪਾ ਕੇ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ ਜੋ ਕਿ ਭਾਵੇਂ ਡਾਊਨਲੋਡ ਹੋ ਕੇ ਆਊਟ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵੀ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ , ਜਿਨ੍ਹਾਂ 'ਚੋਂ ਬਹੁਤੇ ਸਕੂਲਾਂ / ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ ਤੇ ਡਿਊਟੀ ਨਿਭਾ ਰਹੇ ਸੀ, ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਹਿਆ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ। ਕਈ ਵਿਸ਼ਿਆਂ ਦੇ ਸੌ ਤੋਂ ਉੱਪਰ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਸਟੇਅ ਤੋਂ ਪਹਿਲਾਂ ਅਲਾਟ ਹੋ ਚੁੱਕੇ ਸਨ ਜੋ ਕਿ ਕਾਲਜਾਂ 'ਚ ਹਾਜ਼ਰੀ ਦੇ ਕੇ ਸੇਵਾ ਨਿਭਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਅਦ 'ਚ ਵਿਭਾਗ ਵਲੋਂ ਇੱਕ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਸਨ ਪਰ ਉਹ ਕਾਲਜਾਂ 'ਚ ਜੁਆਇਨ ਨਹੀਂ ਕਰ ਸਕੇ ਉਨ੍ਹਾਂ ਕੁਲ 462 ਸਹਾਇਕ ਪ੍ਰੋਫੈਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ। ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ, ਹੁਣ ਇਹ ਇੱਕ ਗੰਭੀਰ ਮੁੱਦਾ ਬਣ ਗਿਆ ਸੀ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਸਨ। ਇਹ ਪੀੜ੍ਹਤ ਸਿਲੈਕਟਿਡ ਉਮੀਦਵਾਰ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਮੰਤਰੀ ਦੇ ਪਿੰਡ ਪੱਕਾ ਮੋਰਚਾ ਲਾਈ ਬੈਠੇ ਸਨ। ਪਰ ਅੱਜ ਇਨ੍ਹਾਂ ਪੀੜ੍ਹਤ ਸਿਲੈਕਟਿਡ ਉਮੀਦਵਾਰਾਂ ਲਈ ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਨੇ ਜੋ ਫੈਸਲਾ ਰਿਜ਼ਰਵ ਰੱਖਿਆ ਹੋਇਆ ਸੀ ਅੱਜ ਸਿੰਗਲ ਬੈਂਚ ਦੇ ਫੈਸ਼ਲੇ ਨੂੰ ਰੱਦ ਕਰਦੇ ਹੋਏ ਕੀਤੀ ਭਰਤੀ ਨੂੰ ਹਰੀ ਝੰਡੀ ਦੇਣ ਨਾਲ ਸਬੰਧਤ ਪਰਿਵਾਰਾਂ 'ਚ ਖੁਸ਼ੀ ਦੀ ਲਹਿਰ ਦਿਖਾਈ ਦੇ ਰਹੀ ਹੈ, ਜੋ ਕਿ ਸੱਚਮੁੱਚ ਹੀ ਹੁਣ ਉਚੇਰੀ ਸਿੱਖਿਆ ਦੇ ਸੁਧਾਰ ਵੱਲ ਸ਼ੁਰੂਆਤ ਹੋਵੇਗੀ ।ਆਸ ਹੈ ਸਰਕਾਰ ਇਸ ਫੈਸ਼ਲੇ ਦੀ ਇੰਤਜ਼ਾਰ ਕਰ ਰਹੀ ਸੀ, ਹੁਣ ਸਰਕਾਰ ਜ਼ਲਦੀ ਹੀ ਕਾਗਜ਼ੀ ਪ੍ਰਕ੍ਰਿਆ ਵਿਸਥਾਰ ਨਾਲ ਪਹਿਲਾਂ ਹੀ ਕਈ ਵਿਸ਼ਿਆਂ ਦੀ ਤਕਰੀਬਨ ਮੁਕੰਮਲ ਹੋ ਗਈ ਸੀ , ਕਈ ਵਿਸ਼ਿਆਂ ਦੀਆਂ ਨਿਯੁਕਤੀ ਲਿਸਟਾਂ ਸਾਈਟ ਤੋਂ ਕੋਰਟ ਦੇ ਪਹਿਲੇ ਫੈਸਲੇ ਮੁਤਾਬਕ ਚੁੱਕ ਦਿੱਤੀਆਂ ਸਨ, ਉਨ੍ਹਾਂ ਦੀ ਜੋ ਅਧੂਰੀ ਪ੍ਰਕ੍ਰਿਆ ਨੂੰ ਪਹਿਲਾਂ ਹੀ ਮੁਕੰਮਲ ਕਰ ਲਿਆ ਜਾਵੇ।

ਆਸ ਹੈ ਸਰਕਾਰ ਫੈਸਲੇ ਦੀ ਕਾਪੀ ਆਉਣ ਨਾਲ ਲੰਬੇ ਸਮੇਂ ਤੋਂ ਮਾਨਸਿਕ ਪੀੜ੍ਹਾ 'ਚੋਂ ਲੰਘ ਰਹਿਆਂ ਨੂੰ ਫੌਰੀ ਨਿਯੁਕਤੀ ਪੱਤਰ ਦੇ ਕੇ ਕਾਲਜਾਂ 'ਚ ਭੇਜ ਕੇ ਸਿੱਖਿਆ ਦੇ ਸੁਧਾਰ ਵੱਲ ਨੂੰ ਹੋਰ ਨਵਾਂ ਕਦਮ ਪੁੱਟੇਗੀ । ਇਸ ਤਰ੍ਹਾਂ ਸਰਕਾਰ ਦੇ ਕੇਸ ਨੂੰ ਹੱਕ ਵਿੱਚ ਕਰਾਉਣ ਲਈ ਸਰਕਾਰ ਦੀ ਵੱਡੀ ਕਾਮਯਾਬੀ ਹੈ ਜਿਸ ਨਾਲ ਨੋਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਵੀ ਪੂਰਾ ਹੋਵੇਗਾ। ਇਸ ਸਫਲਤਾ ਦੇ ਕਾਰਜ ਲਈ ਸਰਕਾਰ ਵਧਾਈ ਦੀ ਪਾਤਰ ਹੈ।

# ਸੰਚਾਰ ਦੇ ਜਾਲ ਵਿੱਚ ਉਲਝਿਆ ਬਚਪਨ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸੋਸ਼ਲ ਮੀਡੀਆ 'ਤੇ ਬੱਚਿਆਂ ਦੀ ਰੁਝੇਵਿਆਂ, ਆਨਲਾਈਨ ਗੇਮਿੰਗ ਅਤੇ ਇੰਟਰਨੈੱਟ ਦੀ ਲਤ ਨੂੰ ਲੈ ਕੇ ਦੁਨੀਆ ਦੇ ਕਈ ਦੇਸ਼ਾਂ 'ਚ ਚਰਚਾ ਇਕ ਵਾਰ ਫਿਰ ਤੇਜ਼ ਹੋ ਗਈ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਬੱਚਿਆਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਲੈ ਕੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਦੀ ਵਰਤੋਂ ਲਈ ਉਮਰ ਤੈਅ ਹੋਣੀ ਚਾਹੀਦੀ ਹੈ। ਆਸਟ੍ਰੇਲੀਆ ਵਿੱਚ, ਵੱਡੀ ਗਿਣਤੀ ਵਿੱਚ ਲੋਕ ਔਨਲਾਈਨ ਰੁੱਝੇ ਹੋਏ ਹਨ ਅਤੇ ਬਾਰਾਂ ਤੋਂ ਸਤਾਰਾਂ ਸਾਲ ਦੇ ਲਗਭਗ 75 ਪ੍ਰਤੀਸ਼ਤ ਬੱਚੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਚੌਦਾਂਪੰਦਰਾਂ ਸਾਲ ਦੀ ਉਮਰ ਤੋਂ ਪਹਿਲਾਂ ਬੱਚਿਆਂ ਨੂੰ ਸੋਸ਼ਲ ਮੀਡੀਆ ਦੀ ਬਜਾਏ ਖੇਡ ਦੇ ਮੈਦਾਨਾਂ ਵਿੱਚ ਖੇਡਾਂ ਦਾ ਆਨੰਦ ਲੈਂਦੇ ਦੇਖਣਾ ਚਾਹੁੰਦੇ ਹਾਂ। ਭਾਰਤ ਵਿੱਚ ਵੀ, ਮਾਪਿਆਂ ਦੇ ਇੱਕ ਵੱਡੇ ਹਿੱਸੇ ਦਾ ਮੰਨਣਾ ਹੈ ਕਿ ਬੱਚਿਆਂ ਨੂੰ ਆਪਣੇ ਕੰਪਿਊਟਰ ਅਤੇ ਮੋਬਾਈਲ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਅਸਲ ਜੀਵਨ ਦੇ ਅਨੁਭਵ ਪ੍ਰਾਪਤ ਕਰਨੇ ਚਾਹੀਦੇ ਹਨ। ਔਨਲਾਈਨ ਅਣਜਾਣ ਲੋਕਾਂ ਨਾਲ ਜੁੜਨ ਦੀ ਬਜਾਏ ਬੱਚਿਆਂ ਨੂੰ ਆਲੇ-ਦੁਆਲੇ ਦੇ ਇਲਾਕੇ, ਬਸਤੀ ਜਾਂ ਪਿੰਡ ਦੇ ਅਸਲੀ ਲੋਕਾਂ ਨੂੰ ਮਿਲਣਾ ਚਾਹੀਦਾ ਹੈ, ਇਹ ਸਮਾਜਿਕ ਅਤੇ ਭਾਸ਼ਾਈ ਵਿਕਾਸ ਵਿੱਚ ਮਦਦਗਾਰ ਹੋਵੇਗਾ। ਤਾਮਿਲਨਾਡੂ ਵਿੱਚ ਲਗਭਗ 20 ਫੀਸਦੀ ਵਿਦਿਆਰਥੀ ਆਨਲਾਈਨ ਗੇਮਾਂ ਦੇ ਆਦੀ ਹਨ। ਉੱਥੇ ਕਰਵਾਏ ਗਏ ਇੱਕ ਅਧਿਐਨ ਵਿੱਚ ਦੋਬ) ਸਕੂਲ ਅਤੇ ਉੱਚ ਸਿੱਖਿਆ ਦੇ ਵਿਦਿਆਰਥੀ ਸ਼ਾਮਲ ਸਨ। ਇਸੇ ਤਰ੍ਹਾਂ ਜੈਪੁਰ, ਰਾਜਸਥਾਨ ਦੇ ਇੱਕ ਮਨੋਵਿਗਿਆਨਕ ਹਸਪਤਾਲ ਨੇ ਇੰਟਰਨੈੱਟ ਦੀ ਲਤ ਕਾਰਨ ਬੱਚਿਆਂ ਵਿੱਚ ਵਿਹਾਰਕ ਅਤੇ ਭਾਵਨਾਤਮਕ ਤਬਦੀਲੀਆਂ ਬਾਰੇ ਖੋਜ ਸ਼ੁਰੂ ਕੀਤੀ ਹੈ। ਦਿੱਲੀ, ਉੱਤਰ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿੱਚ ਮਾਪਿਆਂ, ਅਧਿਆਪਕਾਂ ਅਤੇ ਮਨੋਵਿਗਿਆਨੀਆਂ ਨੇ ਅਨੁਭਵ ਕੀਤਾ ਹੈ ਕਿ ਬੱਚਿਆਂ ਵੱਲੋਂ ਲੰਮੇ ਸਮੇਂ ਤੱਕ ਕੰਪਿਊਟਰ-ਇੰਟਰਨੈੱਟ ਦੀ ਵਰਤੋਂ ਕਰਨ ਅਤੇ ਲੰਬੇ ਸਮੇਂ ਤੱਕ ਆਨਲਾਈਨ ਗੇਮਾਂ ਖੇਡਣ ਕਾਰਨ ਮਨੋਵਿਗਿਆਨਕ ਅਤੇ ਸਰੀਰਕ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਦਿੱਲੀ ਅਤੇ ਗੁਆਂਢੀ ਰਾਜਾਂ ਦੇ ਹਸਪਤਾਲਾਂ ਕਾਰਨ ਦਿਮਾਗੀ ਅਤੇ ਸਿਰ ਦਰਦ ਦੀਆਂ ਸਮੱਸਿਆਵਾਂ ਤੋਂ ਪੀੜਤ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਬੱਚਿਆਂ ਦੀ ਨਜ਼ਰ ਕਮਜ਼ੋਰ ਹੋ ਰਹੀ ਹੈ ਅਤੇ ਕਮਰ ਦਰਦ ਦੀ ਸਮੱਸਿਆ ਵਧ ਰਹੀ ਹੈ। ਜੇਕਰ ਬਾਰਾਂ ਤੋਂ ਅਠਾਰਾਂ ਸਾਲ ਦੇ ਬੱਚਿਆਂ ਵਿੱਚ 'ਸਕ੍ਰੀਨ ਟਾਈਮ' ਜ਼ਿਆਦਾ ਹੋਣ ਕਾਰਨ ਬੇਚੈਨੀ, ਇਕੱਲਾਪਣ, ਹਰ ਵਾਰਤਾਲਾਪ 'ਤੇ ਗੁੱਸਾ, ਇਨਸੌਮਨੀਆ ਅਤੇ ਪੜ੍ਹਾਈ 'ਚ ਰੁਚੀ ਦੀ ਕਮੀ ਵਰਗੇ ਲੱਛਣ ਦਿਖਾਈ ਦਿੰਦੇ ਹਨ ਤਾਂ ਇਹ ਚਿੰਤਾ ਦੀ ਗੱਲ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਜੇਕਰ ਕੋਈ ਬੱਚਾ ਇੱਕ ਘੰਟੇ ਤੱਕ ਫੋਨ ਦੀ ਵਰਤੋਂ ਕਰਦਾ ਹੈ, ਤਾਂ ਉਸਦੀ ਨੀਂਦ ਸੋਲਾਂ ਮਿੰਟਾਂ ਤੱਕ ਘੱਟ ਜਾਂਦੀ ਹੈ। ਜਦੋਂ ਨੀਂਦ ਪੂਰੀ ਨਹੀਂ ਹੁੰਦੀ ਹੈ, ਤਾਂ ਇਕਾਗਰਤਾ ਅਤੇ ਵਿਵਹਾਰ ਦੀ ਕਮੀ ਹੋਵੇਗੀ ਅਤੇ ਭਾਸ਼ਾ ਹਮਲਾਵਰ ਹੋ ਸਕਦੀ ਹੈ। ਕਰੋਨਾ'ਆਨਲਾਈਨ' ਹੋਣ ਤੋਂ ਬਾਅਦ ਕਈ ਥਾਵਾਂ 'ਤੇ ਸਕੂਲੀ ਵਿਦਿਆਰਥੀਆਂ ਵਿਚ ਇਕਾਗਰਤਾ ਦੀਆਂ ਸਮੱਸਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ।



ਯੂਨੈਸਕੋ ਨੇ ਸਿੱਖਣ ਦੀ ਗੁਣਵੱਤਾ, ਇਕਾਗਰਤਾ ਦੀਆਂ ਸਮੱਸਿਆਵਾਂ, ਕਲਾਸਰੂਮ ਵਿੱਚ ਵਿਘਨ ਅਤੇ ਮਾਨਸਿਕ ਸਿਹਤ ਦੇ ਖਤਰਿਆਂ ਨੂੰ ਲੈ ਕੇ ਚਿੰਤਾਵਾਂ ਦੇ ਕਾਰਨ ਪਹਿਲਾਂ ਹੀ ਦੁਨੀਆ ਭਰ ਦੇ ਸਕੂਲਾਂ ਵਿੱਚ ਸਮਾਰਟ ਫੋਨਾਂ 'ਤੇ ਪਾਬੰਦੀ ਲਗਾਉਣ ਦੀ ਅਪੀਲ ਕੀਤੀ ਸੀ, ਪਰ ਅਜੇ ਤੱਕ ਇੱਕ ਚੌਥਾਈ ਦੇਸ਼ਾਂ ਵਿੱਚ ਇਸ ਦਾ ਅਸਰ ਨਹੀਂ ਹੋਇਆ ਹੈ। ਬ੍ਰਾਜ਼ੀਲ ਦੀ ਇੱਕ ਸੰਸਥਾ ਨੇ 2017-2018 ਵਿੱਚ ਇੱਕ ਅਧਿਐਨ ਕੀਤਾ, ਜਿਸ ਵਿੱਚ ਪਾਇਆ ਗਿਆ ਕਿ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਫ਼ੋਨ ਦੀ ਵਰਤੋਂ ਕਰਨਾ ਬੱਚਿਆਂ ਲਈ ਖ਼ਤਰਨਾਕ ਹੈ। ਭਾਰੀ ਫੋਨ ਉਪਭੋਗਤਾਚੌਦਾਂ ਤੋਂ ਅਠਾਰਾਂ ਸਾਲ ਦੀ ਉਮਰ ਦੇ 2628 ਵਿਦਿਆਰਥੀਆਂ 'ਤੇ ਕੀਤੇ ਗਏ ਇਸ ਅਧਿਐਨ ਦਾ ਸਿੱਟਾ ਇਹ ਨਿਕਲਿਆ ਕਿ 39 ਫੀਸਦੀ ਲੜਕੇ ਅਤੇ 55 ਫੀਸਦੀ ਲੜਕੀਆਂ 'ਥੋਰੈਸਿਸ ਸਪਾਈਨ ਪੇਨ' (ਟੀ.ਐੱਸ.ਪੀ.) ਤੋਂ ਪੀੜਤ ਸਨ। ਇਸ ਕਾਰਨ ਗਰਦਨ ਤੋਂ ਲੈ ਕੇ ਪਿੱਠ ਦੇ ਹੇਠਲੇ ਹਿੱਸੇ ਤੱਕ ਦਰਦ ਰਹਿੰਦਾ ਹੈ। ਭਾਰਤ ਸਮੇਤ ਹੋਰ ਮੁਲਕਾਂ ਵਿੱਚ ਮਾਪੇ ਸਮਝ ਨਹੀਂ ਪਾ ਰਹੇ ਹਨ ਕਿ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਸਰੀਰਕ ਸਿਹਤ ਲਈ ਖੇਡ ਦੇ ਮੈਦਾਨ ਵਿੱਚ ਕਿਵੇਂ ਭੇਜਣ। ਟੈਕਨਾਲੋਜੀ ਸਾਡੀ ਜ਼ਿੰਦਗੀ ਨੂੰ ਕੁਝ ਸੌਖ ਦੇ ਰਹੀ ਹੈ, ਪਰ ਵਧਦੀਆਂ ਸਮੱਸਿਆਵਾਂ ਹੁਣ ਘਰਾਂ ਦੇ ਅੰਦਰ ਦਿਖਾਈ ਦੇਣ ਲੱਗ ਪਈਆਂ ਹਨ। ਅੱਜ ਦੇ ਬੱਚਿਆਂ ਦਾ ਬਾਹਰੀ ਸੰਸਾਰ ਮੁੱਖ ਤੌਰ 'ਤੇ ਹੈਉਦੋਂ ਤੋਂ ਇਹ ਸੋਸ਼ਲ ਮੀਡੀਆ ਦੁਆਲੇ ਹੀ ਸੀਮਤ ਹੁੰਦਾ ਜਾ ਰਿਹਾ ਹੈ। ਉਹ ਇੰਸਟਾਗ੍ਰਾਮ ਅਤੇ ਫੇਸਬੁੱਕ ਦੇ 'ਲਾਈਕਸ' ਕਾਰਨ ਖੁਸ਼ ਅਤੇ ਦੁਖੀ ਹੋ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਉਹ ਇਹ ਦਿਖਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਕਿੰਨੀ ਸ਼ਾਨਦਾਰ ਹੈ ਅਤੇ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ। ਬੱਚਿਆਂ ਵਿੱਚ ਕੁਝ ਵੀ ਮੰਗਣ ਦਾ ਰੁਝਾਨ ਵਧਦਾ ਜਾ ਰਿਹਾ ਹੈ, ਭਾਵੇਂ ਉਸ ਚੀਜ਼ ਦੀ ਅਸਲ ਲੋੜ ਹੀ ਨਾ ਹੋਵੇ। ਕੁਝ ਵੀ ਮੰਗਣ ਵਿਚ ਇਕੱਲੇ ਬੱਚਿਆਂ ਦਾ ਕਸੂਰ ਨਹੀਂ ਹੈ। ਬੱਚਿਆਂ ਲਈ ਸਮਾਨ ਬਣਾਉਣ ਵਾਲੀਆਂ ਕੰਪਨੀਆਂ ਹੁਣ ਬੱਚਿਆਂ ਨੂੰ ਆਪਣੇ 'ਕਰਮਚਾਰੀ/ਬ੍ਰਾਂਡ ਅੰਬੈਸਡਰ' ਵਜੋਂ ਰੱਖਦੀਆਂ ਹਨ ਅਤੇ ਉਨ੍ਹਾਂ ਰਾਹੀਂ ਸੋਸ਼ਲ ਮੀਡੀਆ 'ਤੇ 'ਮਾਰਕੀਟਿੰਗ' ਕਰਦੀਆਂ ਹਨ।ਮਨੋਵਿਗਿਆਨੀਆਂ ਦੀ ਮਦਦ ਨਾਲ ਬੱਚਿਆਂ ਲਈ ਅਜਿਹੀ 'ਮਾਰਕੀਟਿੰਗ' ਰਣਨੀਤੀ ਬਣਾਈ ਜਾ ਰਹੀ ਹੈ, ਜਿਸ 'ਚ ਮਾਪੇ ਕੋਈ ਦਖਲ ਨਹੀਂ ਦਿੰਦੇ ਅਤੇ 'ਉਤਪਾਦ' ਸਿੱਧੇ ਬੱਚਿਆਂ ਨੂੰ ਦਿਖਾਇਆ ਜਾਂਦਾ ਹੈ। ਸੂਜ਼ਨ ਲਿਨ ਨੇ ਇੱਕ ਕਿਤਾਬ ਲਿਖੀ ਹੈ - 'ਬੱਚਿਆਂ ਨੂੰ ਕੌਣ ਪਾਲ ਰਿਹਾ ਹੈ?' ਇਹ ਦੱਸਦਾ ਹੈ ਕਿ ਕਿਵੇਂ ਟੈਕਨੋਲੋਜੀ ਦੇ ਨਾਲ-ਨਾਲ ਮਾਰਕੀਟ ਕਲਚਰ ਅਤੇ ਉਪਭੋਗਤਾਵਾਦ ਬੱਚਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਲਿਨ ਦਾ ਮੰਨਣਾ ਹੈ ਕਿ ਜਿਵੇਂ ਹੀ ਬੱਚਾ ਪੈਦਾ ਹੁੰਦਾ ਹੈ, ਉਹ ਮੀਡੀਆ, ਐਪ ਅਤੇ ਖਿਡੌਣਾ ਕੰਪਨੀਆਂ ਲਈ ਇੱਕ ਆਕਰਸ਼ਕ ਨਿਸ਼ਾਨਾ ਬਣ ਰਿਹਾ ਹੈ। ਇਸ ਕਿਤਾਬ ਵਿੱਚ ਰਸਲ ਬੈਂਕਾਂ ਦਾ ਜ਼ਿਕਰ ਹੈ। ਰਸਲ ਬੈਂਕ ਦਾ ਬਾਜ਼ਾਰ 'ਤੇ ਦਬਦਬਾ ਹੈ ਉਨ੍ਹਾਂ ਮੁਨਾਫ਼ੇ ਦੇ ਰੁਝਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ 'ਇਹ ਬਾਜ਼ਾਰੀ ਸਮਾਜ ਆਪਣੇ ਬੱਚਿਆਂ ਨੂੰ ਖਪਤਕਾਰ ਬਣਾ ਲੈਂਦਾ ਹੈ, ਜਿਸ ਵਿੱਚ ਬੱਚੇ ਹੀ ਮੰਗਦੇ ਹਨ। ਇਹ ਮਾਰਕੀਟ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੇਚੇਗੀ ਜੋ ਬੱਚੇ ਮੰਗ ਰਹੇ ਹਨ, ਨਾ ਕਿ ਬੱਚਿਆਂ ਨੂੰ ਅਸਲ ਵਿੱਚ ਕੀ ਚਾਹੀਦਾ ਹੈ। ਪਰ ਇਨ੍ਹਾਂ ਸਮੱਸਿਆਵਾਂ ਦੀ ਪਛਾਣ ਕਰਨ ਤੋਂ ਬਾਅਦ ਵੀ ਹੱਲ ਕੀ ਹੈ? ਵੱਡੀ ਚੁਣੌਤੀ ਇਹ ਹੈ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਸਮਾਂ ਕੱਢਣਾ ਅਸੰਭਵ ਲੱਗਦਾ ਹੈ। ਮਾਪੇ ਆਪਣੀ ਭੂਮਿਕਾ ਨੂੰ ਸਮਝਣ ਦੇ ਯੋਗ ਨਹੀਂ ਹਨ ਅਤੇ ਬਾਜ਼ਾਰ ਅਤੇ ਹੋਰਾਂ ਵਿੱਚ ਬੱਚਿਆਂ ਦੀ ਮਹੱਤਤਾ ਨੂੰ ਸਮਝਣ ਦੇ ਯੋਗ ਨਹੀਂ ਹਨ।'ਤੇ ਭਰੋਸਾ ਕਰਕੇ ਗੁਜ਼ਰ ਗਏ ਪਲ ਦੀ ਕਲਪਨਾ ਕਰ ਰਹੇ ਹਨ। ਆਨਲਾਈਨ ਨਸ਼ੇ ਕਾਰਨ ਬੱਚਿਆਂ ਦਾ ਸਮਾਜਿਕ ਘੇਰਾ ਛੋਟਾ ਹੁੰਦਾ ਜਾ ਰਿਹਾ ਹੈ। ਉਹਨਾਂ ਵਿੱਚ ਸਰੀਰਕ ਮਿਹਨਤ ਦੁਆਰਾ। ਕਿਰਤ ਤੋਂ ਪਰਵਾਸ ਦੀ ਭਾਵਨਾ ਹੈ। ਇਸ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਸਵੇਰ-ਸ਼ਾਮ ਵੀ ਨਹੀਂ ਮਿਲ ਪਾਉਂਦੇ। ਆਖ਼ਰਕਾਰ, ਮਾਪਿਆਂ ਦੀ ਬਜਾਏ, ਬੱਚੇ ਟੀਵੀ ਅਤੇ ਕੰਪਿਊਟਰ ਤੋਂ ਨੈਤਿਕਤਾ ਸਿੱਖ ਰਹੇ ਹਨ, ਮਾਪਿਆਂ ਕੋਲ ਇਹ ਜਾਣਨ ਅਤੇ ਸੁਣਨ ਦਾ ਸਮਾਂ ਨਹੀਂ ਹੈ ਕਿ ਬੱਚੇ ਇੰਟਰਨੈਟ ਰਾਹੀਂ ਕਿਸ ਦੇ ਸੰਪਰਕ ਵਿੱਚ ਹਨ, ਉਹ ਕੀ ਦੇਖ ਰਹੇ ਹਨ ਅਤੇ ਉਹ ਕੀ ਕਰ ਰਹੇ ਹਨ। ਟੈਕਨੋਲੋਜੀਕਲ ਤਰੱਕੀ ਦੁਆਰਾ ਸੰਚਾਲਿਤ ਵਧ ਰਿਹਾ ਬਾਜ਼ਾਰ ਸਾਨੂੰ ਕਿੱਥੇ ਲੈ ਜਾ ਰਿਹਾ ਹੈ? ਆਸਟ੍ਰੇਲੀਆ ਵਿੱਚ'ਈ-ਸੁਰੱਖਿਆ' ਦੇ ਸਬੰਧ ਵਿੱਚ 2022 ਵਿੱਚ ਕਰਵਾਏ ਗਏ ਇੱਕ ਸਰਵੇਖਣ ਵਿੱਚ, ਬਾਲਗਾਂ ਨੇ ਆਪਣੇ ਔਨਲਾਈਨ ਅਨੁਭਵ ਸਾਂਝੇ ਕੀਤੇ, ਜਿਸ ਵਿੱਚ ਅਣਚਾਹੇ ਸਮਗਰੀ ਭੇਜਣ ਤੋਂ ਲੈ ਕੇ ਬਿਨਾਂ ਇਜਾਜ਼ਤ ਉਨ੍ਹਾਂ ਦੇ ਖਾਤਿਆਂ ਤੱਕ ਪਹੁੰਚ ਕਰਨ ਦੀਆਂ ਚਿੰਤਾਵਾਂ ਸਾਹਮਣੇ ਆਈਆਂ। ਇਸੇ ਕਾਰਨ ਆਸਟ੍ਰੇਲੀਆ ਵਿੱਚ ਬੱਚਿਆਂ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦਾ ਮੁੱਦਾ ਉਠਿਆ ਹੈ।

ਇਸ ਤੋਂ ਪਹਿਲਾਂ ਯੂਰਪੀਅਨ ਯੂਨੀਅਨ ਨੇ ਵੀ ਅਜਿਹੀ ਕੋਸ਼ਿਸ਼ ਕੀਤੀ ਸੀ ਕਿ ਬੱਚੇ ਇੱਕ ਖਾਸ ਉਮਰ ਤੋਂ ਪਹਿਲਾਂ ਸੋਸ਼ਲ ਮੀਡੀਆ ਦੀ ਵਰਤੋਂ ਨਾ ਕਰਨ ਪਰ ਬੱਚਿਆਂ ਦੇ ਆਨਲਾਈਨ ਅਧਿਕਾਰਾਂ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਦੀ ਆਲੋਚਨਾ ਕਾਰਨ ਯੂਰਪੀਅਨ ਯੂਨੀਅਨ ਨੇ ਸੋਸ਼ਲ ਮੀਡੀਆ ਦੀ ਵਰਤੋਂ ਲਈ ਅਜਿਹੀ ਕੋਈ ਵਿਵਸਥਾ ਲਾਗੂ ਨਹੀਂ ਕੀਤੀ। ਹੁਣ ਸਵਾਲ ਇਹ ਹੈ ਕਿ ਕੀ ਮਾਪੇ ਬੱਚਿਆਂ ਦਾ 'ਸਕ੍ਰੀਨ ਟਾਈਮ' ਘਟਾਉਣ ਲਈ ਆਪਣੇ ਪੱਧਰ 'ਤੇ ਪਹਿਲਕਦਮੀ ਕਰ ਸਕਦੇ ਹਨ?

# ਸ. ਪਾਲ ਸਿੰਘ ਪੁਰੇਵਾਲ ਜੀ ਨੂੰ ਯਾਦ ਕਰਦਿਆਂ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ, ਸ. ਪਾਲ ਸਿੰਘ ਪੁਰੇਵਾਲ ਜੀ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਬਿਲਗਾ(ਜਿਲਾ ਜਲੰਧਰ) ਵਿਖੇ 23 ਨਵੰਬਰ 1932 ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੇ ਪਿੰਡ ਸ਼ੰਕਰ (ਜ਼ਿਲ੍ਹਾ ਜਲੰਧਰ) ਦੇ ਖਾਲਸਾ ਹਾਈ ਸਕੂਲ ਵਿੱਚੋਂ 1948 ਈ: 'ਚ ਦਸਵੀਂ ਪਾਸ ਕੀਤੀ। ਉਸ ਤੋਂ ਬਾਅਦ F.Sc. ਅਤੇ ਡੀ.ਏ.ਵੀ. ਕਾਲਜ ਜਲੰਧਰ ਤੋਂ B.Sc. ਕਰਨ ਉਪ੍ਰੰਤ B.T. ਕੀਤੀ। ਸ: ਪੁਰੇਵਾਲ ਨੇ ਆਪਣੇ ਹੀ ਪਿੰਡ ਦੇ ਖ਼ਾਲਸਾ ਹਾਈ ਸਕੂਲ ਸ਼ੰਕਰ ਵਿੱਚ ਕਈ ਸਾਲ ਸਾਇੰਸ ਮਾਸਟਰ ਦੇ ਤੌਰ 'ਤੇ ਨੌਕਰੀ ਕੀਤੀ। ਪੜ੍ਹਾਈ 'ਚ ਹੁਸ਼ਿਆਰ ਹੋਣ ਦੇ ਨਾਲ-ਨਾਲ ਉਹ, ਬਾਸਕਟਬਾਲ ਅਤੇ ਸ਼ਤਰੰਜ ਦੇ ਵੀ ਚੰਗੇ ਖਿਡਾਰੀ ਰਹੇ ਸਨ।

ਸ: ਪਾਲ ਸਿੰਘ ਪੁਰੇਵਾਲ, ਸੰਨ 1965 ਈ: 'ਚ ਸਿੱਖਿਆ ਵਿਭਾਗ ਤੋਂ ਛੁੱਟੀ ਲੈ ਕੇ ਇੰਗਲੈਂਡ ਚਲੇ ਗਏ ਪਰ, ਭਾਰਤ-ਪਾਕਿਸਤਾਨ ਜੰਗ ਲੱਗਣ ਕਾਰਨ ਛੁੱਟੀ ਰੱਦ ਹੋ ਜਾਣ 'ਤੇ ਵਾਪਸ ਆਉਣਾ ਪਿਆ। ਸੰਨ 1966 ਈ: 'ਚ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੱਕੇ ਤੌਰ 'ਤੇ ਇੰਗਲੈਂਡ ਚਲੇ ਗਏ। ਟੈਕਸਾਸ ਇੰਸਟਰੂਮੈਂਟਸ (Texas Instruments) ਵਿੱਚ ਨੌਕਰੀ ਆਰੰਭ ਕਰ ਦਿੱਤੀ। ਸੰਨ 1974 'ਚ ਉਹ ਕੈਨੇਡਾ ਚਲੇ ਗਏ ਅਤੇ ਆਈ।ਟੀ। ਵਿੱਚ ਕੰਪਿਊਟਰਪ੍ਰੋਗਰਾਮਿੰਗ ਵਿਭਾਗ ਦੇ ਮੁੱਖ ਪ੍ਰਬੰਧਕ ਦੀਆਂ ਸੇਵਾਵਾਂ ਨਿਭਾਈਆਂ।

ਸ: ਪਾਲ ਸਿੰਘ ਪੁਰੇਵਾਲ ਨੂੰ ਵਿਦਿਆਰਥੀ ਜੀਵਨ ਤੋਂ ਹੀ ਕੈਲੰਡਰ ਵਿਸ਼ੇ 'ਚ ਬਹੁਤ ਦਿਲਚਸਪੀ ਸੀ। ਇਸ ਲਈ ਉਹ ਹਰ ਸਾਲ ਜੰਤਰੀ ਖਰੀਦਦੇ ਸਨ। ਜੰਤਰੀ ਵਿੱਚ ਦਰਜ ਤਿੱਥ, ਘੜੀ, ਪਲ, ਨਛੱਤਰ, ਯੋਗ ਆਦਿ ਨੂੰ ਜਾਨਣ/ ਸਮਝਣ ਸਬੰਧੀ ਦਿਲਚਸਪੀ ਵੱਧਦੀ ਗਈ ਤਾਂ ਹੋਰ ਕਿਤਾਬਾਂ ਪੜ੍ਹਨੀਆਂ ਆਰੰਭ ਦਿੱਤੀਆਂ। ਉਨ੍ਹਾਂ ਨੇ ਕੈਲੰਡਰ ਸਬੰਧੀ, ਸੂਰਜ ਸਿਧਾਂਤ', 'ਮਕਰੰਦ ਸਾਰਣੀ' ਆਦਿ ਕਿਤਾਬਾਂ ਦਾ ਅਧਿਐਨ ਕੀਤਾ। ਸ: ਪਾਲ ਸਿੰਘ ਜੀ ਨੇ ਇਨ੍ਹਾਂ ਕਿਤਾਬਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ ਅਤੇ ਕੈਲੰਡਰ ਦੇ ਨਾਲ-ਨਾਲ ਟੇਵੇ/ ਜਨਮ ਪੱਤਰੀਆਂ ਬਣਾਉਣ ਅਤੇ ਉਨ੍ਹਾਂ ਦੀ ਪਰਖ-ਪੜਚੋਲ ਕਰਨ ਦੀ ਯੋਗਤਾ ਵੀ ਹਾਸਲ ਕਰ ਲਈ। 1985 ਈ: ਵਿੱਚ ਉਨ੍ਹਾਂ ਨੇ ਕੰਪਿਊਟਰ ਪ੍ਰੋਗਰਾਮ ਤਿਆਰ ਕੀਤਾ, ਜਿਸ ਦੀ ਮਦਦ ਨਾਲ ਕੋਈ ਵੀ ਤਾਰੀਖ਼ ਇੱਕ ਤੋਂ ਦੂਸਰੀ ਪੱਧਤੀ 'ਚ ਆਸਾਨੀ ਨਾਲ ਬਦਲੀ ਜਾ ਸਕਦੀ ਹੈ।

ਇਤਿਹਾਸ ਪੜ੍ਹਦਿਆਂ ਉਨ੍ਹਾਂ ਵੇਖਿਆ ਕਿ ਇਤਿਹਾਸਕਾਰ ਆਪਣੀਆਂ ਪੁਸਤਕਾਂ ਵਿੱਚ ਇੱਕੋ ਘਟਨਾ ਦੀਆਂ ਵੱਖ-ਵੱਖ ਤਾਰੀਖਾਂ ਲਿਖਦੇ ਹਨ। ਇਨ੍ਹਾਂ 'ਚ ਕਿਹੜੀ ਤਾਰੀਖ ਸਹੀ ਮੰਨੀ ਜਾਵੇ, ਇਸ ਵਖਰੇਵੇਂ ਦੀ ਪੜਤਾਲ ਕੀਤੀ ਤਾਂ ਇਸ ਸਿੱਟੇ 'ਤੇ ਪਹੁੰਚੇ ਕਿ ਸਿੱਖ ਇਤਿਹਾਸ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਤੇ ਹਿਜਰੀ ਕੈਲੰਡਰ ਦੀਆਂ ਤਾਰੀਖ਼ਾਂ 'ਚ ਲਿਖਿਆ ਮਿਲਦਾ ਹੈ, ਪਰ ਅੰਗਰੇਜਾਂ ਦੇ ਰਾਜ ਵੇਲੇ, ਬਹੁਤੇ ਇਤਿਹਾਸਕਾਰਾਂ ਨੇ ਅੰਗਰੇਜੀ ਤਾਰੀਖਾਂ (ਜੂਲੀਅਨ ਅਤੇ ਗਰੈ-ਗੋਰੀਅਨ) ਲਿਖਣੀਆਂ ਆਰੰਭ ਕਰ ਦਿੱਤੀਆਂ। ਇਕ ਕੈਲੰਡਰ ਤੋਂ ਦੂਜੇ ਕੈਲੰਡਰ ਵਿੱਚ, ਤਾਰੀਖਾਂ ਦੀ ਅਦਲਾ-ਬਦਲੀ ਕਰਨ ਦਾ ਕੋਈ ਠੋਸ ਸਾਧਨ ਨਾ ਹੋਣ ਕਾਰਨਗਲਤੀਆਂ ਦਰ ਗਲਤੀਆਂ ਹੁੰਦੀਆਂ ਗਈਆਂ। ਇਸ ਸਮੱਸਿਆ ਦੇ ਹੱਲ ਲਈ ਉਨ੍ਹਾਂ ਨੇ 500 ਸਾਲਾ ਜੰਤਰੀ (1469 ਈ:ਤੋਂ 2000 ਈ:) ਤਿਆਰ ਕੀਤੀ। ਜਿਸ ਦੀ ਸਹਾਇਤਾ ਨਾਲ, ਬਿਕ੍ਰਮੀ ਕੈਲੰਡਰ (ਵਦੀ-ਸੁਦੀ ਅਤੇ ਪ੍ਰਵਿਸ਼ਟੇ), ਹਿਜਰੀ ਕੈਲੰਡਰ ਅਤੇ ਅੰਗਰੇਜੀ ਕੈਲੰਡਰ ਦੀਆਂ ਤਾਰੀਖਾਂ ਅਤੇ ਦਿਨ ਦੀ ਪੜਤਾਲ ਕਰਨੀ ਸੰਭਵ ਹੋ ਗਈ।

ਸਿੱਖ ਇਤਿਹਾਸਕ ਦੇ 34 ਵਸੀਲਿਆਂ 'ਚ ਸਾਰੀਆਂ ਇਤਿਹਾਸਕ ਤਾਰੀਖਾਂ ਦੀ ਸੂਚੀ ਤਿਆਰ ਕਰਕੇ, ਉਨ੍ਹਾਂ ਦੀ ਪੜਤਾਲ ਕਰਨ ਉਪ੍ਰੰਤ ਸਿੱਖ ਇਤਿਹਾਸ ਦੀਆਂ ਸਹੀ ਤਾਰੀਖਾਂ ਦੀ ਇਕ ਸੂਚੀ ਤਿਆਰ ਕੀਤੀ। ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਨਾਲ ਕਈ ਸਾਲ ਵਿਚਾਰ ਵਟਾਂਦਰਾ ਕਰਨ ਉਪ੍ਰੰਤ 1998 ਈ: ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ। ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਸ ਕਰਨ ਉਪ੍ਰੰਤ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਾਗੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 1999 ਤੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਨਾਨਕਸ਼ਾਹੀ ਕੈਲੰਡਰ ਵਿੱਚ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ,ਅਸਲ ਪ੍ਰਵਿਸ਼ਟਿਆਂ ਮੁਤਾਬਕ ਦਰਜ ਕੀਤੇ ਗਏ ਸਨ। ਸਾਲ ਦੀ ਲੰਬਾਈ ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ"ਅਧਾਰਿਤ, ਰੁੱਤੀ ਸਾਲ ਦੇ ਬਰਾਬਰ ਰੱਖੀ ਗਈ। ਸਾਲ ਦੀ ਲੰਬਾਈ ਰੁੱਤੀ ਸਾਲ ਦੀ ਹੋਣ ਕਾਰਨ, ਇੱਕ ਵਾਰ ਨਿਸ਼ਚਿਤ ਕੀਤੇ ਪ੍ਰਵਿਸ਼ਟੇ ਹਰ ਸਾਲ ਉਨ੍ਹਾਂ ਹੀ ਤਾਰੀਖ਼ਾਂ ਨੂੰ ਆਉਣਗੇ। ਜਿਵੇਂ ਨਵਾਂ ਸਾਲ ਅਤੇ ਹੋਲਾ ਮਹੱਲਾ,ਹਰ ਸਾਲ 1 ਚੇਤ/ 14 ਮਾਰਚ, ਵੈਸਾਖੀ 1 ਵੈਸਾਖ/ 14 ਅਪ੍ਰੈਲ, ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ2 ਹਾੜ/ 16 ਜੂਨ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ11 ਮੱਘਰ/ 24 ਨਵੰਬਰ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ/ 21 ਦਸੰਬਰ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ; ਹਰ ਸਾਲ 13 ਪੋਹ/ 26 ਦਸੰਬਰ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਹਰ ਸਾਲ 23 ਪੋਹ/ 5 ਜਨਵਰੀ ਨੂੰ ਹੀ ਆਉਣਗੇ।




ਇਸ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਗੁਰਬਾਣੀ ਮੁਤਾਬਕ ਹੋਣ ਕਾਰਨ,ਗੁਰੂ ਅਰਜਨ ਸਾਹਿਬ ਜੀ ਵੱਲੋਂ ਉਚਾਰਨ ਕੀਤੀ ਗਈ ਬਾਣੀ, ਰੁੱਤੀ ਸਲੋਕ (ਰਾਮਕਲੀ ਰਾਗ) 'ਚ ਦਰਜ ਛੇ ਰੁੱਤਾਂ ਦਾ ਸਬੰਧ, ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਨਾਲ ਹਮੇਸ਼ਾ ਲਈ ਉਹੀ ਰਹਿਣਗੀਆ, ਜਿਹੜੀਆਂ ਅੱਜ ਕੱਲ੍ਹ ਦੇ ਮਹੀਨਿਆਂ 'ਚ ਚੱਲ ਰਹੀਆਂ ਹਨ ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਦਾ ਸੰਬੰਧ ਨਿਰੰਤਰ ਟੁੱਟ ਰਿਹਾ ਹੈ। ਨਾਨਕਸ਼ਾਹੀ ਕੈਲੰਡਰ ਦੀ ਐਨੀ ਸਪੱਸ਼ਟਤਾ, ਸਰਲਤਾ ਅਤੇ ਸਮਝਣ 'ਚ ਆਸਾਨ ਹੋਣ ਦੇ ਬਾਵਜੂਦ ਕੁਝ ਲੋਕਾਂ ਨੇ ਬੇਸਮਝੀ ਕਾਰਨ ਵਾਦ-ਵਿਵਾਦ ਦਾ ਵਿਸ਼ਾ ਬਣਾ ਲਿਆ ਤੇ ਇਸ 'ਤੇ ਅਮਲ ਰੋਕ ਦਿੱਤਾ ਗਿਆ। ਪੰਥਕ ਵਿਦਵਾਨਾਂ ਅਤੇ ਵੱਖ-ਵੱਖ ਜਥੇਬੰਦੀਆਂ ਦੀਆਂ ਕਈ ਮੀਟਿੰਗਾਂ ਹੋਣ ਉਪਰੰਤ ਲਏ ਫੈਸਲੇ ਤੋਂ ਬਾਅਦ 2003ਈ: 'ਚ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ।ਕੁਝ ਤਾਕਤਾਂ ਨਹੀਂ ਚਾਹੁੰਦੀਆਂ ਹਨ ਕਿ ਸਿੱਖਾਂ ਦਾ ਆਪਣਾ ਕੋਈ ਵੱਖਰਾ ਕੈਲੰਡਰ ਹੋਵੇ ਜਿਹੜਾ ਕੈਲੰਡਰ ਵਿਗਿਆਨ, ਗੁਰਬਾਣੀ ਅਤੇ ਇਤਿਹਾਸਕ ਤੱਥਾਂ 'ਤੇ ਪੂਰਾ ਉਤਰਦਾ ਹੋਵੇ। ਉਨ੍ਹਾਂ ਨੇ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਤੇ ਅੰਤ ਮਾਰਚ 2010ਈ: ਵਿੱਚ ਸੋਧਾਂ ਦੇ ਨਾਂ 'ਤੇ ਫਿਰ ਮਿਲਗੋਭਾ ਕੈਲੰਡਰ , ਸੂਰਜੀ ਬਿਕ੍ਰਮੀ (ਦ੍ਰਿਕ ਗਣਿਤ ਸਿਧਾਂਤ) ਕੌਮ ਦੇ ਸਿਰ ਮੜ੍ਹ ਦਿੱਤਾ। ਸ: ਪਾਲ ਸਿੰਘ ਜੀ ਪੁਰੇਵਾਲ ਜੀ ਨੇ 500 ਸਾਲਾਂ ਜੰਤਰੀ (1469-2000) ਦੇ ਨਾਲ-ਨਾਲ, ਹਿਜਰੀ ਕੈਲੰਡਰ (1 AH-1500 AH) ਤਿਆਰ ਕੀਤਾ। ਉਨ੍ਹਾਂ ਦੀ ਇਹ ਵੱਡ ਅਕਾਰੀ ਕਿਤਾਬ, ਪਾਕਿਸਤਾਨ 'ਚ 2007 ਈ 'ਚ ਛਪੀ। ਇਸ ਖੋਜ ਭਰਪੂਰ ਪੁਸਤਕ ਲਈ ਸ: ਪਾਲ ਸਿੰਘ ਪੁਰੇਵਾਲ ਨੂੰ 'ਜੀਵਨ ਭਰ ਦੀ ਪ੍ਰਾਪਤੀ' ਪੁਰਸਕਾਰ ਮਿਲਿਆ ਅਤੇ ਦਿਆਲ ਸਿੰਘ ਕਾਲਜ ਲਾਹੌਰ ਦੀ ਲਾਇਬਰੇਰੀ 'ਚ ਵਿਸ਼ੇਸ਼ ਤੌਰ 'ਤੇ ਪੁਰੇਵਾਲ ਕੌਰਨਰ ਬਣਾਇਆ ਗਿਆ, ਜਿਥੇ ਉਨ੍ਹਾਂ ਦੀ ਫ਼ੋਟੋ ਲੱਗੀ ਹੋਈ ਹੈ। ਅਗਸਤ 2022 ਈ: ਵਿੱਚ, ਉਨ੍ਹਾਂ ਦੀ ਨਵੀ ਕਿਤਾਬ, "Nanakshaih Calendar iwth Calendar Converison Tables for 632 Years" (1469-2100 ਈ:) ਛਪੀ ਸੀ। ਇਨ੍ਹਾਂ ਤਿੰਨਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਖੋਜ ਪੱਤਰ ਯੂਨੀਵਰਸਿਟੀਆਂ ਦੇ ਸੈਮੀਨਾਰਾਂ 'ਚ ਪੜ੍ਹੇ ਅਤੇ ਝੌਰਨਅਲਸ 'ਚ ਛਾਪੇ ਗਏ। ਨਵੀ ਛਪੀ ਕਿਤਾਬ ਨੂੰ ਜਿਉਂਦੇ ਜੀ ਉਹ ਆਪਣੇ ਅੱਖੀਂ ਵੇਖ ਤਾਂ ਗਏ, ਪਰ ਰਸਮੀ ਤੌਰ 'ਤੇ ਰੀਲੀਜ਼ਕਰਨ ਲਈ,ਕਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਵੱਲੋਂ ਸਰੀ ਵਿਖੇ ਰੱਖੇ ਸਮਾਗਮ (23 ਸਤੰਬਰ 2022 ਈ)ਤੋਂ ਇਕ ਦਿਨ ਪਹਿਲਾ, ਉਹ 22 ਸਤੰਬਰ 2022 ਦਿਨ ਵੀਰਵਾਰ ਨੂੰ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਇੱਕ ਪਾਸੇ ਇਸਲਾਮ ਜਗਤ ਹੈ, ਜਿਨ੍ਹਾਂ ਨੇ ਸ. ਪਾਲ ਸਿੰਘ ਜੀ ਪੁਰੇਵਾਲ ਦੀ ਖੋਜ ਦੀ ਕਦਰ ਕੀਤੀ, ਦੂਜੇ ਪਾਸੇ ਸਿੱਖ ਜਗਤ ਹੈ, ਜਿਸ ਦੇ ਚੌਧਰੀਆਂ ਨੇ ਸਿਆਸੀ ਹਿੱਤਾਂ ਖਾਤਰ ਸੋਧਾਂ ਦੇ ਨਾਂ ਹੇਠ ਮੁੜ (ਮਾਰਚ 2010 ਈ) ਬਿਕ੍ਰਮੀ ਕੈਲੰਡਰ (ਦ੍ਰਿਕ ਗਿਣਤ ਸਿਧਾਂਤ) ਲਾਗੂ ਕਰ ਦਿੱਤਾ।ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਮੁੱਖ ਰੱਖਿਆ ਜਾਂਦਾ ਹੈ।

# ਦੁਨੀਆਂ ਦਾ ਵਿਲੱਖਣ ਕਿਤਾਬਘਰ: ਐਕੂਆ ਐਲਟਾ



ਬਲਰਾਜ ਸਿੰਘ ਸਿੱਧੂ
00447463781695

Libreria Acqua Alta
(translated bookstore high water)

ਵੈਨਿਸ ਵਿੱਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਇੱਕ ਕਿਤਾਬਾਂ ਦੀ ਦੁਕਾਨ ਹੈ ਜਿਸਨੂੰ ਐਕੂਆ ਐਲਟਾ ਲਾਇਬ੍ਰੇਰੀਆ ਕਿਹਾ ਜਾਂਦਾ ਹੈ। ਐਕੂਆ ਐਲਟਾ ਦਾ ਇਤਾਲਵੀ ਵਿੱਚ ਅਰਥ ਪਾਣੀ ਦਾ ਚੜ੍ਹਣਾ (ਹਿਗਹ ਅਟਏਰ) ਹੁੰਦਾ ਹੈ।

ਵੈਨਿਸ ਸ਼ਹਿਰ ਪਾਣੀ ਵਿੱਚ ਬਣਿਆ ਹੋਣ ਕਰਕੇ ਅਕਸਰ ਹੀ ਇੱਥੇ ਹੜ੍ਹ ਆਉਂਦੇ ਰਹਿੰਦੇ ਹਨ। ਬਹੁਤ ਮਰਤਬਾਂ ਇਹ ਦੁਕਾਨ ਵੀ ਪਾਣੀ ਨਾਲ ਭਰ ਜਾਂਦੀ ਰਹੀ ਸੀ ਤੇ ਕਿਤਾਬਾਂ ਖਰਾਬ ਹੋ ਜਾਂਦੀਆਂ ਸਨ। ਫਿਰ ਇਸਦੇ ਮਾਲਕ ਨੇ ਪਾਣੀ ਨਾਲ ਨਜਿੱਠ ਦੀ ਇੱਕ ਤਰਕੀਬ ਸੋਚੀ। ਉਸਨੇ ਕਿਤਾਬਾਂ ਨੂੰ ਅਜਿਹੇ ਬਰਤਨਾਂ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ ਜੋ ਹੜ੍ਹ ਆਏ ਤੋਂ ਪਾਣੀ ਦੇ ਚੜ੍ਹਣ ਨਾਲ ਆਪ ਹੀ ਪਾਣੀ ਉੱਪਰ ਤਰਦੇ ਰਹਿੰਦੇ ਹਨ ਤੇ ਇੰਝ ਕਿਤਾਬਾਂ ਪਾਣੀ ਨਾਲ ਖਰਾਬ ਨਹੀਂ ਹੁੰਦੀਆਂ ਤੇ ਪਾਣੀ ਦੀ ਸਤਹਾ ਡਿੱਗਣ 'ਤੇ ਆਪਣੇ ਆਪ ਜ਼ਮੀਨ ਉੱਪਰ ਆ ਟਿੱਕ-ਦੀਆਂ ਹਨ। ਇਸ ਲਈ ਐਕੂਆ ਐਲਟਾ ਨਾਮ ਦਾ ਅਰਥ "ਉੱਚੇ ਪਾਣੀ ਦਾ ਬੁੱਕ ਸਟੋਰ" ਹੈ। ਇਸ ਦੁਕਾਨ ਨੇ ਆਪਣੀਆਂ ਕਿਤਾਬਾਂ ਨੂੰ ਬਾਥਟੱਬਾਂ, ਵਾਟਰਪਰੂਫ ਬਿਨ ਅਤੇ ਪੁਰਾਣੀ ਕਿਸ਼ਤੀ ਜਾਂ ਗੰਡੋਲਾ ਕਿਸ਼ਤੀਆਂ ਵਿੱਚ ਰੱਖ ਕੇ ਹੜ੍ਹਾਂ ਨੂੰ ਸਦਾ ਲਈ ਅਸਤੀਫਾ ਦੇ ਦਿੱਤਾ ਹੈ।

ਕੈਲੇ ਲੋਂਗਾ ਸਾਂਤਾ ਮਾਰੀਆ ਫਾਰਮੋਸਾ ਵਿਖੇ ਸਥਿਤ ਇਹ ਦੁਕਾਨ ਬਾਹਰੋਂ ਆਸਾਨੀ ਨਾਲ ਪਹਿਚਾਣੀ ਜਾ ਸਕਦੀ ਹੈ, ਕਿਉਂਕਿ, ਦਰਵਾਜ਼ੇ 'ਤੇ ਤੁਸੀਂ "ਦੁਨੀਆਂ ਦੀ ਸਭ ਤੋਂ ਸੁੰਦਰ ਕਿਤਾਬਾਂ ਦੀ ਦੁਕਾਨ ਵਿੱਚ ਤੁਹਾਡਾ ਸੁਆਗਤ ਹੈ" ਸ਼ਿਲਾਲੇਖ ਦੇਖ ਸਕਦੇ ਹੋ। ਇਸ ਕਿਤਾਬਾਂ ਦੀ ਦੁਕਾਨ ਵਿੱਚ ਸੱਜਰੀਆਂ ਪ੍ਰਕਾਸ਼ਿਤ ਕਿਤਾਬਾਂ, ਵਰਤੀਆਂ ਗਈਆਂ ਕਿਤਾਬਾਂ, ਦੁਰਲੱਭ ਖੰਡਾਂ, ਪ੍ਰਾਚੀਨ ਅਤੇ ਆਧੁਨਿਕ ਸੰਸਕਰਣਾਂ ਦੇ ਨਾਲ-ਨਾਲ ਵੈਨਿਸ ਦੇ ਥੀਮ 'ਤੇ ਇੱਕ ਵਿਆਪਕ ਅਤੇ ਵਿਭਿੰਨ ਸੰਗ੍ਰਹਿ ਦੀ ਇੱਕ ਵਿਸ਼ਾਲ ਚੋਣ, ਇਤਾਲਵੀ ਸਾਹਿਤ ਦੀਆਂ ਕਲਾਸਿਕ ਰਚਨਾਵਾਂ, ਅੰਤਰਰਾਸ਼ਟਰੀ ਨਾਵਲ, ਸਦੀਵੀ ਕਵਿਤਾਵਾਂ ਅਤੇ ਹੋਰ ਬਹੁਤ ਕੁਝ ਹੈ। ਅੰਦਰ ਵੜਦਿਆਂ ਹੀ ਤੁਸੀਂ ਕਿਤਾਬਾਂ, ਰਸਾਲਿਆਂ, ਨਕਸ਼ਿਆਂ ਅਤੇ ਹੋਰ ਸਮਾਨ ਦੇ ਨਾਲ ਪੁਰਾਣੇ ਗ੍ਰੰਥਾਂ ਦੇ ਕੰਧ ਤੋਂ ਉੱਚੇ ਢੇਰ ਦੇਖ ਸਕਦੇ ਹੋ।

ਦੁਕਾਨ ਦੇ ਪਿਛਵਾੜੇ ਵਿੱਚ ਪਾਣੀ ਨਾਲ ਖਰਾਬ ਹੋਈਆਂ ਪੁਸਤਕਾਂ ਦੀਆਂ ਪੌੜੀਆਂ ਬਣੀਆਂ ਹੋਈ ਹਨ, ਜੋ ਸੈਲਾਨੀਆਂ ਦੀ ਖਿੱਚ ਦਾ ਵੱਡਾ ਕਾਰਨ ਹੈ। ਲੋਕ ਇਹਨਾਂ ਕਿਤਾਬੀ ਪੌੜੀਆਂ ਉੱਪਰ ਚੜ੍ਹ ਕੇ ਫੋਟੋਆਂ ਖਿੱਚਵਾਉਂਦੇ ਹਨ। ਇਸ ਦੁਕਾਨ ਦਾ ਇੱਕ ਦਰਵਾਜ਼ਾ ਸਿੱਧਾ ਨਹਿਰ ਵੱਲ ਜਾਂਦਾ ਹੈ, ਜਿੱਥੇ ਇੱਕ ਪੱਕਾ ਹੀ ਗੌਂਡੋਲਾ ਖੜ੍ਹਾ ਰਹਿੰਦਾ ਹੈ। ਜਿਹੜੇ ਵਿਅਕਤੀ ਗੌਂਡੋਲੇ ਦੀ ਸੈਰ ਕਰਨ ਦੀ ਸਮਰੱਥਾ ਨਹੀਂ ਰੱਖਦੇ। ਉਹ ਇਸ ਗੰਡੋਲੇ ਵਿੱਚ ਬੈਠ ਕੇ ਆਪਣਾ ਚਾਅ ਪੂਰਾ ਕਰ ਸਕਦੇ ਹਨ ਤੇ ਫੋਟੋਆਂ ਖਿੱਚ ਸਕਦੇ ਹਨ। ਇਸ ਦੁਕਾਨ ਦਾ ਮਾਲਕ ਮਿਸਟਰ ਲੁਈਗੀ ਇੱਕ ਵੱਡੀ ਮੁਸਕਰਾਹਟ ਨਾਲ ਸਾਰਿਆਂ ਦਾ ਸਵਾਗਤ ਕਰਦਾ ਹੈ ਤੇ ਉਹ ਬਹੁਤ ਸਾਰੀਆਂ ਭਾਸ਼ਾਵਾਂ ਬੋਲ ਸਕਦਾ ਹੈ। ਇਹ ਦੁਕਾਨ ਹਰ ਰੋਜ਼ ਨੌ ਵਜੇ ਸਵੇਰ ਤੋਂ ਅੱਠ ਵਜੇ ਤੱਕ ਖੁੱਲੀ ਰਹਿੰਦੀ ਹੈ।








# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

### ਇੰਦੀ ਬਿਲਿੰਗ ਬਣੇਗਾ ਕਾਮਯਾਬ ਮੇਕਰ



ਲੋਕ ਗਾਇਕਾ ਸੁਖਵੰਤ ਸੁੱਖੀ ਆਪਣੇ ਕਰਤਾਰ ਰਮਲਾ ਨਾਲ ਗਾਏ ਗੀਤਾਂ ਲਈ ਜਾਣੀ ਜਾਂਦੇ ਰਹੇ ਹਨ। ਸੁਖਵੰਤ ਸੁੱਖੀ ਦਾ ਬੇਟਾ ਇੰਦੀ ਬਿਲਿੰਗ ਮਨੋਰੰਜਨ ਖੇਤਰ ਦਾ ਚਰਚਿਤ ਨਾਮ ਹੈ। ਉਸ ਦੇ ਪਿਤਾ ਭੁਪਿੰਦਰ ਭਿੰਦੀ ਸਫਲ ਫ਼ਿਲਮ ਐਕਟਰ ਰਹੇ ਹਨ।ਇੰਦੀ ਬਿਲਿੰਗ ਬਹੁਤ ਸਾਰੇ ਗਾਇਕਾਂ ਨੂੰ ਸੰਗੀਤ ਟਰੈਕ ਨਾਲ ਪੇਸ਼ ਕਰਨ ਦੇ ਇਲਾਵਾ ਫ਼ਿਲਮਜ਼ ਦੇ ਲਾਈਨ ਨਿਰਮਾਤਾ ਵੀ ਹਨ। ਇੰਦੀ ਬਿਲਿੰਗ ਜਿੱਥੇ ਨਵੀਂ ਫ਼ਿਲਮ ਕਰਨਗੇ ਉਥੇ ਓਹ ਗਾਇਕ ਸ਼ਮਸ਼ੇਰ ਛੀਨਾ ਦੇ ਟਰੈਕ ਵੀ ਪੇਸ਼ ਕਰ ਰਹੇ ਹਨ। ਓਹ ਨਾਮਵਰ ਸੰਗੀਤ ਪੇਸ਼ਕਾਰ ਤੇ ਫ਼ਿਲਮ ਨਿਰਮਾਤਾ ਬਣ ਬਹੁਤ ਦੂਰ ਤੱਕ ਜਾਣ ਲਈ ਸਰਗਰਮ ਹਨ। ਗੁੱਗੂ ਗਿੱਲ ਓਸ ਦੀ ਮਿਹਨਤ ਦੇ ਕਾਇਲ ਹਨ।

### ਲਾਡੀ ਬਾਜਵਾ ਨੇ ਵੀ ਖਿੱਚੀ ਤਿਆਰੀ



ਲਾਡੀ ਬਾਜਵਾ ਸੰਗੀਤਕ ਤੇ ਸੱਭਿਆਚਾਰਕ ਹਲਕਿਆਂ ਵਿੱਚ ਖਾਸ ਚਰਚਿਤ ਰਹੇ ਹਨ।ਬਬਲੀ ਬਰਾੜ, ਸਾਬਰਕੋਟੀ, ਸੁੱਖੀ ਦੇ ਸ਼ੋ ਓਹਨਾਂ ਯੂ ਐਸ ਏ ਵਿਖੇ ਕਰਵਾਏ ਹਨ। ਲਾਡੀ ਬਾਜਵਾ ਕੁੱਝ ਦੇਰ ਸ਼ਾਂਤ ਰਹੇ ਤੇ ਓਹਨਾਂ ਅਨੁਸਾਰ ਕਰੋਨਾ ਤੇ ਹੋਰ ਕੰਮ ਕਾਰ ਕਾਰਨ ਓਹਨਾਂ ਦੀ ਦੂਰੀ ਸੀ।ਇਸ ਦੌਰਾਨ ਓਹਨਾਂ ਫ਼ਿਲਮ ਬਣਾਉਣ ਦੀ ਯੋਜਨਾ ਵੀ ਬਣਾਈ। ਖੈਰ ਹੁਣ ਓਹ ਧਮਾਕੇਦਾਰ ਵਾਪਸੀ ਕਰਨ ਜਾ ਰਹੇ ਹਨ। ਓਹ ਯੂ ਐਸ ਏ ਵਿਖੇ ਗਾਇਕ ਤੇ ਪੰਜਾਬੀ ਫਿਲਮ ਨਾਇਕ ਗੁਰਨਾਮ ਭੁੱਲਰ ਦੇ ਸ਼ੋ ਕਰਵਾ ਰਹੇ ਹਨ। ਜ਼ਾਹਿਰ ਹੈ ਪੰਜਾਬੀ ਫ਼ਿਲਮ ਹੀਰੋਇਨਾਂ ਵੀ ਇਸ ਸ਼ੋ ਵਿੱਚ ਆ ਕਿ ਲਾਡੀ ਬਾਜਵਾ ਨੂੰ ਸਟਾਰ ਪ੍ਰਮੋਟਰ ਬਣਾ ਦੇਣਗੀਆਂ।

### "ਬੀਬੀ ਰਜਨੀ" ਨੇ ਕਮਾਲ ਕਰ ਦਿੱਤੀ



ਹਰ ਘਰ "ਬੀਬੀ ਰਜਨੀ" ਫ਼ਿਲਮ ਦੇਖਣ ਜਾ ਰਿਹਾ ਹੈ, ਫ਼ਿਲਮ ਖ਼ੂਬ ਚਲ ਰਹੀ ਹੈ। ਰੱਬ ਹੈ ਇਹ ਵਿਸ਼ਵਾਸ ਇਸ ਫ਼ਿਲਮ ਦਾ ਮੁੱਦਾ ਹੈ। ਅਮਰ ਹੁੰਦਲ ,ਬਲਦੇਵ ਗਿੱਲ ਦੀ ਪਰਦੇ ਪਿੱਛੇ ਤੇ ਯੋਗਰਾਜ ਸਿੰਘ, ਰੂਪੀ ਗਿੱਲ, ਜੱਸ ਬਾਜਵਾ, ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ, ਸੁਨੀਤਾ ਧੀਰ ਸਾਰੇ ਕਲਾਕਾਰ ਫ਼ਿਲਮ ਵਿਚ ਛਾਏ ਪਏ ਹਨ। ਯੋਗਰਾਜ ਸਿੰਘ ਤੇ ਰੂਪੀ ਦੁਆਲੇ ਘੁੰ-ਮਦੀ ਇਹ ਫ਼ਿਲਮ ਚਲ ਕਿ ਇਤਿਹਾਸਕ ਫ਼ਿਲਮਜ਼ ਲਈ ਰਸਤੇ ਖੋਹਲ ਗਈ ਹੈ। ਵਿਦੇਸ਼ਾਂ ਵਿੱਚ ਵੀ ਇਸ ਫ਼ਿਲਮ ਦੀ ਬੱਲੇ ਬੱਲੇ ਹੈ। "ਬੀਬੀ ਰਜਨੀ" ਸਾਲ ਦੀ ਸੁਪਰ ਹਿਟ ਫਿਲਮ ਕਹੀ ਜਾ ਸਕਦੀ ਹੈ। ਗੀਤ, ਸੰਗੀਤ, ਕਹਾਣੀ ਤੇ ਪਾਤਰ ਅਭਿਨੈ ਹਰ ਪੱਖ ਤੋਂ ਫ਼ਿਲਮ ਵਧੀਆ ਹੈ।

### ਜਸਮੇਰ ਢੱਟ ਲੱਭ ਕਿ ਲਿਆ 24 ਦੀ ਸਭ ਤੋਂ ਸੋਹਣੀ




ਆਸਟ੍ਰੇਲੀਆ ਇਸ ਵਾਰ ਗਵਾਹ ਬਣੇਗਾ ਹੁਸਨ ਦਾ ਜਿੱਥੇ ਜਸਮੇਰ ਸਿੰਘ ਢੱਟ ਦੁਆਰਾ "ਮਿਸ ਪੰਜਾਬਣ 24" ਲੱਭੀ ਜਾਣੀ ਹੈ। ਨੀਰੂ ਵਿਰਕ ਨਾਲ ਓਹਨਾਂ ਦੇ ਇਹ ਲੱਭ ਲਿਆ ਰਹੀ ਹੈ। ਪੰਜਾਬਣ ਕੁੜੀਆਂ 18 ਤੋਂ ਉੱਪਰ ਦੀਆਂ ਕਿਤੇ ਦੀਆਂ ਵੀ ਕਰਨ ਪ੍ਰਵੇਸ਼ ਦਾਖਲਾ ਫਰੀ ਹੈ। ਜਸਮੇਰ ਢੱਟ ਦੀਆਂ ਚੁਣੀਆਂ ਸੋਹਣੀਆਂ ਕੁੜੀਆਂ ਸਿੱਧੀਆਂ ਫਿਲਮੀ ਦੁਨੀਆਂ ਰਾਜ ਕਰਦੀਆਂ ਹਨ। ਜਪਜੀ ਖੈਹਰਾ ਮਿਸਾਲ ਹੈ। ਸੁੰਦਰਤਾ ਦਾ ਜੌਹਰੀ ਤੇ ਸੁਨਿਆਰਣ ਸੁਹੱਪਣ ਦੀ ਨੀਰੂ ਵਿਰਕ ਦੇ "ਸੋਹਣੀਆਂ ਸੂਰਤਾਂ" ਦੇ ਇਸ ਸ਼ੋ ਲਈ ਸ਼ੁਭ ਕਾਮਨਾਵਾਂ।

### ਮਹਿਕ ਸ਼ਰਮਾ ਦੀ ਮਹਿਕ



"ਰਾਣੋ ਦੂਜੀ" ਨੇ ਲਈ ਮਹਿਕ ਸ਼ਰਮਾ ਪੰਜਾਬ ਦੀ ਟੋਪ ਮਾਡਲ ਹੈ ਤੇ ਇਸ ਦੀ ਫਿੱਟਨੈੱਸ ਕਮਾਲ ਹੈ। ਬਿੱਟੂ ਮਾਨ ਦੀ "ਰਾਣੋ" ਓ ਟੀ ਟੀ ਤੇ ਮਹਿਮੂਦ ਅਲੀ ਨੇ ਜ਼ਾਰੀ ਕੀਤੀ ਸੀ।ਮਹਿਕ ਓਸ ਦੀ ਨਾਇਕਾ ਸੀ ਤੇ ਹੁਣ ਇਸ ਦਾ ਦੂਜਾ ਹਿੱਸਾ ਆਇਆ ਹੈ। ਬਿੱਟੂ ਮਾਨ ਦੇ ਨਾਲ ਬਲਵਿੰਦਰ ਕੁਮਾਰ ਦਾ ਆਸਰਾ ਹੈ। ਮਹਿਕ ਆਖਦੀ ਹੈ ਕਿ ਸਾਡੀ ਇਹ ਫ਼ਿਲਮ ਪੱਕੀ ਚਲੇਗੀ। ਮਹਿਕ ਨੇ ਪੂਜਾ ਕੌਸ਼ਲ , ਗੁਰੀ, ਚਾਚਾ ਬਿਸ਼ਨਾ ਨਾਲ ਫ਼ਿਲਮ ਕੀਤੀ ਹੈ। ਮਹਿਕ ਨੇ ਜੇ ਜੇ ਪ੍ਰੋਡਕਸ਼ਨ ਹਾਊਸ ਦੀ ਇਸ ਫ਼ਿਲਮ ਨੂੰ ਟੋਪ ਦੀ ਫ਼ਿਲਮ ਕਿਹਾ ਹੈ ਤੇ ਮਹਿਕ ਨੂੰ ਇਸ ਦਾ ਸਿੱਧਾ ਲਾਭ ਓਹ ਵੱਡੀਆਂ ਫ਼ਿਲਮਾਂ ਕਰੇਗੀ।

### ਸ਼ਗਨਦੀਪ ਸਿੰਘ ਪਵਾਰ ਦੀ ਐਂਕਰਿੰਗ



ਨੌਜਵਾਨ ਐਂਕਰ ਸ਼ਗਨਦੀਪ ਸਿੰਘ ਪਵਾਰ ਨੇ ਦਰਅਸਲ ਮਾਡਲਿੰਗ ਤੇ ਟਿਕ ਟੋਕ ਤੋਂ ਸ਼ੌਂਕੀਆ ਕੈਰੀਅਰ ਸ਼ੁਰੂ ਕੀਤਾ ਪਰ ਕੁੱਝ ਮੇਲਿਆਂ ਤੇ ਸਟੇਜ ਸੰਚਾਲਨ, ਵੀਡਿਓ ਗੀਤ ਅਚਾਨਕ ਮਿਲਣ ਤੇ ਐਕਟਿੰਗ ਨੇ ਓਸ ਨੂੰ ਇਹ ਖੇਤਰ ਗੰਭੀਰਤਾ ਨਾਲ ਲੈਣ ਲਈ ਮਹਿਸੂਸ ਕਰਵਾਇਆ ਹੈ। ਸ਼ਗਨ ਆਪਣਾ ਰੋਲ ਮਾਡਲ ਅਭਿਨੇਤਾ ਯੋਗਰਾਜ ਸਿੰਘ ਨੂੰ ਮੰਨਦੇ ਹਨ। ਓਹ ਯੋਗਰਾਜ ਸਿੰਘ ਕ੍ਰਿਕਟ ਅਕੈਡਮੀ ਵਿੱਚ ਖੇਡ ਦੇ ਵੀ ਰਹੇ ਹਨ। ਆ ਰਹੇ ਵਕਤ ਵਿੱਚ ਕ੍ਰਿਕਟ ਦੇ ਨਾਲ ਹੋ ਸਕਦਾ ਹੈ ਐਂਕਰਿੰਗ ਤੇ ਮਾਡਲਿੰਗ ਦੋਵਾਂ ਵਿੱਚ ਓਹ ਸਰਗਰਮੀ ਨਾਲ ਹਿੱਸਾ ਲੈਣ ਤੇ ਯੋਗਰਾਜ ਸਿੰਘ ਨੇ ਵੀ ਕਿਹਾ ਹੈ ਕਿ ਹਰ ਚੀਜ਼ ਨੂੰ ਤੁਰੰਤ ਫਾਲੋ ਕਰ ਲੈਣ ਦੀ ਖੂਬੀ ਓਸ ਨੂੰ ਟੀਵੀ ਤੇ ਫ਼ਿਲਮਾਂ ਦੇ ਨਾਲ ਮਨੋਰੰਜਨ ਸੰਸਾਰ ਵਿੱਚ ਨਵਾਂ ਰਾਹ ਦਿਖਾਏਗੀ।

## ਸਫ਼ਲ ਨਿਰਦੇਸ਼ਕ, ਕਲਾਕਾਰ ਪਤੀ ਪਤਨੀ- ਰਿਹਾਨਾ ਭੱਟੀ ਤੇ ਮਨੋਹਰ ਧਾਰੀਵਾਲ

ਵਕਤ ਨਾਲ ਬਹੁਤ ਕੁੱਝ ਬਦਲ ਜਾਂਦਾ ਹੈ, ਸੋਚਿਆ ਹੋਰ ਹੁੰਦਾ ਹੈ ਹੋ ਹੋਰ ਜਾਂਦਾ ਹੈ ਪਰ ਸਿਆਣੇ ਆਖਦੇ ਨੇ ਰੱਬ ਸੋਹਣਾ ਜਿਹੜਾ ਕੁੱਝ ਕਰਦਾ ਚੰਗਾ ਹੀ ਕਰਦਾ ਹੈ। ਹੁਣ ਰਿਹਾਨਾ ਭੱਟੀ ਜਿਹੜੀ ਇਸ ਵੇਲੇ ਪੰਜਾਬ ਦੀ ਚੋਟੀ ਦੀ ਗਾਇਕਾ ਤੇ ਦੋਗਾਣਾ ਗਾਇਕਾ ਬਣ ਉੱਭਰੀ ਹੈ ਤੇ ਮਨੋਹਰ ਧਾਰੀਵਾਲ ਜਿਹੜੇ ਗਾਇਕ ਦੇ ਨਾਲ ਨਾਲ ਪੰਜ ਸੱਤ ਸਾਲ ਵਿੱਚ ਕਾਮਯਾਬ ਟੀਵੀ ਪ੍ਰੋਗਰਾਮਾਂ ਦੇ ਨਿਰਦੇਸ਼ਕ ਤੇ ਨਿਰਮਾਤਾ ਬਣੇ ਹਨ, ਦੋਵਾਂ ਸੋਚਿਆ ਹੀ ਨਹੀਂ ਸੀ ਕਿ ਕਦੇ ਇੱਕਠੇ ਗਾਉਣਗੇ, ਟੀਵੀ ਤੇ ਕੰਮ ਕਰਨਗੇ ਤੇ ਫ਼ਿਰ ਦੋਵੇਂ ਪਤੀ ਪਤਨੀ ਬਣ ਨਿੱਜੀ ਜਿੰਦਗੀ ਤੇ ਕਿੱਤੇ ਵਾਲੀ ਜ਼ਿੰਦਗੀ ਖੁਸ਼ਹਾਲ ਬਤੀਤ ਕਰਨਗੇ। ਰਿਹਾਨਾ ਭੱਟੀ ਹੋਸ਼ਿਆਰਪੁਰ ਨਾਲ ਸੰਬੰਧਿਤ ਹਨ ਤੇ ਪਿਤਾ ਬਲਰਾਮ ਭੱਟੀ ਤੇ ਮਾਤਾ




ਮੰਜੂ ਭੱਟੀ ਦੇ ਬੇਟੀ ਹਨ ਜਿਹਨਾਂ ਕੋਰਸ ਫੈਸ਼ਨ ਡਿਜ਼ਾਈਨਰ ਦਾ ਕੀਤਾ ਪਰ ਗਲਾ ਹਰਕਤ ਗਾਉਣ ਦੀ ਕਰਦਾ ਸੀ ਲਿਹਾਜ਼ਾ ਪ੍ਰੋਫੈਸਰ ਭੁਪਿੰਦਰ ਸਿੰਘ ਸਰਗਮ ਸੰਗੀਤ ਕਲਾ ਕੇਂਦਰ ਜਲੰਧਰ ਦੇ ਸ਼ਾਗਿਰਦਾ ਬਣ ਹੋਰ ਗਾਇਕੀ ਵਿੱਚ ਪ੍ਰਪੱਕ ਹੋਏ। ਰਿਹਾਨਾ ਦੀ ਸੂਰਤ, ਨਕਸ਼ ਤੇ ਸਰੀਰਕ ਭਾਸ਼ਾ ਸੋਹਣੀ ਹੋਣ ਕਾਰਨ ਸਟੇਜ ਤੇ ਜਚਣਾ ਤੇ ਅੱਜ ਕਲ ਗਾਉਣ ਸੁਣਨ ਦੇ ਨਾਲ ਦੇਖਣ ਵਾਲੀ ਚੀਜ਼ ਤੇ ਵੀ ਖਰੇ ਉਤਰਦੇ ਹਨ। ਅੱਗੇ ਰਿਹਾਨਾ ਦੀਆਂ ਪ੍ਰਾਪਤੀਆਂ ਤੋ ਪਹਿਲਾਂ ਓਹਨਾਂ ਦੇ ਪਤੀ ਮਨੋਹਰ ਧਾਰੀਵਾਲ ਬਾਬਤ ਜਾਣਕਾਰੀ ਤਾਂ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਕੋਲ ਪਿੰਡ ਕੋਟ ਸੰਤੋਖ ਰਾਏ ਨਾਲ ਸੰਬੰਧ ਹੈ। ਗਾਇਕ ਚਮਨ ਲਾਲ ਗੁਰਦਾਸਪੁਰ ਦੇ ਲੜ੍ਹ ਲੱਗ ਸੰਗੀਤ ਤੇ ਗਾਇਕੀ ਵਿੱਚ ਸਿੱਖ ਕਿ ਆਏ ਮਨੋਹਰ ਧਾਰੀਵਾਲ ਨੇ, "ਪੀਲੇ ਪੀਲੇ ਲਹਿੰਗੇ ਵਾਲੀਏ" ਟੇਪ ਨਾਲ ਆਗਾਜ਼ ਕੀਤਾ। ਗਾਇਕ ਦੇ ਨਾਲ ਐਕਟਿੰਗ ਕੀਤੀ ਤੇ "ਜਿਲਣ" "ਤੇਰੀ ਮੇਰੀ ਇੱਕ ਜ਼ਿੰਦ" "ਉੱਡ ਉੱਡ" ਤੇ "ਹਲਾਤ" ਵਿੱਚ ਕੰਮ ਕਰਦੇ ਕਰਦੇ ਓਹ ਗਾਇਕ ਤੇ ਅਭਿਨੇਤਾ ਵਜੋਂ ਪ੍ਰਸਿੱਧ ਹੋਏ ਤੇ ਸਿੰਗਲ ਗੀਤ ਉਹਨਾਂ ਦੇ ਆਓਂਦੇ ਰਹੇ।ਦੂਜੇ ਪਾਸੇ ਰਿਹਾਨਾ ਭੱਟੀ ਨੇ ਸੈਂਕੜੇ ਗੀਤ ਗਾ ਲਏ ਹਨ। "ਹੱਕ" ਗੀਤ ਤੋਂ "ਚੂੜੀਆਂ" "ਸੋਚ" "ਪਾਹੁਲ" ਤੇ "ਹਾਣੀ" ਗੀਤਾਂ ਨਾਲ ਓਹਨਾਂ ਦਾ ਸੰਗੀਤ ਸੰਸਾਰ ਵਿੱਚ ਪੂਰਾ ਨਾਮ ਬਣਿਆ ਹੈ। ਮਲਕੀਤ ਧੀਰਪੁਰ, ਦੀਪ ਮੰਗਲੀ, ਪੰਛੀ ਡੱਲੇਵਾਲ ਦੇ ਲਿਖੇ ਗੀਤ ਰਿਹਾਨਾ ਦੀ ਆਵਾਜ਼ ਵਿੱਚ ਹਿੱਟ ਹੋਏ ਹਨ। ਅਨੇਕਾਂ ਹੋਰ ਗੀਤ ਰਿਹਾਨਾ ਨੇ ਗਾਏ ਨੇ ਤੇ ਹੁਣੇ ਦਰਸ਼ਨ ਬਿੱਲਾ ਨਾਲ ਦੋਗਾਣਾ "ਸਰਪੰਚੀ " ਆਇਆ ਹੈ। ਰਿਹਾਨਾ ਭੱਟੀ ਆਖਦੇ ਨੇ ਸੂਫ਼ੀ ਤੇ ਲੋਕ ਗੀਤ ਓਸ ਦੀ ਗਾਇਕੀ ਦਾ ਅਧਾਰ ਹੈ ਤੇ ਹੁਣ ਓਹ ਸੁਦੇਸ਼ ਕੁਮਾਰੀ, ਗੁਰਲੇਜ਼ ਅਖਤਰ ਤੇ ਮਿਸ ਪੂਜਾ ਦੀ ਤਰਾਂ ਵੱਖ ਵੱਖ ਕਲਾਕਾਰਾਂ ਨਾਲ ਗੀਤ ਦੋਗਾਣੇ ਰਿਕਾਰਡ ਕਰਵਾ ਵਿਸ਼ਵ ਦੀ ਨੰਬਰ ਇੱਕ ਪੰਜਾਬੀ ਗਾਇਕਾ ਬਣ ਦਿਖਾਉਣ ਲਈ ਸਰਗਰਮ ਹਨ। ਗੱਲ ਮਨੋਹਰ ਧਾਰੀਵਾਲ ਦੀ ਤਾਂ ਓਹ ਹੁਣ ਗਾਇਕੀ ਦੇ ਨਾਲ ਜਿਆਦਾ ਧਿਆਨ ਟੀਵੀ ਪ੍ਰੋਗਰਾਮ ਬਣਾਉਣ ਵੱਲ ਦੇ ਰਹੇ ਹਨ।

ਪੰਜ ਸੱਤ ਸਾਲ ਤੋਂ ਓਹ ਡੀ ਡੀ ਪੰਜਾਬੀ ਲਈ ਨਵੇਂ ਸਾਲ ਦੇ ਰੰਗਾ ਰੰਗ ਪ੍ਰੋਗਰਾਮ, ਠੁਮਕੇ ਤੇ ਠੁਮਕਾ, ਬਣਾ ਰਹੇ ਹਨ। ਹਰ ਸਾਲ ਓਹਨਾਂ ਦਾ ਟੀਵੀ ਪ੍ਰੋਗਰਾਮ ਕਾਮਯਾਬ ਰਹਿੰਦਾ ਹੈ। ਮਨੋਹਰ ਧਾਰੀਵਾਲ ਆਖਦੇ ਨੇ ਹੁਣ ਕੋਸਿਸ਼ ਹੈ ਕਿ ਰਿਹਾਨਾ ਭੱਟੀ ਵੱਖ ਵੱਖ ਨਾਮਵਰ ਕਲਾਕਾਰਾਂ ਨਾਲ ਗਾ ਕਿ ਵਿਸ਼ਵ ਪੱਧਰ ਦੀ ਪੰਜਾਬਣ ਗਾਇਕਾ ਬਣਨ ਤੇ ਓਹ ਇਸ ਯੋਜਨਾ ਲਈ ਆਪਣਾ ਪੂਰਾ ਸਹਿਯੋਗ ਦੇਣ ਤੇ ਨਾਲ ਹੀ ਟੀਵੀ ਸੀਰੀਅਲ, ਸ਼ੋਰਟ ਫ਼ਿਲਮਾਂ ਦੇ ਨਿਰਦੇਸ਼ਕ ਬਣ ਕਲ ਨੂੰ ਪੰਜਾਬੀ ਫ਼ਿਲਮਾਂ ਤੱਕ ਪਹੁੰਚ ਜਾਣ। ਪਤੀ ਪਤਨੀ ਦੀ ਇਹ ਕਲਾਕਾਰ ਜੋੜੀ ਜਿੰਨੀ ਮਿਹਨਤ ਕਰ ਰਹੀ ਹੈ ਤੇ ਕਾਮਯਾਬੀ ਪ੍ਰਾਪਤ ਕਰ ਰਹੀ ਹੈ ਆਓਂਦੇ ਸਾਲ ਤੱਕ ਲੱਗਦਾ ਆਪਣੇ ਮੰਤਵਾਂ ਨੂੰ ਪੂਰਾ ਕਰ ਸਟਾਰ ਕਲਾਕਾਰ ਜੋੜੀ ਹੋਏਗੀ।

**– ਅੰਮ੍ਰਿਤ ਪਵਾਰ**

# ਪੁਸਤਕ ਸਮੀਖਿਆ

**ਜੰਗਲ ਬੇਲੇ ਦੀਆਂ ਬਾਤਾਂ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਹਾਣੀਕਾਰ: ਸਾਬੀ ਈਸਪੁਰੀ,**
**ਪ੍ਰਕਾਸ਼ਕ: ਬਸੰਤ ਸੁਹੇਲ ਪਬਲੀਕੇਸ਼ਨ ਫਗਵਾੜਾ,**
**ਪੰਨੇ: 19 , ਮੁੱਲ: 100 ਰੁਪਏ**




ਸਾਬੀ ਈਸਪੁਰੀ ਪਿਛਲੇ ਇੱਕ ਦਹਾਕੇ ਤੋਂ ਤਨੀਸ਼ਾ ਬਾਲ ਪੁਸਤਕ ਲੜੀ ਨਾਲ ਬਾਲ ਸਾਹਿਤ ਜਗਤ ਵਿੱਚ ਨਿਗਰ ਯੋਗਦਾਨ ਪਾ ਰਿਹਾ ਹੈ। ਉਹ ਇੱਕੋ ਵੇਲੇ ਅਧਿਆਪਕ, ਕਵੀ, ਗਾਇਕ, ਗੀਤਕਾਰ, ਪ੍ਰਕਾਸ਼ਕ, ਖੋਜੀ, ਸੰਪਾਦਕ ਅਤੇ ਪਤਾ ਨਹੀਂ ਹੋਰ ਕਿੰਨਾਂ ਕੁਝ ਕਰੀ ਜਾ ਰਿਹਾ ਹੈ। ਕਦੀ ਉਹ ਸਟੇਜ ਤੇ ਭੇਟਾਂ ਗਾਉਂਦਾ ਮਿਲਦਾ ਹੈ ਤੇ ਕਦੀ ਉਹ ਪਹਾੜਾਂ ਵਿੱਚ ਰੋਮਾਂਟਿਕ ਗੀਤ ਫਰਮਾਉਂਦਾ ਦਿਖਾਈ ਦਿੰਦਾ ਹੈ।ਤੁਸੀਂ ਹੈਰਾਨ ਹੋਵੋਗੇ ਕਿ ਇਸ ਸਾਲ ਉਸ ਦੀਆਂ 14 ਪੁਸਤਕਾਂ ਬਾਲ ਹਾਇਕੂ ਦੇ ਵੰਨ ਸੁਵੰਨੇ ਰੰਗਾਂ ਤੇ ਪ੍ਰਕਾਸ਼ਿਤ ਹੋਈਆਂ ਹਨ। ਇਸ ਖੇਤਰ ਵਿੱਚ ਉਹ ਦਿਨ ਰਾਤ ਕਾਰਜਸ਼ੀਲ ਹੋਣ ਕਰਕੇ ਆਲੇ ਦੁਆਲੇ ਦੀ ਪਰਵਾਹ ਨਹੀਂ ਕਰਦਾ। ਆਪਣੀ ਹੀ ਧੁਨ ਵਿੱਚ ਰਮਿਆ ਰਹਿੰਦਾ ਹੈ। ਸ਼ਾਇਦ ਇਸੇ ਕਰਕੇ ਇੰਨਾ ਕਾਰਜ ਕਰਨ ਵਿੱਚ ਸਫ਼ਲ ਹੋਇਆ ਹੈ।

ਹਥਲੀ ਪੁਸਤਕ 'ਜੰਗਲ ਬੇਲੇ ਦੀਆਂ ਬਾਤਾਂ' ਉਸ ਦਾ ਪਹਿਲਾ ਬਾਲ ਕਹਾਣੀ ਸੰਗ੍ਰਹਿ ਹੈ। ਰੰਗਦਾਰ ਪੰਨਿਆਂ ਤੇ ਚਿੱਤਰਾਂ ਸਮੇਤ ਪ੍ਰਕਾਸ਼ਿਤ ਕੀਤੀ ਇਸ ਪੁਸਤਕ ਵਿੱਚ ਉਸ ਦੀਆਂ ਨੌ ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਦਾ ਪਾਠ ਕਰਦਿਆਂ ਸਾਨੂੰ ਜੰਗਲ ਬੇਲਿਆਂ ਦੀ ਮਹਾਨਤਾ ਦਾ ਗਿਆਨ ਹੁੰਦਾ ਹੈ। ਜਾਨਵਰ ਅਤੇ ਪੰਛੀ ਪਾਤਰ ਮਨੁੱਖ ਨੂੰ ਇਨਸਾਨੀਅਤ ਦਾ ਪਾਠ ਸਿਖਾਉਂਦੇ ਪ੍ਰਤੀਤ ਹੁੰਦੇ ਹਨ।ਸਵੇਰ ਦੀ ਸੈਰ ਵਿੱਚ ਕੁਦਰਤੀ ਵਾਤਾਵਰਣ ਨੂੰ ਦ੍ਰਿਸ਼ਟੀ ਮਾਨ ਕੀਤਾ ਗਿਆ ਹੈ। ਇਸ ਮੌਕੇ ਦਾ ਲਾਭ ਸਰੀਰ ਅਤੇ ਮਨ ਵਾਸਤੇ ਬਹੁਤ ਜ਼ਰੂਰੀ ਹੈ। ਜਿਸ ਬਾਰੇ ਸਾਨੂੰ ਜੰਗਲੀ ਜਾਨਵਰ ਸੁਚੇਤ ਕਰਦੇ ਹਨ। ਇਸੇ ਤਰ੍ਹਾਂ ਹੋਰ ਕਹਾਣੀਆਂ ਵਿੱਚ ਮਨੁੱਖ ਦੇ ਦਰਪੇਸ਼ ਸਮੱਸਿਆਵਾਂ ਦੇ ਕਾਰਨ ਅਤੇ ਹੱਲ ਦਰਸਾਏ ਗਏ ਹਨ। ਚਾਹ ਦਾ ਕੱਪ ਕਹਾਣੀ ਇਸ ਪੁਸਤਕ ਦਾ ਸਿਖਰ ਸਿਰਜਦੀ ਹੈ। ਸਾਡੇ ਸੱਭਿਆਚਾਰ ਦਾ ਅੰਗ ਬਣ ਚੁੱਕਿਆ ਚਾਹ ਦਾ ਕੱਪ ਕਈ ਬਿਮਾਰੀਆਂ ਦਾ ਕਾਰਨ ਬਣਦਾ ਹੈ। ਕਾਂ ਤੇ ਚਿੜੀ ਦੁਆਰਾ ਕੀਤਾ ਸਰਵੇ ਇਹ ਸਾਬਿਤ ਕਰਦਾ ਹੈ ਕਿ ਸਾਰੇ ਪੁਆੜੇ ਚਾਹ ਦੇ ਕੱਪ ਦੇ ਹਨ। ਬਚਪਨ ਵਿੱਚ ਨਿੱਕੇ ਨਿੱਕੇ ਕਤੂਰੀਆਂ ਅਤੇ ਕੱਟੇ ਵੱਛਿਆਂ ਨਾਲ ਬੱਚਿਆਂ ਦਾ ਪਿਆਰ ਤੂੜੀ ਦੇ ਕੁੱਪ ਕਹਾਣੀ ਵਿੱਚ ਦਿਖਾਇਆ ਗਿਆ ਹੈ। ਪੁਸਤਕ ਵਿੱਚ ਦਰਜ ਕਹਾਣੀਆਂ ਸਵੇਰ ਦੀ ਸੈਰ, ਸਿਆਣਾ ਬਾਂਦਰ, ਖਜੂਰ ਤੇ ਕਾਂ, ਚਾਹ ਦਾ ਕੱਪ, ਉਦਾਸ ਬੋਹੜ, ਮੀਹ, ਹਾਥੀ ਦੇ ਦੰਦ, ਤੂੜੀ ਦਾ ਕੁੱਪ ਅਤੇ ਮੱਛਰ ਅਲਬੇਲਾ ਸਾਰੀਆਂ ਕਹਾਣੀਆਂ ਬੱਚਿਆਂ ਲਈ ਪ੍ਰੇਰਨਾਦਾਇਕ ਹਨ। ਇਹਨਾਂ ਕਹਾਣੀਆਂ ਰਾਹੀਂ ਨੈਤਿਕਤਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਗਿਆ ਹੈ। ਬਾਲ ਪਾਠਕ ਬੜੀ ਰੁਚੀ ਨਾਲ ਇਹ ਕਹਾਣੀਆਂ ਪੜ੍ਹਦੇ ਅਤੇ ਮਾਣਦੇ ਹਨ। ਇਸ ਪਹਿਲੇ ਕਹਾਣੀ ਸੰਗ੍ਰਹਿ ਲਈ ਸਾਬੀ ਈਸਪੁਰੀ ਨੂੰ ਢੇਰ ਸਾਰੀਆਂ ਮੁਬਾਰਕਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# NSB Insurance

# NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

| | |
|---|---|
| HEALTH INSURANCE | RETIREMENT |
| LIFE INSURANCE | COLLEGE PLANNING |
| LONG TERM CARE INS | AUTO * HOME |
| FUNERAL EXPENSE | BUSINESS |

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

# Dil Nijjar REALTOR ®

CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

# Raja SWEETS & CATERING

AUTHORIZED CATERER FOR
MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders




CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ




## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



# KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138